ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 No. 474 July 21, 2025 E-mail : info@pardestimes.com Ph 510-938-7771

## ਅਮਰੀਕਾ ਤੋਂ ਹੁਣ ਤੱਕ 1563 ਭਾਰਤੀ ਹੋਏ ਡਿਪੋਰਟ

ਨਵੀਂ ਦਿੱਲੀ- ਭਾਰਤੀਵਿਦੇਸ਼ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ 20 ਜਨਵਰੀ 2025 ਤੋਂ ਹੁਣ ਤੱਕ ਲਗਭਗ 1563 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਹੈ। ਇਸ ਦਿਨ ਡੋਨਲਡ ਟਰੰਪ ਨੇ ਦੂਜੇ ਕਾਰਜਕਾਲ ਲਈ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਿਆ ਸੀ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਮੀਡੀਆ ਨੂੰ ਦਿੱਤੀ ਹਫ਼ਤਾਵਾਰੀ ਜਾਣਕਾਰੀ ਦੌਰਾਨ ਦੱਸਿਆ, ''ਇਸ ਸਾਲ 20 ਜਨਵਰੀ ਤੋਂ



ਕੱਲ੍ਹ ਤੱਕ ਲਗਪਗ 1563 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਹੈ। ਇਨ੍ਹਾਂ 'ਚੋਂ ਜ਼ਿਆਦਾਤਰ ਭਾਰਤੀ ਨਾਗਰਿਕ ਕਮਰਸ਼ੀਅਲ ਉਡਾਣਾਂ ਰਾਹੀਂ ਆਏ ਹਨ।'' ਵਾਸ਼ਿੰਗਟਨ ਵਿਚ ਬਾਲ ਪੋਰਨੋਗ੍ਰਾਫੀ ਰੱਖਣ ਦੇ ਦੋਸ਼ ਹੇਠ ਭਾਰਤੀ ਨਾਗਰਿਕ ਦੀ ਗ੍ਰਿਫ਼ਤਾਰੀ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਜੈਸਵਾਲ ਨੇ ਕਿਹਾ, ''ਇਹ ਕਾਨੂੰਨ ਵਿਵਸਥਾ ਦੇ ਮਾਮਲੇ ਹਨ। ਅਸੀਂ ਵਿਦੇਸ਼ ਜਾਣ ਵਾਲੇ ਭਾਰਤੀ ਨਾਗਰਿਕਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਨੂੰ ਸਥਾਨਕ ਕਾਨੂੰਨਾਂ, ਦਿਸ਼ਾ-ਨਿਰਦੇਸ਼ਾਂ ਅਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।'' ਇਕ ਹੋਰ ਮਾਮਲੇ ਵਿੱਚ ਇਸੇ ਸੁਨੇਹੇ ਨੂੰ ਦੁਹਰਾਉਂਦੇ ਹੋਏ ਉਨ੍ਹਾਂ ਅਮਰੀਕਾ ਵਿੱਚ ਇਕ ਭਾਰਤੀ ਸੈਲਾਨੀ ਦੀ ਕਥਿਤ ਤੌਰ 'ਤੇ ਦੁਕਾਨ 'ਚੋਂ ਚੋਰੀ ਕਰਨ ਦੇ ਦੋਸ਼ ਹੇਠ ਹੋਈ ਗ੍ਰਿਫ਼ਤਾਰੀ ਦਾ ਹਵਾਲਾ ਦਿੱਤਾ।

ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਭਾਰਤੀ ਯਾਤਰੀਆਂ ਲਈ ਮੰਤਰਾਲੇ ਦੀ ਲਗਾਤਾਰ ਜਾਰੀ ਐਡਵਾਈਜ਼ਰੀ ਨੂੰ ਦੁਹਰਾਇਆ। ਉਨ੍ਹਾਂ ਕਿਹਾ, ''ਵਿਦੇਸ਼ ਜਾਣ ਵਾਲੇ ਸਾਡੇ ਸਾਰੇ ਲੋਕਾਂ ਨੂੰ ਸਾਡੀ ਲਗਾਤਾਰ ਇਹੀ ਅਪੀਲ ਹੈ ਕਿ ਉਹ ਉਸ ਦੇਸ਼ ਦੇ ਕਾਨੂੰਨ-ਵਿਵਸਥਾ ਦੀ ਪਾਲਣਾ ਕਰਨ ਅਤੇ ਆਪਣੇ ਦੇਸ਼ ਦਾ ਵਧੀਆ ਅਕਸ ਬਣਾਉਣ।''

### ਹਮਲਾ ਅਤੇ ਚੋਰੀ ਕਰਨ 'ਤੇ ਰੱਦ ਹੋ ਸਕਦੈ ਵੀਜ਼ਾ

ਭਾਰਤ 'ਚ ਅਮਰੀਕੀ ਸਫ਼ਾਰਤਖਾਨੇ ਨੇ ਕਿਹਾ ਹੈ ਕਿ ਉਨ੍ਹਾਂ ਦੇ ਮੁਲਕ 'ਚ ਹਮਲਾ, ਚੋਰੀ ਜਾਂ ਹੋਰ ਕੋਈ ਜੁਰਮ ਕਰਨ ਦੇ ਦੋਸ਼ੀਆਂ ਲਈ ਨਾ ਸਿਰਫ਼ ਕਾਨੂੰਨੀ ਦਿੱਕਤਾਂ ਹੋਣਗੀਆਂ ਸਗੋਂ ਉਨ੍ਹਾਂ ਦਾ ਵੀਜ਼ਾ ਵੀ ਰੱਦ ਕੀਤਾ ਜਾ ਸਕਦਾ ਹੈ। ਅਜਿਹੇ ਵਿਅਕਤੀ ਭਵਿੱਖ 'ਚ ਅਮਰੀਕੀ ਵੀਜ਼ੇ ਦੇ ਅਯੋਗ ਠਹਿਰਾਏ ਜਾ ਸਕਦੇ ਹਨ। ਇਹ ਸਖ਼ਤ ਚਿਤਾਵਨੀ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਉਸ ਵੀਡੀਓ ਦੇ ਮੱਦੇਨਜ਼ਰ ਆਈ ਹੈ, ਜਿਸ 'ਚ ਕਥਿਤ ਤੌਰ 'ਤੇ ਦਿਖਾਈ ਦੇ ਰਿਹਾ ਹੈ ਕਿ ਇਕ ਭਾਰਤੀ ਮਹਿਲਾ ਨੂੰ ਪੁਲੀਸ ਅਧਿਕਾਰੀਆਂ ਨੇ ਇਸ ਲਈ ਹਿਰਾਸਤ 'ਚ ਲੈ ਲਿਆ ਕਿਉਂਕਿ ਉਸ ਨੇ ਕਥਿਤ ਤੌਰ 'ਤੇ ਅਮਰੀਕਾ ਦੇ ਇਕ ਸਟੋਰ 'ਚੋਂ ਕਈ ਵਸਤਾਂ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਂਝ ਸੋਸ਼ਲ ਮੀਡੀਆ 'ਤੇ ਵਾਇਰਲ ਇਸ ਵੀਡੀਓ ਦੀ ਨਿਰਪੱਖ ਤੌਰ 'ਤੇ ਤਸਦੀਕ ਨਹੀਂ ਕੀਤੀ ਜਾ ਸਕੀ ਹੈ। ਇਕ ਸੰਖੇਪ ਬਿਆਨ 'ਚ ਅੰਬੈਸੀ ਨੇ ਇਹ ਵੀ ਕਿਹਾ ਕਿ ਅਮਰੀਕਾ ਕਾਨੂੰਨ ਅਤੇ ਪ੍ਰਬੰਧ ਨੂੰ ਅਹਿਮੀਅਤ ਦਿੰਦਾ ਹੈ ਤੇ ਵਿਦੇਸ਼ੀ ਵਿਜ਼ਿਟਰਜ਼ ਤੋਂ ਸਾਰੇ ਅਮਰੀਕੀ ਕਾਨੂੰਨਾਂ ਦੀ ਪਾਲਣਾ ਕਰਨ ਦੀ ਆਸ ਕਰਦਾ ਹੈ। ਇਹ ਬਿਆਨ ਅੰਬੈਸੀ ਦੇ 'ਐਕਸ' ਹੈਂਡਲ 'ਤੇ ਸਾਂਝਾ ਕੀਤਾ ਗਿਆ ਹੈ।

## ਭਾਰਤ ਅਤੇ ਚੀਨ ਵਿਚਕਾਰ ਮੁਲਾਕਾਤ ਨੂੰ ਤਿਰਛੀ ਨਜ਼ਰ ਨਾਲ ਦੇਖ ਰਹੀ ਹੈ ਦੁਨੀਆ

ਨਵੀਂ ਦਿੱਲੀ- ਕੁਝ ਦਿਨ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਚੀਨ ਗਏ ਸਨ। ਇਸ ਦੌਰੇ ਨੂੰ ਦੁਨੀਆ ਸ਼ੱਕ ਦੀ ਨਜ਼ਰ ਨਾਲ ਕਿਉਂ ਦੇਖ ਰਹੀ ਹੈ? ਇੱਥੋਂ ਤੱਕ ਕਿ ਭਾਰਤ ਵਿਚ ਵੀ ਇਹੀ ਸ਼ੰਕਾ ਹੈ ਕਿ ਚੀਨ ਵਰਗੇ ਧੋਖੇਬਾਜ ਮੁਲਕ 'ਤੇ ਕੋਈ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਦੁਨੀਆ ਦੇ ਜ਼ਿਆਦਾਤਰ ਮੁਲਕ ਵੀ ਇਹੀ ਮੰਨਦੇ ਹਨ ਕਿ ਭਾਰਤ ਅਤੇ ਚਨ ਵਿਚਕਾਰ ਦੋਸਤੀ ਅਤੇ ਵਿਸ਼ਵਾਸ ਬਹਾਲੀ ਉਦੋਂ ਤੰਕ ਨਹੀਂ ਹੋ ਸਕਦੀ, ਜਦੋਂ ਤੱਕ ਚੀਨ ਵਿਚ ਕਮਿਊਨਿਸਟਾਂ ਦਾ ਕਬਜ਼ਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੀਨ ਦੌਰੇ ਦੀ ਸੰਭਾਵਨਾ ਵੱਧ ਗਈ ਹੈ। ਸ਼ੰਘਾਈ ਸਹਿਯੋਗ ਸੰਗਠਨ ਦੇ ਚੋਟੀ ਦੇ ਨੇਤਾਵਾਂ ਦੀ ਇੱਕ ਮੀਟਿੰਗ ਚੀਨ ਦੇ ਤਿਆਨਜਿਨ ਸ਼ਹਿਰ ਵਿੱਚ ਹੋਣ ਜਾ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਦੇ ਇਸ ਵਿੱਚ ਹਿੱਸਾ ਲੈਣ ਦੀ ਸੰਭਾਵਨਾ ਹੈ। ਇਹ ਇਸ ਗੱਲ ਤੋਂ ਸੰਕੇਤ ਮਿਲਦਾ ਹੈ ਕਿ ਭਾਰਤੀ ਮੰਤਰੀਆਂ ਨੇ ਪਿਛਲੇ ਦੋ ਮਹੀਨਿਆਂ ਦੌਰਾਨ ਂਛੌ ਦੀਆਂ ਸਾਰੀਆਂ ਮੰਤਰੀ ਪੱਧਰੀ ਮੀਟਿੰਗਾਂ ਵਿੱਚ ਹਿੱਸਾ ਲਿਆ ਹੈ। ਮੰਗਲਵਾਰ ਨੂੰ ਚੀਨ ਵਿੱਚ ਂਛੌ ਵਿਦੇਸ਼ ਮੰਤਰੀਆਂ ਦੀ ਇੱਕ ਮੀਟਿੰਗ ਹੋਈ ਜਿਸ ਵਿੱਚ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਹਿੱਸਾ ਲਿਆ। ਜੈਸ਼ੰਕਰ ਨੇ ਸੋਮਵਾਰ ਨੂੰ ਚੀਨੀ ਉਪ ਰਾਸ਼ਟਰਪਤੀ ਹਾਨ ਜ਼ੇਂਗ, ਵਿਦੇਸ਼ ਮੰਤਰੀ ਵਾਂਗ ਯੀ ਅਤੇ ਚੀਨ ਦੀ ਕਮਿਊਨਿਸਟ ਪਾਰਟੀ (ਸੀਪੀਸੀ) ਦੀ ਕੇਂਦਰੀ ਕਮੇਟੀ ਦੇ ਅੰਤਰਰਾਸ਼ਟਰੀ ਵਿਭਾਗ ਦੇ ਮੰਤਰੀ ਲਿਊ ਜਿਆਨਚਾਓ ਨਾਲ ਵੱਖਰੇ ਤੌਰ 'ਤੇ ਮੁਲਾਕਾਤ ਕੀਤੀ। ਇਨ੍ਹਾਂ ਤਿੰਨਾਂ ਮੁਲਾਕਾਤਾਂ ਨੂੰ ਚੀਨੀ ਰਾਜਨੀਤੀ ਵਿੱਚ ਅਗਲੀ ਪੀੜ੍ਹੀ ਦੇ ਨੇਤਾਵਾਂ ਨਾਲ ਜੁੜਨ ਦੇ ਭਾਰਤ ਦੇ ਦੌਰ ਵਜੋਂ ਦੇਖਿਆ ਜਾ ਰਿਹਾ ਹੈ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਵੀ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਰਸਮੀ ਮੁਲਾਕਾਤ ਕੀਤੀ। ਇਸ ਮੁਲਾਕਾਤ ਵਿੱਚ, ਵਿਦੇਸ਼ ਮੰਤਰੀ ਨੇ ਚੀਨੀ ਰਾਸ਼ਟਰਪਤੀ ਨੂੰ ਆਪਸੀ ਸਬੰਧਾਂ ਦੇ ਸਾਰੇ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ।



ਮਾਹਿਰਾਂ ਦਾ ਕਹਿਣਾ ਹੈ ਕਿ ਇਸ ਗੱਲ ਦੇ ਸੰਕੇਤ ਹਨ ਕਿ ਜਿਸ ਤਰ੍ਹਾਂ 2020 ਵਿੱਚ ਗਲਵਾਨ ਘਾਟੀ ਵਿੱਚ ਹੋਈ ਹਿੰਸਕ ਝੜਪ ਤੋਂ ਬਾਅਦ ਭਾਰਤ ਅਤੇ ਚੀਨ ਦੇ ਚੋਟੀ ਦੇ ਨੇਤਾ ਦੁਵੱਲੇ ਸਬੰਧਾਂ ਨੂੰ ਵਾਪਸ ਪਟੜੀ 'ਤੇ ਲਿਆਉਣ ਵਿੱਚ ਸਫਲ ਹੋਏ ਹਨ, ਉਹ ਇਸਨੂੰ ਅੱਗੇ ਵਧਾਉਣ ਲਈ ਗੰਭੀਰ ਹਨ। ਇਹ ਗੰਭੀਰਤਾ ਚੀਨ ਅਤੇ ਭਾਰਤ ਦੋਵਾਂ ਵੱਲੋਂ ਦਿਖਾਈ ਜਾ ਰਹੀ ਹੈ। ਅਮਰੀਕਾ ਦੀ ਟਰੰਪ ਸਰਕਾਰ ਦੇ ਐਲਾਨ, ਜਿਨ੍ਹਾਂ ਨੇ ਵਿਸ਼ਵ ਵਪਾਰ ਵਿੱਚ ਵੱਡੀ ਉਥਲ-ਪੁਥਲ ਲਿਆਂਦੀ ਹੈ, ਇਸ ਲਈ ਵੀ ਜ਼ਿੰਮੇਵਾਰ ਹਨ, ਜਿਸ ਕਾਰਨ ਭਾਰਤ ਅਤੇ ਚੀਨ ਇੱਕੋ ਜਿਹੇ ਟਕਰਾਅ ਦਾ ਸ਼ਿਕਾਰ ਹੋ ਰਹੇ ਹਨ।

ਪਿਛਲੇ ਦੋ ਮਹੀਨਿਆਂ ਵਿੱਚ, ਐਨਐਸਏ ਅਜੀਤ ਡੋਭਾਲ, ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਦੁਵੱਲੇ ਸਬੰਧਾਂ ਨੂੰ ਆਮ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਚੀਨ ਦਾ ਦੌਰਾ ਕੀਤਾ ਹੈ, ਪ੍ਰਧਾਨ ਮੰਤਰੀ ਮੋਦੀ ਦੀ ਚੀਨ ਯਾਤਰਾ ਇਸਨੂੰ ਠੋਸ ਰੂਪ ਦੇ ਸਕਦੀ ਹੈ। ਸੋਮਵਾਰ ਨੂੰ ਜੈਸ਼ੰਕਰ ਅਤੇ ਵਾਂਗ ਯੀ ਦੀ ਮੁਲਾਕਾਤ ਤੋਂ ਬਾਅਦ, ਦੋਵਾਂ ਦੇਸ਼ਾਂ ਦੁਆਰਾ ਜਾਰੀ ਕੀਤੇ ਗਏ ਵੱਖ-ਵੱਖ ਬਿਆਨਾਂ ਨੇ ਬਿਹਤਰ ਦੁਵੱਲੇ ਸਬੰਧਾਂ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ ਹੈ।

ਵਿਦੇਸ਼ ਮੰਤਰੀ ਜੈਸ਼ੰਕਰ ਨੇ ਉਪ-ਰਾਸ਼ਟਰਪਤੀ ਜ਼ੇਂਗ ਅਤੇ ਵਿਦੇਸ਼ ਮੰਤਰੀ ਯੀ ਨੂੰ ਦੱਸਿਆ ਕਿ ਪਿਛਲੇ ਨੌਂ ਮਹੀਨਿਆਂ ਵਿੱਚ (ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਜਿਨਪਿੰਗ ਦੀ ਕਾਜ਼ਾਨ ਵਿੱਚ ਮੁਲਾਕਾਤ ਤੋਂ ਬਾਅਦ) ਭਾਰਤ-ਚੀਨ ਸਬੰਧਾਂ ਵਿੱਚ ਬਹੁਤ ਸੁਧਾਰ ਹੋਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਅਤੇ ਚੀਨ ਦੀ ਸਰਹੱਦ 'ਤੇ ਸ਼ਾਂਤੀ ਅਤੇ ਸ਼ਾਂਤੀ ਨਾ ਸਿਰਫ਼ ਇਨ੍ਹਾਂ ਦੋਵਾਂ ਦੇਸ਼ਾਂ ਲਈ ਸਗੋਂ ਪੂਰੀ ਦੁਨੀਆ ਲਈ ਲਾਭਦਾਇਕ ਹੈ।

ਜਦੋਂ ਕਿ ਚੀਨ ਨੇ ਕਿਹਾ ਹੈ ਕਿ ਦੋਵਾਂ ਦੇਸ਼ਾਂ ਨੂੰ ਲੰਬੇ ਸਮੇਂ ਲਈ ਮਹੱਤਵਾਕਾਂਖੀ ਟੀਚਿਆਂ 'ਤੇ ਕੰਮ ਕਰਨਾ ਚਾਹੀਦਾ ਹੈ। ਚੀਨ ਨੇ ਮੋਦੀ ਅਤੇ ਜਿਨਪਿੰਗ ਵਿਚਕਾਰ ਹੋਈ ਮੁਲਾਕਾਤ ਵਿੱਚ ਤੈਅ ਹੋਈਆਂ ਗੱਲਾਂ ਦੇ ਆਧਾਰ 'ਤੇ ਭਾਰਤ ਨਾਲ ਕੰਮ ਕਰਨ ਦੀ ਇੱਛਾ ਵੀ ਪ੍ਰਗਟ ਕੀਤੀ ਹੈ। ਚੀਨੀ ਰਾਸ਼ਟਰਪਤੀ ਜਿਨਪਿੰਗ ਅਗਲੇ ਸਾਲ ਭਾਰਤ ਦਾ ਦੌਰਾ ਵੀ ਕਰ ਸਕਦੇ ਹਨ।

ਵਰਣਨਯੋਗ ਹੈ ਕਿ ਬ੍ਰਿਕਸ ਸੰਗਠਨ ਦੀ ਪ੍ਰਧਾਨਗੀ ਭਾਰਤ ਨੂੰ ਸੌਂਪ ਦਿੱਤੀ ਗਈ ਹੈ। ਅਜਿਹੀ ਸਥਿਤੀ ਵਿੱਚ, ਬ੍ਰਿਕਸ ਸੰਮੇਲਨ 2026 ਵਿੱਚ ਭਾਰਤ ਵਿੱਚ ਹੋਵੇਗਾ। ਜੇਕਰ ਪ੍ਰਧਾਨ ਮੰਤਰੀ ਮੋਦੀ ਹੁਣ ਚੀਨ ਜਾਂਦੇ ਹਨ, ਤਾਂ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਵੱਧ ਜਾਵੇਗੀ। ਜਿਨਪਿੰਗ ਬ੍ਰਾਜ਼ੀਲ ਵਿੱਚ ਹੋਏ ਬ੍ਰਿਕਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਨਹੀਂ ਗਏ ਸਨ।

## ਚਲਦੇ-ਚਲਦੇ

ਪੰਜਾਬ ਸਰਕਾਰ ਵਲੋਂ ਸੂਬੇ ਭਰ 'ਚ ਭੀਖ ਮੰਗ ਰਹੇ ਬੱਚਿਆਂ ਦਾ ਸ਼ੱਕ ਹੋਣ 'ਤੇ ਡੀਐੱਨਏ ਟੈਸਟ ਕਰਵਾਉਣ ਦੇ ਐਲਾਨ ਤੋਂ ਬਾਅਦ ਅੰਮ੍ਰਿਤਸਰ ਪੁਲਿਸ ਨੇ ਭਿਖਾਰੀਆਂ ਨੂੰ ਫੜਨਾ ਸ਼ੁਰੂ ਕਰ ਦਿੱਤਾ ਹੈ। ਦੋ ਦਿਨ ਪਹਿਲਾਂ ਥਾਣਾ ਰਣਜੀਤ ਐਵੇਨਿਊ 'ਚ ਇਕ ਮਹਿਲਾ ਭਿਖਾਰੀ ਖ਼ਿਲਾਫ਼ ਐੱਫਆਈਆਰ ਦਰਜ ਕਰਨ ਤੋਂ ਬਾਅਦ ਪੁਲਿਸ ਨੇ ਵੀਰਵਾਰ ਨੂੰ ਗੋਲਡਨ ਏਰੀਆ 'ਚ ਭੀਖ ਮੰਗ ਰਹੇ ਪੰਜ ਬੱਚਿਆਂ ਤੇ ਛੇ ਔਰਤਾਂ ਨੂੰ ਹਿਰਾਸਤ 'ਚ ਲਿਆ ਹੈ। ਇਸੇ ਤਰ੍ਹਾਂ ਮੋਹਾਲੀ 'ਚ ਵੀ ਚਾਈਲਡ ਵੈਲਫੇਅਰ ਅਫ਼ਸਰ ਨਵਪ੍ਰੀਤ ਕੌਰ ਦੀ ਅਗਵਾਈ 'ਚ ਪੁਲਿਸ ਟੀਮ ਨੇ ਭੀਖ ਮੰਗ ਰਹੇ 12 ਬੱਚਿਆਂ ਨੂੰ ਹਿਰਾਸਤ 'ਚ ਲਿਆ ਹੈ। ਇਨ੍ਹਾਂ ਦੇ ਮਾਤਾ-ਪਿਤਾ ਦਾ ਦਾਅਵਾ ਕਰਨ ਵਾਲਿਆਂ ਨੂੰ ਇਸ ਦੇ ਸਬੂਤ ਲਿਆਉਣ ਲਈ ਕਿਹਾ ਗਿਆ ਹੈ।

ਖਾਸ ਗੱਲ ਇਹ ਹੈ ਕਿ ਅੰਮ੍ਰਿਤਸਰ ਤੇ ਮੋਹਾਲੀ 'ਚ ਭੀਖ ਮੰਗ ਰਹੇ ਸਾਰੇ ਬੱਚਿਆਂ ਦੀ ਉਮਰ ਤਿੰਨ ਤੋਂ 16 ਸਾਲ ਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਇਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਕੋਈ ਸਬੂਤ ਨਹੀਂ ਦੇ ਸਕੇ ਤਾਂ ਫਿਰ ਇਨ੍ਹਾਂ ਦਾ ਮਨਜ਼ੂਰੀ ਲੈਣ ਤੋਂ ਬਾਅਦ ਡੀਐੱਨਏ ਟੈਸਟ ਕਰਵਾਇਆ ਜਾਏਗਾ। ਡੀਐੱਨਏ ਰਿਪੋਰਟ ਤੋਂ ਪਤਾ ਲਗਾਇਆ ਜਾਏਗਾ ਕਿ ਜਿਹੜੇ ਬੱਚੇ ਭੀਖ ਮੰਗ ਰਹੇ ਹਨ ਉਹ ਅਸਲ 'ਚ ਇਨ੍ਹਾਂ ਦੇ ਹਨ ਜਾਂ ਮਨੁੱਖੀ ਤਸਕਰੀ ਰਾਹੀਂ ਇੱਥੇ ਭੇਜੇ ਗਏ ਹਨ।

ਅੰਮ੍ਰਿਤਸਰ ਦੀ ਗੱਲ ਕਹੀਏ ਤਾਂ ਇੱਥੇ ਬਾਲ ਭਿਖਾਰੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਅੰਮ੍ਰਿਤਸਰ ਦੇ ਪਾਸ਼ ਇਲਾਕਿਆਂ 'ਚ ਕਈ ਔਰਤਾਂ ਅਜਿਹੀਆਂ ਹਨ ਜਿਨ੍ਹਾਂ ਦੀ ਗੋਦ ਵਿਚ ਜਿਹੜੇ ਬੱਚੇ ਹਨ ਉਹ ਕਿਸੇ ਵੀ ਤਰ੍ਹਾਂ ਨਾਲ ਉਨ੍ਹਾਂ ਦੇ ਨਹੀਂ ਲੱਗਦੇ। ਸਮਾਜਿਕ ਭਲਾਈ ਵਿਭਾਗ ਦੇ ਅੰਕੜਿਆਂ ਦੀ ਮੰਨੀਏ ਤਾਂ ਅੰਮ੍ਰਿਤਸਰ 'ਚ 600 ਭਿਖਾਰੀ ਹਨ ਜਦਕਿ ਅਸਲ 'ਚ ਇਨ੍ਹਾਂ ਦੀ ਗਿਣਤੀ 1500 ਤੋਂ ਦੋ ਹਜ਼ਾਰ ਤੱਕ ਮੰਨੀ ਜਾ ਰਹੀ ਹੈ।

Mann Insurance Brokers Inc.

ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ 'ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।



Phone:- 510-487-1000

LIC:- 0F 34231

32146 Alvarado Blvd, Union City, CA 94587

Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ

ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI

SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal

(Investment and Financial Advisor)

408-972-8000,

408-835-0202 (Cell)

Budwal and Associates

329 Piercy Road, San Jose, CA 95138

8350202@gmail.com


ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਯੂ ਐਸ ਏ ਵੱਲੋਂ
25ਵਾਂ ਸਾਲਾਨਾ ਮੇਲਾ ਗਦਰੀ ਬਾਬਿਆਂ ਦਾ
ਸੋਹਣ ਸਿੰਘ ਭਕਨਾ
ਬਾਬਾ ਵਿਸਾਖਾ ਸਿੰਘ
ਸ਼ਹੀਦ ਊਧਮ ਸਿੰਘ
ਕਰਤਾਰ ਸਿੰਘ ਸਰਾਭਾ
ਸ਼ਹੀਦ ਭਗਤ ਸਿੰਘ
ਗਦਰ ਪਾਰਟੀ ਦੇ ਸ਼ਹੀਦਾਂ
ਸਮੂਹ ਇਨਕਲਾਬੀਆਂ ਤੇ ਦੇਸ਼ ਭਗਤਾਂ ਦੀ
ਯਾਦ 'ਚ ਮੇਲਾ
3 ਅਗਸਤ, 2025 ਦਿਨ ਐਤਵਾਰ
ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ
ਸਭ ਨੂੰ ਇਸ ਸੱਦੇ ਤੇ ਆਉਣ ਲਈ ਬੇਨਤੀ ਹੈ
Free Enrty, Free Food.
Host
Hotel Holiday Inn Express
ਦੇ Yuba Hall ਵਿਖੇ ਮਨਾਇਆ ਜਾ ਰਿਹਾ ਹੈ
9175 W Stockton Blvd, Elk Grove, CA 95758
ਇਹ Highway 99 ਅਤੇ Laguna Blvd ਦੇ Corner ਉੱਤੇ ਹੈ
ਜੋਤ ਰਣਜੀਤ
ਮੁੱਖ ਮਹਿਮਾਨ
Thein Ho
District Attorney
Sacramento County.
Dr. Pirthipal Singh Sohi
Political Analysts
Parmvir Singh Baath
Dr. Harinder Kaur Sohi
ਲੇਖਕ
Narinder Kaur Bharaj
Inderjit Kaur Mann
Bobby Singh Allen
Moyer of Elk Grove.
ਵਧੇਰੇ ਜਾਣਕਾਰੀ ਲਈ ਕਾਲ ਕਰੋ
(916) 256 7497, (916) 844-5310, (916) 289-5956

# ਖਾਲਸਾ ਕਾਲਜ ਅਲੂਮਨੀ- ਕੈਲੇਫੋਰਨੀਆ ਦੀ ਮੀਟਿੰਗ





ਮਨਟੀਕਾ: ਜੁਲਾਈ 11, 2025- ਖਾਲਸਾ ਕਾਲਜ ਜਲੰਧਰ/ਅੰਮ੍ਰਿਤਸਰ ਵਿਚ ਪੜ੍ਹ ਚੁੱਕੇ ਵਿਦਿਆਰਥੀਆਂ ਦੀ ਪਹਿਲੀ ਮਿਲਣੀ ਜੁਲਾਇ. 11, 2025 ਦਿਨ ਸ਼ੁੱਕਰਵਾਰ ਨੂੰ ਕੇਸਰ ਬਾਜ਼ਾਰ ਫਾਰਮਰਜ਼ ਮਾਰਕੀਟ, ਮਨਟੀਕਾ 'ਚ ਹੋਈ। ਸਟੋਰ ਵਿਚ ''ਲਾਲ ਜੀ'' ਇੰਡੀਅਨ ਰੈਸਟੋਰੈਂਟ ਵਿਚ ਦਰਜਨ ਤੋਂ ਜ਼ਿਆਦਾ ਕਦੇ ਵੀ ਰਹਿ ਚੁੱਕੇ ਵਿਦਿਆਰਥੀਆਂ ਦੀ ਪਹਿਲੀ ਮਿਲਣੀ 'ਚ ਜੋ 2 ਤੋਂ 5 ਵਜੇ ਸ਼ਾਮ ਤੱਕ ਸੀ, ਵਿਚ ਇਕ-ਦੂਜੇ ਨਾਲ ਵਾਕਫੀਅਤ ਤੇ ਆਪਣੇ ਬਾਰੇ ਦੱਸਣ ਤੋਂ ਬਾਅਦ ਖਾਲਸਾ ਕਾਲਜ ਦੀਆਂ ਕੰਟੀਨਾਂ ਦੇ ਮਾਹੌਲ ਵਰਗਾ ਸਮਾਂ ਯਾਦ ਕਰਨ ਲਈ ਤਿੰਨ ਘੰਟੇ ਦਾ ਸਮਾਂ ਮਿਥਿਆ ਗਿਆ ਪਰ ਗੱਲਾਂਬਾਤਾਂ ਕਰਦੇ-ਕਰਦੇ ਸਮਾਂ 4 ਘੰਟੇ 30 ਮਿੰਟ ਲੱਗ ਗਏ। ਰਹਿ ਚੁੱਕੇ ਵਿਦਿਆਰਥੀਆਂ ਵੱਲੋਂ ਇੱਥੇ ਖੁਸ਼ੀ ਪ੍ਰਗਟਾਈ ਗਈ ਕਿ ਅਸੀਂ ਕਾਲਜਾਂ ਵਰਗਾ ਮਾਹੌਲ ਸਿਰਜ ਕੇ ਗੱਲਾਂ-ਬਾਤਾਂ ਕਰਿਆ ਕਰੀਏ, ਜਿਸ ਵਿਚ ਹਲਕੀਆਂ ਫੁਲਕੀਆਂ ਗੱਲਾਂ, ਜਾਣਕਾਰੀ ਜਾਂ ਕੋਈ ਵੀ ਉਹ ਗੱਲ ਜੋ ਕਿਸੇ ਦੇ ਕੰਮ ਆ ਸਕੇ, ਜਿਸ ਬਿਜ਼ਨਿਸ ਕਰਨ ਵਾਲਿਆਂ ਲਈ ਫੇਸਬੁਕ ਜਾਂ ਵਟਸਅਪ ਗਰੁੱਪ ਰਾਹੀਂ ਮਦਦ ਕੀਤੀ ਜਾ ਸਕੇ ਅਤੇ ਲੋਕਾਂ ਤੱਕ ਇਸ ਗਰੁੱਪ 'ਚ ਪਾ ਕੇ ਬਿਜ਼ਨਸ ਕਰਨ ਵਾਲਿਆਂ ਦੀ ਮਦਦ ਹੋ ਸਕੇ।

ਇਹ ਵੀ ਸੋਚ ਚੱਲੀ ਕਿ ਇਕ ਹੋਰ ਸਫਾ ਐਸਾ ਹੋਵੇ, ਜਿਸ ਵਿਚ ਤੁਸੀਂ ਕਿਧਰੇ ਜਾ ਰਹੇ ਹੋ, ਤੁਹਾਨੂੰ ਕਿਸੇ ਦੀ ਮਦਦ ਦੀ ਲੋੜ ਹੈ ਜਾਂ ਤੁਸੀਂ ਕਿਸੇ ਦੀ ਮਦਦ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਖਾਲਸਾ ਕਾਲਜ ਦੇ ਸਫੇ 'ਤੇ ਲਿਖ ਕੇ ਬੇਨਤੀ ਕਰ ਸਕੋ ਤਾਂ ਕਿ ਤੁਹਾਨੂੰ ਕੋਈ ਵੀ ਗਰੁੱਪ ਮੈਂਬਰ ਤੁਹਾਡੀ ਮਦਦ ਕਰ ਸਕੇ। ਖਾਲਸਾ ਕਾਲਜ ਦੇ ਵਿਦਿਆਰਥੀਆਂ ਦੇ ਨਾਲ-ਨਾਲ ਇਹ ਵੀ ਵਿਚਾਰ ਕੀਤੀ ਗਈ ਕਿ ਜੇ ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਜਾਂ ਹੋਰ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀ ਵੀ ਸ਼ਾਮਲ ਕਰ ਲਏ ਤਾਂ ਕਿਹੋ ਜਿਹਾ ਲੱਗੇਗਾ (ਇਹ ਹਾਲੇ ਵਿਚਾਰ ਅਧੀਨ ਹੈ)।

ਤੁਸੀਂ ਖਾਲਸਾ ਕਾਲਜ ਜਲੰਧਰ/ਅੰਮ੍ਰਿਤਸਰ ਤੇ ਗੁਰੂ ਨਾਨਕ ਯੂਨੀ-ਵਰਸਿਟੀ 'ਚ ਪੜ੍ਹ ਚੁੱਕੇ ਹੋ ਜਾਂ ਕੋਈ ਉਥੇ ਕੰਮ ਕਰਦੇ ਰਹੇ ਹੋ ਤਾਂ ਤੁਸੀਂ 'ਖਾਲਸਾ ਕਾਲਜ ਅਲੂਮਨੀ' ਦੇ ਮੈਂਬਰ ਬਣ ਸਕਦੇ ਹੋ।

ਪ੍ਰੋਗਰਾਮ ਦੇ ਅਖੀਰ ਵਿਚ ਦਵਿੰਦਰ ਹੋਠੀ ਨੇ ਮੀਟਿੰਗ ਵਿਚ ਪਹੁੰਚ ਕੇ ਮੀਟਿੰਗ ਦੀਆਂ ਰੌਣਕਾਂ ਵਧਾਈਆਂ ਤੇ ਆਏ ਹੋਏ ਦੋਸਤਾਂ ਨੂੰ ਵਿਅੰਗਮਈ ਤਰੀਕੇ ਨਾਲ ਕਵਿਤਾ ਪੜ੍ਹ ਕੇ ਸਭ ਨੂੰ ਹਸਾ ਦਿੱਤਾ।

ਇਸ ਮੀਟਿੰਗ ਵਿਚ ਸ. ਅਮਰੀਕ ਸਿੰਘ ਪੰਨੂ, ਉਹਨਾਂ ਦੇ ਭੈਣ ਜੀ ਅਮ-ਰਜੀਤ ਕੌਰ ਪੰਨੂ, ਸਤਵਿੰਦਰ ਸਿੰਘ ਰੰਧਾਵਾ, ਮਹਿੰਗਾ ਸਿੰਘ ਸੰਧੂ ਸਰਪੰਚ, ਮ-ਹਤਾਬ ਸਿੰਘ ਕਾਹਲੋਂ, ਗੁਰਪਿਆਰ ਸਿੰਘ ਸਿੱਧੂ, ਰਣਜੀਤ ਕੰਦੋਲਾ, ਨਰਿੰਦਰ ਸਿੰਘ ਸਮਰਾ, ਦਵਿੰਦਰ ਸਿੰਘ ਹੋਠੀ ਤੇ ਬਲਬੀਰ ਸਿੰਘ ਐਮ. ਏ. ਹਾਜ਼ਰ ਹੋਏ।

ਪਿਛਲੀ ਮੀਟਿੰਗ 'ਚ ਗੱਲਾਂ-ਬਾਤਾਂ ਤੋਂ ਇਲਾਵਾ ਚਾਹ ਤੇ ਮਿਠਾਈ ਅਤੇ ਹੋਰ ਚੀਜ਼ਾਂ ਦੇ ਸਵਾਦ ਵੀ ਚੱਖੇ ਗਏ।

ਆਓ, ਤੁਸੀਂ ਵੀ ਇਸ ਗਰੁੱਪ 'ਚ ਸ਼ਾਮਲ ਹੋ ਕੇ ਫਖਰ ਮਹਿਸੂਸ ਕਰੋ। ਤੁਹਾਨੂੰ ਇਕੱਲਾਪਣ ਫਿਰ ਕਦੇ ਮਹਿਸੂਸ ਨਹੀਂ ਹੋਵੇਗਾ।

ਸੰਪਰਕ ਕਰੋ 510-938-7771 ਜਾਂ
ਈਮੇਲ khalsacollege1928@gmail.com

# ਫੌਜਾਂ ਸਿੰਘ (ਦੌੜਾਕ) ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ

ਪਿਛਲੇ ਹਫਤੇ ਸੋਮਵਾਰ ਸ਼ਾਮ ਨੂੰ ਜਦੋਂ ਸ. ਫੌਜਾ ਸਿੰਘ ਸੈਰ ਕਰਨ ਲਈ ਆਪਣੇ ਘਰੋਂ ਨਿਕਲੇ ਤਾਂ ਸੜਕ 'ਤੇ ਇਕ ਕਾਰ ਨੇ ਟੱਕਰ ਮਾਰ ਕੇ ਉਹਨਾਂ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ ਸੀ। ਉਹਨਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਦੀ ਟੀਮ ਨੇ ਉਹਨਾਂ ਦੀ ਦੇਖਭਾਲ ਕਰਨੀ ਸ਼ੁਰੂ ਕੀਤੀ ਪਰ ਉਹ ਤਿੰਨ ਘੰਟੇ ਬਾਅਦ ਬਦਹਵਾਸ ਹੋ ਗਏ। ਉਹਨਾਂ ਦਾ ਜੱਦੀ ਪਿੰਡ ਬਿਆਸ (ਪੰਜਾਬ) ਹੈ।



ਫੌਜਾ ਸਿੰਘ ਜੀ ਨੇ 89 ਸਾਲ ਦੀ ਉਮਰ 'ਚ ਮੈਰਾਥਨ ਦੀ ਦੌੜ ਸ਼ੁਰੂ ਕੀਤੀ, 6 ਘੰਟੇ 54 ਮਿੰਟ ਵਿਚ ਉਹਨਾਂ ਨੇ ਇਹ ਦੌੜ ਪੂਰੀ ਕੀਤੀ ਤੇ ਸੌ ਸਾਲ ਦੀ ਉਮਰ ਤੱਕ ਉਹ ਦੌੜਦੇ ਰਹੇ। ਉਹਨਾਂ ਨੇ ਕਈ ਵਿਸ਼ਵ ਰਿਕਾਰਡ ਵੀ ਬਣਾਏ।

ਸੌ ਸਾਲ ਦੀ ਉਮਰ ਵਿਚ ਉਹਨਾਂ ਨੇ ਟਰਾਂਟੋ ਵਿਚ 2001 'ਚ ਟਰਾਂਟੋ ਵਾਟਰਫਿਟ ਮੈਰਾਥਨ ਵਿਚ 8 ਘੰਟੇ 25 ਮਿੰਟ, 17 ਸਕਿੰਟਾਂ ਵਿਚ ਆਪਣੀ ਦੌੜ ਪੂਰੀ ਕੀਤੀ।

ਉਹਨਾਂ ਨੇ 2013 ਵਿਚ ਹਾਂਗਕਾਂਗ ਵਿਚ 10 ਕਿਲੋਮੀਟਰ ਦੀ ਦੌੜ ਇਕ ਘੰਟਾ 32 ਮਿੰਟ ਅਤੇ 27 ਸਕਿੰਟਾਂ ਵਿਚ ਪੂਰੀ ਕੀਤੀ।

ਉਹਨਾਂ ਨੇ 2013 ਵਿਚ ਮੈਰਾਥਨ ਦੌੜ ਲਾਉਣੀ ਬੰਦ ਕਰ ਦਿੱਤੀ। ਉਹਨਾਂ ਨੇ ਦੱਸਿਆ ਕਿ ਉਹ ਇੰਗਲੈਂਡ ਦੀ ਮਹਾਰਾਣੀ ਐਲਿਜ਼ਾ-ਬੈਥ-ਦੂਜੀ ਨੂੰ ਤਿੰਨ ਵਾਰ ਮਿਲੇ ਸਨ।

ਆਪਣੀ ਪਹਿਲੀ ਦੌੜ ਤੋਂ ਪਹਿਲਾਂ ਉਹਨਾਂ ਨੂੰ ਦੱਸਿਆ ਗਿਆ ਸੀ ਕਿ ਤੁਸੀਂ ਪੱਗ ਬੰਨ੍ਹ ਕੇ ਨਹੀਂ ਦੌੜ ਸਕਦੇ ਪਰ ਫੌਜਾ ਸਿੰਘ ਨੇ ਇਰਾਦਾ ਪੱਕਾ ਰੱਖਿਆ ਤੇ ਪੱਗ ਬੰਨ੍ਹ ਕੇ ਦੌੜਨ ਦੀ ਇਜਾਜ਼ਤ ਮਿਲ ਗਈ ਸੀ।

114 ਸਾਲਾ ਸ. ਫੌਜਾ ਸਿੰਘ (ਦੌੜਾਕ) ਨੂੰ ਅਦਾਰਾ 'ਪਰਦੇਸ ਟਾਇਮਜ਼' ਦੇ ਸਾਰੇ ਐਡਵਰਟਾਇਜ਼ਰਾਂ, ਸਪਾਂਸਰਾਂ ਵੱਲੋਂ ਸ਼ਰਧਾਂਜਲੀ ਪੇਸ਼ ਕੀਤੀ ਜਾਂਦੀ ਹੈ। ਪਿਛਲੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ਜਾਂਦੀ ਹੈ।

# PCA Brentwood ਵੱਲੋਂ 4 ਜੁਲਾਈ ਦੀ ਅਜਾਦੀ ਦਿਵਸ ਦੌਰਾਨ ਪਾਣੀ ਤੇ ਜੂਸ ਦੀ ਸੇਵਾ ਕੀਤੀ

ਬਰੈਂਟਵੁੱਡ (ਕੈਲੀਫੋਰਨੀਆ)- ਪੰਜਾਬੀ ਕਲਚਰਲ ਅਸੋਸੀਏਸ਼ਨ (PCA) ਬ੍ਰੈਂਟਵੁੱਡ ਵੱਲੋਂ 4 ਜੁਲਾਈ ਦੀ ਅਜਾਦੀ ਦਿਵਸ ਦੀ ਪਰੇਡ ਦੌਰਾਨ ਹਜ਼ਾਰਾਂ ਲੋਕਾਂ ਨੂੰ ਠੰਡਾ ਸਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ PCA ਪਹਿਲਾਂ ਹੀ ਕਮਿਊਨਟੀ ਵਿਚ ਸ਼ਾਨਦਾਰ ਕੰਮ ਕਰ ਰਿਹਾ ਹੈ ਅਤੇ ਉਹ ਭਵਿੱਖ ਵਿਚ PCA Brentwood ਵੱਲੋ






ਪਾਣੀ ਅਤੇ ਜੂਸ ਵੰਡ ਕੇ ਨਿਸ਼ਕਾਮ ਸੇਵਾ ਕੀਤੀ ਗਈ। ਇਸ ਮੌਕੇ ਤੇ 5000 ਤੋਂ ਵੱਧ ਪਾਣੀ ਦੀਆਂ ਬੋਤਲਾਂ ਅਤੇ 2000 ਤੋਂ ਵੱਧ ਜੂਸ ਦੀਆਂ ਬੋਤਲਾਂ ਵੰਡੀਆਂ ਗਈਆਂ। ਇਹ ਸੇਵਾ 50 ਤੋਂ ਵੱਧ ਵੋਲੰਟੀਅਰਾਂ ਨੇ ਕੀਤੀ। PCA ਦੇ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ PCA ਹਮੇਸ਼ਾ ਇੱਛਾ ਕਰਦਾ ਹੈ ਕਿ ਉਹ ਅਜਿਹੀ ਸੇਵਾ ਕਰਕੇ 4 ਜੁਲਾਈ ਪਰੇਡ ਦਾ ਹਿੱਸਾ ਬਣੇ, ਤਾਂ ਜੋ ਸਮਾਜ ਨਾਲ ਜੁੜ ਕੇ ਚੰਗਾ ਯੋਗਦਾਨ ਪਾਇਆ ਜਾ ਸਕੇ। ਭੁਪਿੰਦਰ ਬਾਜਵਾ ਨੇ ਇਸ ਬਾਬਤ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ PCA Brentwod ਜਲਦੀ ਆਉਣ ਵਾਲੇ ਦੋ ਮਹੀਨਿਆ ਦੌਰਾਨ ਖੂਨਦਾਨ ਕੈਂਪ ਲਗਾਉਣ ਜਾ ਰਿਹਾ ਹੈ। ਖੂਨਦਾਨ ਕੈਂਪ ਦੀਆਂ ਤਰੀਖਾ ਜਲਦ ਹੀ ਨਸ਼ਰ ਕੀਤੀਆ ਜਾਣਗੀਆ। ਬ੍ਰੈਂਟਵੁੱਡ ਦੀ ਮੇਅਰ ਸੁਜ਼ਾਨਾ ਮਾਇਰ ਖ਼ਾਸ ਤੌਰ 'ਤੇ PCA ਦੇ ਬੂਥ 'ਤੇ ਪਹੁੰਚੇ ਅਤੇ ਸਾਰੇ ਵੋਲੰਟੀਅਰਾਂ ਤੇ ਸਪਾਂ-ਹੋਣ ਵਾਲੀਆਂ ਹੋਰ ਗਤੀਵਿਧੀਆਂ ਦੀ ਉਡੀਕ ਕਰ ਰਹੀ ਹੈ।

ਇਸ ਪਰੇਡ ਵਿਚ ਜਲ ਦੀ ਸੇਵਾ ਨੂੰ ਕਾਮਯਾਬ ਕਰਨ ਵਿਚ ਖਾਸ ਤੌਰ ਤੇ ਰਾਜਵੀਰ ਸਿੰਘ ਸਰਕਾਰੀਆਂ। ਸਤਵਿੰਦਰ ਸਿੰਘ ਸੰਘੂ, ਸਚਿਨ ਮੂਰਤੀ, ਸਨੀ ਸਰਕਾਰੀਆਂ, ਸਤਵਿੰਦਰ ਮਾਨਹੇੜਾ, ਜਗਦੀਪ ਸਿੰਘ ਗਿੱਲ ਤੇ ਸੰਦੀਪ ਸਿੰਘ ਦਾ ਅਹਿਮ ਯੋਗਦਾਨ ਰਿਹਾ।


Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99

Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more

Everyday Special
1 Large 14" Toppings Pizza
$21.99 *
FREE 2LT SODA

Best Deal
1X-Large 18" 1 Topping Pizza
$22.99 *
FREE 2LT SODA

King Kong Deal
1 King Kong 2 Toppings PIZZA
$37.99 *
FREE 2LT SODA

* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਟਰੰਪ ਦੀ ਨੀਤੀ ਅਤੇ ਦੁਨਿਆਵੀ ਵਪਾਰ

ਰਾਸ਼ਟਰਪਤੀ ਟਰੰਪ ਨੇ ਜਿਉਂ ਹੀ ਅਮਰੀਕਾ ਦੀ ਕਮਾਨ ਸੰਭਾਲੀ, ਉਹਨਾਂ ਨੇ ਅਮਰੀਕਾ ਵਿਚ ਵੀ ਖਲਬਲੀ ਮਚਾ ਦਿੱਤੀ ਅਤੇ ਦੁਨੀਆਂ ਵਿਚ ਵੀ। ਉਹਨਾਂ ਦਾ ਕਹਿਣਾ ਹੈ ਕਿ ਅਮਰੀਕਾ ਨੂੰ ਦੁਬਾਰਾ ਫਿਰ ਤੋਂ ਮਹਾਨ ਬਣਾਉਣਾ ਹੈ। ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣਾ ਤਾਂ ਸਮਝ ਵਿਚ ਆਉਂਦਾ ਹੈ ਪਰ ਉਹ ਹੋਰ ਕਿਸੇ ਨੂੰ ਵੀ ਮਹਾਨ ਨਹੀਂ ਬਣਨ ਦੇਣਾ ਚਾਹੁੰਦੇ, ਇਹ ਵੀ ਜੱਗ ਜਾਹਿਰ ਹੈ ਪਰ ਉਹਨਾਂ ਦੇ ਕੇਂਦਰ ਵਿਚ ਜੋ ਮੁਲਕ ਹੈ, ਉਸ ਬਾਰੇ ਉਹ ਸਿੱਧੇ ਤੌਰ ਤੇ ਤਾਂ ਕੁਝ ਨਹੀਂ ਕਹਿੰਦੇ ਪਰ ਜੋ ਉਹ ਕਰ ਰਹੇ ਹਨ, ਉਸ ਤੋਂ ਸਪਸ਼ਟ ਝਲਕਦਾ ਹੈ ਕਿ ਰਾਸ਼ਟਰਪਤੀ ਟਰੰਪ ਦਾ ਸਭ ਤੋਂ ਵੱਡਾ ਨਿਸ਼ਾਨਾ ਤਾਂ ਚੀਨ ਹੈ। ਜਦੋਂ ਟਰੰਪ ਨੇ ਦੁਨੀਆਂ ਦੇ ਕਈ ਮੁਲਕਾਂ 'ਤੇ ਟੈਕਸ ਲਗਾਉਣ ਦਾ ਫਰਮਾਨ ਜਾਰੀ ਕੀਤਾ ਤਾਂ ਉਹਨਾਂ ਨੇ ਇਕ ਅਜਿਹੀ ਗੁੰਝਲਦਾਰ ਲਿਸਟ ਸਾਹਮਣੇ ਲਿਆਂਦੀ, ਜਿਸ ਨੂੰ ਸਮਝ ਪਾਉਣਾ ਮੁਸ਼ਕਿਲ ਹੋ ਰਿਹਾ ਸੀ ਪਰ ਹੁਣ ਇਹ ਸਪਸ਼ਟ ਹੁੰਦਾ ਜਾ ਰਿਹਾ ਹੈ ਕਿ ਉਹਨਾਂ ਦਾ ਅਸਲੀ ਨਿਸ਼ਾਨਾ ਕੌਣ ਹੈ।

ਦਰਅਸਲ ਚੀਨ ਜੋ ਬਹੁਤ ਤੇਜ਼ੀ ਨਾਲ ਦੁਨੀਆਂ ਦੀ ਵਪਾਰਕ ਹਸਤੀ ਬਣ ਗਿਆ ਹੈ, ਅਗਲੇ ਕੁਝ ਸਾਲਾਂ ਵਿਚ ਫੌਜੀ ਤਾਕਤ ਵੀ ਬਣ ਜਾਵੇਗਾ, ਜੇਕਰ ਉਸ ਨੂੰ ਰੋਕਿਆ ਨਾ ਗਿਆ। ਇਹ ਗੱਲ ਇਕੱਲੇ ਟਰੰਪ ਨੇ ਬੁੱਝੀ ਹੈ। ਦਰਅਸਲ ਚੀਨ ਨੇ ਬਹੁਤ ਚਲਾਕੀ ਨਾਲ ਦੁਨੀਆਂ ਦਾ ਹਰੇਕ ਵਪਾਰਕ ਕੰਮਕਾਜ਼ ਅਤੇ ਸੰਦਾਂ ਸਮੇਤ ਆਮ ਵਰਤੋਂ ਦੀਆਂ ਚੀਜ਼ਾਂ ਬਣਾਉਣ ਦੇ ਉਦਯੋਗਾਂ ਤੇ ਕਬਜ਼ਾ ਕਰ ਲਿਆ ਹੈ। ਜੇਕਰ ਭਾਰਤ ਵਿਚ ਮੋਬਾਇਲ ਫੋਨ ਬਣਦਾ ਹੈ ਤਾਂ ਉਸ ਵਿਚ ਲੱਗਣ ਵਾਲੇ ਪੁਰਜ਼ਿਆਂ ਵਿਚੋਂ ਜ਼ਿਆਦਾਤਰ ਤਾਂ ਚੀਨ ਵਿਚ ਬਣ ਰਹੇ ਹਨ। ਜੇਕਰ ਇੰਡੋਨੇਸ਼ੀਆ ਸਿਲਾਈ ਮਸ਼ੀਨ ਬਣਾਉਂਦਾ ਹੈ ਤਾਂ ਉਸ ਵਿਚ ਲੱਗਣ ਵਾਲੇ ਪੁਰਜ਼ਿਆਂ ਵਿਚੋਂ ਜ਼ਿਆਦਾਤਰ ਚੀਨ ਵਿਚ ਬਣਦੇ ਹਨ। ਇੱਥੋਂ ਤੱਕ ਕਿ ਦੁਨੀਆਂ ਦੇ ਸਟੀਲ ਕਾਰੋਬਾਰ 'ਤੇ ਵੀ ਚੀਨ ਨੇ ਕਬਜ਼ਾ ਕਰ ਲਿਆ ਹੈ। ਧਰਤੀ ਤੇ ਮਿਲਣ ਵਾਲੇ ਬਹੁਤ ਹੀ ਘੱਟ ਮਾਤਰਾ ਵਿਚ ਪਦਾਰਥ ਅਤੇ ਧਾਤਾਂ, ਜਿਹਨਾਂ ਦੀ ਵਰਤੋਂ ਅੱਜ ਹਥਿਆਰਾਂ ਤੋਂ ਲੈ ਕੇ ਮੋਬਾਇਲ ਫੋਨ, ਹਵਾਈ ਜਹਾਜ਼, ਸਮੁੰਦਰ ਜਹਾਜ਼, ਟੀ.ਵੀ. ਅਤੇ ਹੋਰ ਸਾਰੇ ਸਮਾਨ, ਜਿਹਨਾਂ ਦੀ ਆਮ ਵਰਤੋਂ ਕੀਤੀ ਜਾਂਦੀ ਹੈ, ਉਤੇ ਚੀਨ ਦਾ 90 ਫੀਸਦੀ ਕਬਜ਼ਾ ਹੈ, ਜਦਕਿ ਇਹ ਤਕਨੀਕ ਅਮਰੀਕਾ ਤੋਂ ਆਈ ਹੈ ਪਰ ਕਬਜ਼ਾ ਚੀਨ ਦਾ ਹੈ।

ਟਰੰਪ ਨੇ ਇਸ ਸਿਸਟਮ ਨੂੰ ਬਹੁਤ ਬਰੀਕੀ ਨਾਲ ਸਮਝਿਆ ਹੈ, ਇਸ ਕਰਕੇ ਸਭ ਤੋਂ ਪਹਿਲਾਂ ਉਹਨਾਂ ਨਜਾਇਜ਼ ਪ੍ਰਵਾਸੀਆਂ ਨੂੰ ਕੱਢਣਾ ਆਰੰਭ ਕੀਤਾ ਅਤੇ ਫਿਰ ਆਪਣੀ ਵਪਾਰਕ ਨੀਤੀ ਦਾ ਐਲਾਨ ਕੀਤਾ। ਟਰੰਪ ਜਿਹਨਾਂ ਮੁਲਕਾਂ ਤੇ ਟੈਕਸ ਲਗਾ ਰਹੇ ਹਨ, ਉਹ ਉਹਨਾਂ ਵਸਤਾਂ ਤੇ ਜ਼ਿਆਦਾ ਟੈਕਸ ਲਗਾਉਂਦੇ ਹਨ, ਜਿਹੜੀਆਂ ਅਮਰੀਕਾ ਨੂੰ ਬਰਾਮਦ ਹੁੰਦੀਆਂ ਹਨ ਅਤੇ ਜਿਹਨਾਂ ਵਿਚ ਜ਼ਿਆਦਾਤਰ ਹਿੱਸੇ-ਪੁਰਜ਼ੇ ਚੀਨ ਦੇ ਬਣੇ ਲੱਗਦੇ ਹਨ। ਹਾਲ ਹੀ ਵਿਚ ਜਾਪਾਨ ਸਮੇਤ ਜਿਹਨਾਂ ਮੁਲਕਾਂ ਤੇ ਟਰੰਪ ਨੇ ਵਪਾਰਕ ਪਾਬੰਦੀਆਂ ਲਗਾਈਆਂ, ਉਹਨਾਂ ਹੀ ਵਸਤਾਂ ਤੇ ਲਗਾਈਆਂ, ਜਿਹਨਾਂ ਨੂੰ ਬਣਾਉਣ ਵਿਚ ਚੀਨੀ ਮਾਲ ਜ਼ਿਆਦਾ ਲੱਗਦਾ ਹੈ। ਭਾਰਤ 'ਤੇ ਵੀ ਪਾਬੰਦੀਆਂ ਲਗਾਉਣੀਆਂ ਹਨ ਪਰ ਟਰੰਪ ਲਗਾਤਾਰ ਇਸ ਪ੍ਰਕਿਰਿਆ ਨੂੰ ਅੱਗੇ ਇਸ ਕਰਕੇ ਵਧਾ ਰਹੇ ਹਨ ਤਾਂ ਜੋ ਭਾਰਤ ਦੀ ਚੀਨ ਤੇ ਨਿਰਭਰਤਾ ਹੋਰ ਘਟਦੀ ਜਾਵੇ ਕਿਉਂਕਿ ਉਹ ਜਾਣਦੇ ਹਨ ਕਿ ਗਲਵਾਨ ਦੇ ਹਮਲੇ ਤੋਂ ਬਾਅਦ ਭਾਰਤ ਲਗਾਤਾਰ ਚੀਨ ਤੋਂ ਪਿੱਛੇ ਹਟਦਾ ਜਾ ਰਿਹਾ ਹੈ ਪਰ ਇਹ ਨਿਰਭਰਤਾ ਇੰਨੀ ਜਲਦੀ ਵੀ ਦੂਰ ਨਹੀਂ ਹੋ ਸਕਦੀ ਕਿਉਂਕਿ ਪਿਛਲੇ 30 ਸਾਲਾਂ ਤੋਂ ਭਾਰਤੀ ਅਰਥਚਾਰਾ ਪੂਰੀ ਤਰ੍ਹਾਂ ਚੀਨ ਉਤੇ ਨਿਰਭਰ ਹੋ ਕੇ ਰਹਿ ਗਿਆ ਸੀ। ਪਰ ਹੁਣ ਇਸ ਵਿਚ ਕਮੀ ਆਉਣੀ ਆਰੰਭ ਹੋ ਗਈ ਹੈ। ਦੁਰਲੱਭ ਧਾਤਾਂ ਦੇ ਮਾਮਲੇ ਵਿਚ ਵੀ ਭਾਰਤ ਅਮਰੀਕਾ ਅਤੇ ਆਸਟ੍ਰੇਲੀਆ ਨਾਲ ਮਿਲ ਕੇ ਕੰਮ ਕਰ ਰਿਹਾ ਹੈ, ਸੈਮੀਕੰਡਕਟਰ ਵੀ ਭਾਰਤ ਨੇ ਬਣਾਉਣੇ ਆਰੰਭ ਕਰ ਦਿੱਤੇ ਹਨ। ਹੈਵੀ ਮਸ਼ੀਨਰੀ ਦੇ ਮਾਮਲੇ ਵਿਚ ਵੀ ਭਾਰਤ ਹੁਣ ਚੀਨ ਨਾਲੋਂ ਪੱਛਮ ਵੱਲ ਜ਼ਿਆਦਾ ਦੇਖ ਰਿਹਾ ਹੈ। ਇਸ ਕਰਕੇ ਟਰੰਪ ਨਹੀਂ ਚਾਹੁੰਦੇ ਕਿ ਭਾਰਤ ਨਾਲ ਉਹਨਾਂ ਦਾ ਵਪਾਰ ਖਤਮ ਹੋਵੇ ਕਿਉਂਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡੀ ਆਬਾਦੀ ਵਾਲਾ ਮੁਲਕ ਹੋਣ ਦੇ ਨਾਲ ਦੁਨੀਆਂ ਦਾ ਸਭ ਤੋਂ ਵੱਡਾ ਬਾਜ਼ਾਰ ਵੀ ਬਣਦਾ ਜਾ ਰਿਹਾ ਹੈ। ਭਾਰਤ ਨੂੰ ਆਪਣੀ ਖੇਤੀ ਅਤੇ ਡੇਅਰੀ ਦੀ ਚਿੰਤਾ ਹੈ ਕਿਉਂਕਿ ਇਸ ਖੇਤਰ ਵਿਚ ਭਾਰਤ ਦੀ 40 ਫੀਸਦੀ ਤੋਂ ਜ਼ਿਆਦਾ ਆਬਾਦੀ ਆਪਣਾ ਰੁਜ਼ਗਾਰ ਪ੍ਰਾਪਤ ਕਰਦੀ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202


Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਵਿਸ਼ਵ ਵਪਾਰ ਸੰਗਠਨ, ਭਾਰਤ ਅਤੇ ਅਮਰੀਕੀ ਨੀਤੀਆਂ

**ਡਾ. ਅਮਨਪ੍ਰੀਤ ਸਿੰਘ ਬਰਾੜ**

ਭਾਰਤ ਦਾ ਖੇਤੀ ਖੇਤਰ ਹਮੇਸ਼ਾ ਹੀ ਵਿਸ਼ਵ ਵਪਾਰ ਲਈ ਖਿੱਚ ਦਾ ਕੇਂਦਰ ਰਿਹਾ ਹੈ। ਏਥੇ ਆਬਾਦੀ ਜ਼ਿਆਦਾ ਹੋਣ ਕਰਕੇ ਹਰ ਕੋਈ ਆਪਣੀ ਵਸਤੂ ਏਥੇ ਵੇਚਣਾ ਚਾਹੁੰਦਾ ਹੈ। ਅੱਜ ਬੇਸ਼ੱਕ ਲੋਕ ਪਾਣੀ ਦੀ ਮਹੱਤਤਾ ਜ਼ਿਆਦਾ ਗਿਣਦੇ ਹਨ ਪਰ ਪਾਣੀ ਪਿੱਛੇ ਲੜਾਈਆਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਉਸ ਦਾ ਮੁੱਖ ਕਾਰਨ ਸੀ ਅਨਾਜ ਦੀ ਪੈਦਾਵਾਰ। ਜੇ ਪਾਣੀ ਹੈ ਤਾਂ ਅਨਾਜ ਅਤੇ ਜੇ ਅਨਾਜ ਹੈ ਤਾਂ ਜੀਵਨ। ਅੱਜ ਵੀ ਜਦੋਂ ਭਾਰਤ ਨੇ ਸਿੰਧੂ ਜਲ ਸਮਝੌਤਾ ਖ਼ਤਮ ਕਰਨ ਦਾ ਐਲਾਨ ਕੀਤਾ ਹੈ ਤਾਂ ਪਾਕਿਸਤਾਨ ਨੂੰ ਸਭ ਤੋਂ ਵੱਡਾ ਡਰ ਅਨਾਜ ਦੀ ਪੈਦਾਵਾਰ ਘਟਣ ਦਾ ਪੈ ਗਿਆ। ਪਾਣੀ ਦੀ ਤੋਟ ਕਾਰਨ ਭੁੱਖਮਰੀ ਨਾਲ ਪਹਿਲਾਂ ਹੀ ਜੂਝ ਰਹੇ ਪਾਕਿਸਤਾਨ ਵਿਚ ਫੂਡ ਸਕਿਉਰਿਟੀ ਦਾ ਖ਼ਤਰਾ ਬਣ ਜਾਵੇਗਾ। ਹਰ ਦੇਸ਼ ਨੂੰ ਇੱਕੋ ਜਿਹੀ ਉਪਜਾਊ ਸ਼ਕਤੀ ਵਾਲੀ ਧਰਤੀ, ਪਾਣੀ ਅਤੇ ਮੌਸਮ ਨਹੀਂ ਮਿਲਿਆ। ਸੋ ਜਿਹੜਾ ਤਾਕਤਵਰ ਹੁੰਦਾ ਸੀ, ਉਹ ਦੂਜੇ ਦੇਸ਼ਾਂ ਦਾ ਇਹ ਸਰੋਤ ਹੜੱਪਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਇਸ ਦੀ ਅਹਿਮੀਅਤ ਪਹਿਲੀ ਵਿਸ਼ਵ ਜੰਗ (1914-18) ਤੋਂ ਬਾਅਦ ਵਧੇਰੇ ਸਮਝੀ ਗਈ। ਸੰਨ 1920 ਤੋਂ ਬਰਤਾਨੀਆ ਨੇ ਆਪਣੇ ਸ਼ਾਸਿਤ ਦੇਸ਼ਾਂ ਜਿਨ੍ਹਾਂ ਨੂੰ ਉਸ ਵੇਲੇ ਕਾਲੋਨੀਆਂ ਕਿਹਾ ਜਾਂਦਾ ਸੀ ਉੱਥੇ ਖੇਤੀ ਖੋਜ ਦੀਆਂ ਗਤੀਵਿਧੀਆਂ ਵਧਾ ਦਿੱਤੀਆਂ। ਦੂਜਾ ਵਿਸ਼ਵ ਯੁੱਧ 1938 ਵਿਚ ਸ਼ੁਰੂ ਹੋਇਆ ਅਤੇ 1945 ਵਿਚ ਖ਼ਤਮ ਹੋਇਆ। ਇਸ ਦੇ ਨਾਲ ਜਿੱਥੇ ਅਨਾਜ ਦੀ ਅਹਿਮੀਅਤ ਨਜ਼ਰ ਆਈ, ਉੱਥੇ ਹੀ ਵਿਕਸਤ ਦੇਸ਼ਾਂ ਦਾ ਰਾਜ ਗ਼ਰੀਬ ਤੇ ਵਿਕਾਸਸ਼ੀਲ ਦੇਸ਼ਾਂ ਤੋਂ ਖ਼ਤਮ ਹੋਣ ਲੱਗਾ। ਇਸ ਨਾਲ ਖੇਤੀ ਪੈਦਾਵਾਰ ਦੇ ਸਰੋਤ ਅਤੇ ਆਬਾਦੀ ਦਾ ਵੱਡਾ ਹਿੱਸਾ ਤਰਕੀਬਨ ਪੱਛੜੇ ਦੇਸ਼ਾਂ ਕੋਲ ਰਹਿ ਗਿਆ। ਉਸ ਵਕਤ ਆਲਮੀ ਪੱਧਰ 'ਤੇ ਵਪਾਰ ਲਈ ਇਕ ਸੰਸਥਾ ਬਣਾਉਣ ਦੀ ਗੱਲ ਚੱਲੀ ਤਾਂ ਜੋ ਦੇਸ਼ਾਂ ਵਿਚ ਵਪਾਰ ਦੇ ਨਿਯਮ ਬਣ ਸਕਣ ਅਤੇ ਸਾਰੇ ਉਨ੍ਹਾਂ ਦੀ ਪਾਲਣਾ ਕਰਨ। ਇਸ ਨੇ ਜਨਮ ਦਿੱਤਾ ਜਨਰਲ ਐਗਰੀਮੈਂਟ ਆਨ ਟਰੇਡ ਐਂਡ ਟੈਰਿਫ (ਗੈਟ) ਨੂੰ। ਗੈਟ ਇਕ ਅੰਤਰਰਾਸ਼ਟਰੀ ਵਪਾਰ ਸੰਸਥਾ 1948 ਵਿਚ 23 ਦੇਸ਼ਾਂ ਵੱਲੋਂ ਰਲ ਕੇ ਬਣਾਈ ਗਈ। ਭਾਰਤ ਇਸ ਸੰਸਥਾ ਦਾ ਮੁੱਢਲਾ ਮੈਂਬਰ ਸੀ। ਇਸ ਸੰਸਥਾ ਦਾ ਮੁੱਖ ਉਦੇਸ਼ ਸੀ ਅੰਤਰਰਾਸ਼ਟਰੀ ਵਪਾਰ ਲਈ ਨਿਯਮ ਬਣਾ ਕੇ ਉਸ ਨੂੰ ਕੰਟਰੋਲ ਕਰਨਾ। ਇਸ ਤਹਿਤ ਮੈਂਬਰ ਦੇਸ਼ਾਂ ਲਈ ਨਿਯਮ ਇਕਸਮਾਨ ਰੱਖਣ ਦੀ ਗੱਲ ਸੀ। ਜੋ ਉਦੇਸ਼ ਉਲੀਕੇ ਜਾਂਦੇ ਸਨ, ਦੇਸ਼ ਆਪਣੀ ਸਹੂਲੀਅਤ ਦੇ ਹਿਸਾਬ ਨਾਲ ਉਸ 'ਤੇ ਅਮਲ ਕਰਦੇ ਜਾਂ ਨਾ ਕਰਦੇ। ਜੈਨੇਵਾ ਕਨਵੈਨਸ਼ਨ ਵਿਚ ਵੀ ਸਾਰੇ ਦੇਸ਼ਾਂ ਦੀ ਕਈ ਮੁੱਦਿਆਂ 'ਤੇ ਸਹਿਮਤੀ ਨਹੀਂ ਬਣੀ ਖ਼ਾਸ ਕਰ ਕੇ ਅਮਲ ਕਰਨ ਦੇ ਸਮੇਂ ਲਈ ਤਾਂ ਡੈਡਲਾਕ ਬਣ ਗਿਆ। ਇਸ ਨੂੰ 1995 ਵਿਚ ਵਿਸ਼ਵ ਵਪਾਰ ਸੰਗਠਨ ਬਣਾ ਕੇ ਤੋੜਿਆ ਗਿਆ। ਇਸ ਨੂੰ ਇਕ ਪੱਕੀ ਸੰਸਥਾ ਦਾ ਰੂਪ ਦਿੱਤਾ ਗਿਆ। ਹੁਣ ਕੋਈ ਵੀ ਮੈਂਬਰ ਇਸ ਵਿੱਚੋਂ ਨਿਕਲ ਨਹੀਂ ਸਕਦਾ ਸੀ। ਜੇ ਕਿਸੇ ਨੂੰ ਸਮੱਸਿਆ ਹੈ ਕਿਸੇ ਦੂਜੇ ਦੇਸ਼ ਨਾਲ ਤਾਂ ਉਸ ਖ਼ਿਲਾਫ਼ ਸ਼ਿਕਾਇਤ ਕਰਕੇ ਨਿਵਾਰਨ ਲੈ ਸਕਦਾ ਹੈ। ਇਸ ਕੰਮ ਲਈ ਡਿਸਪਿਊਟ ਰਿਡਰੈਸਲ ਕਮੇਟੀ ਬਣਾ ਦਿੱਤੀ ਗਈ। ਇਸ ਵਿਚ ਖੇਤੀ ਤੇ ਐਨਟੀਬੀ (ਨਾਨ ਟੈਰਿਫ ਬੈਰੀਅਰ) ਅਤੇ ਟੈਰਿਫ ਘਟਾਉਣ ਦਾ ਖਰੜਾ ਤਿਆਰ ਕੀਤਾ। ਇਸ ਵਿਚ ਵਿਕਸਤ ਦੇਸ਼ਾਂ ਨੇ 6 ਸਾਲਾਂ ਵਿਚ ਟੈਰਿਫ ਘਟਾਉਣੇ ਸੀ ਅਤੇ ਵਿਕਾਸਸ਼ੀਲ ਦੇਸ਼ਾਂ ਨੇ 10 ਸਾਲਾਂ ਵਿਚ ਇਸ ਨੂੰ ਅੰਜਾਮ ਦੇਣਾ ਸੀ। ਇਹ ਸਮਾਂ ਦਿੱਤਾ ਗਿਆ ਸੀ ਤਾਂ ਜੋ ਸਾਰੇ ਦੇਸ਼ ਆਪਣੀ ਖੇਤੀ ਪੈਦਾਵਾਰ ਨੂੰ ਖੁੱਲ੍ਹੀ ਮੰਡੀ ਵਿਚ ਲਿਆਉਣ ਲਈ ਤਿਆਰ ਹੋ ਜਾਣ। ਇਸ ਵਿਚਾਲੇ ਵਿਕਾਸਸ਼ੀਲ ਦੇਸ਼ਾਂ 'ਤੇ ਹਮੇਸ਼ਾ ਹੀ ਦਬਾਅ ਬਣਾਇਆ ਜਾਣ ਲੱਗਾ ਕਿ ਉਹ ਆਪਣੇ ਖੇਤੀ ਖੇਤਰ (ਖ਼ੁਰਾਕ) ਵਿਕਸਤ ਦੇਸ਼ਾਂ ਲਈ ਖੋਲ੍ਹਣ। ਇਸ ਵਿਚ ਭਾਰਤ ਨੇ ਕਈ ਵਾਰ ਵਿਕਾਸਸ਼ੀਲ ਦੇਸ਼ਾਂ ਅਤੇ ਆਪਣੇ ਦੇਸ਼ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕਈ ਨੀਤੀਆਂ ਨੂੰ ਲਾਗੂ ਕਰਨ 'ਤੇ ਅਸਹਿਮਤੀ ਜਤਾਈ। ਇਸੇ ਦਰਮਿਆਨ ਖੇਤੀ ਖੋਜ ਨੂੰ ਵਿਕਸਤ ਦੇਸ਼ਾਂ ਨੇ ਆਪਣੇ ਹੱਥ ਵਿਚ ਲੈਣ ਲਈ ਇੰਟਰਨੈਸ਼ਨਲ ਯੂਨੀਅਨ ਫਾਰ ਦਿ ਪ੍ਰੋਟੈਕਸ਼ਨ ਆਫ ਨਿਊ ਵਰਾਇਟੀਜ਼ ਆਫ ਪਲਾਂਟ (ਯੂਪੀਓਵੀ) ਬਣਾਈ। ਵਿਕਸਤ ਦੇਸ਼ਾਂ ਨੇ ਖੇਤੀ ਨੂੰ ਆਪਣੇ ਅਧੀਨ ਲੈਣ ਲਈ ਖੇਤੀ ਖੋਜ ਵਿਚ ਤਬਦੀਲੀਆਂ ਲਿਆਂਦੀਆਂ। ਪਹਿਲਾਂ ਸੂਈ-ਜੈਨਰਿਸ (ਜਿਹੜੀ ਵਸਤੂ ਮੁੱਢਲੇ ਤੌਰ 'ਤੇ ਕਿਸੇ ਜਗ੍ਹਾ ਜਾਂ ਦੇਸ਼ ਵਿਚ ਪੈਦਾ ਹੋਈ) ਤਹਿਤ ਪੇਟੈਂਟ ਕਰਨਾ ਸ਼ੁਰੂ ਕਰ ਦਿੱਤਾ। ਫਿਰ ਇਸ ਵਿਚ ਬਦਲਾਅ ਲਿਆਂਦਾ ਕਿ 1961 ਵਿਚ ਇਸ ਨੂੰ ਯੂਪੀਓਵੀ ਬਣਾ ਦਿੱਤਾ। ਸੰਨ 1978 ਦੀ ਕਨਵੈਨਸ਼ਨ ਵਿਚ ਪਲਾਂਟ ਬਰੀਡਰਾਂ ਦੀ ਮਨੋਪਲੀ ਕਰ ਦਿੱਤੀ ਗਈ। ਇਸ ਵੇਲੇ ਟਰੇਡ ਰਿਲੇਟਿਡ ਇੰਟਲੈਕਚੁਅਲ ਪ੍ਰਾਪਰਟੀ ਰਾਈਟਸ ਨੇ ਦੋ ਲੋਕਾਂ ਨੂੰ ਇਸ ਤੋਂ ਬਾਹਰ ਰੱਖਿਆ। ਇਕ ਉਹ ਪਲਾਂਟ ਬਰੀਡਰ ਜਿਨ੍ਹਾਂ ਨੇ ਵਿਕਸਤ ਕੀਤੀ ਕਿਸਮ ਨੂੰ ਵਰਤ ਕੇ ਹੋਰ ਵਰਾਇਟੀ ਤਿਆਰ ਕਰਨੀ ਹੈ। ਦੂਜਾ, ਕਿਸਾਨ ਯਾਨੀ ਕਿਸਾਨ ਆਪਣੇ ਖ਼ਰੀਦੇ ਬੀਜ ਵਿੱਚੋਂ ਅਗਾਂਹ ਲਈ ਆਪ ਬੀਜ ਰੱਖ ਸਕਦਾ ਹੈ ਪਰ ਉਸ ਬੀਜ ਨੂੰ ਕਿਸੇ ਦੂਜੇ ਕਿਸਾਨ ਨੂੰ ਵੇਚ ਨਹੀਂ ਸਕਦਾ। ਇਸ ਵਿਚ 1991 ਵਿਚ ਫਿਰ ਤਬਦੀਲੀ ਲਿਆਂਦੀ ਗਈ। ਜਿਸ ਤਹਿਤ ਜੇ ਬੀਜ ਦਾ ਕੋਈ ਟਰੇਟ ਕਿਸੇ ਹੋਰ ਬਰੀਡਰ ਨੇ ਨਵੀਂ ਵਰਾਇਟੀ ਵਿਚ ਪਾਉਣਾ ਹੈ ਤਾਂ ਉਸ ਨੂੰ ਪਲਾਂਟ ਬਰੀਡਰ ਰਾਈਟ ਹੋਲਡਰ ਤੋਂ ਪਹਿਲਾਂ ਆਗਿਆ ਲੈਣੀ ਹੋਵੇਗੀ ਅਤੇ ਰਾਇਲਟੀ ਦੇਣੀ ਪਵੇਗੀ। ਇਸ ਤਰ੍ਹਾਂ ਕਿਸਾਨ ਵੀ ਹੁਣ ਆਪਣੀ ਪੈਦਾਵਾਰ ਅਗਲੇ ਸਾਲ ਨਹੀਂ ਵਰਤ ਸਕਣਗੇ। ਜੇ ਉਨ੍ਹਾਂ ਨੇ ਵਰਤਣੀ ਹੈ ਤਾਂ ਉਨ੍ਹਾਂ ਨੂੰ ਵੀ ਕੰਪਨਸੇਸ਼ਨ ਦੇਣਾ ਪਵੇਗਾ ਜਾਂ ਬਰੀਡਰ ਤੋਂ ਮਨਜ਼ੂਰੀ ਲੈਣੀ ਪਵੇਗੀ। ਇਸ ਨੂੰ 1995 ਵਿਚ ਵਿਸ਼ਵ ਵਪਾਰ ਸੰਗਠਨ ਬਣਨ ਵੇਲੇ ਮਨਜ਼ੂਰ ਕਰ ਲਿਆ ਗਿਆ। ਭਾਰਤ ਨੇ ਇਸ ਤਹਿਤ ਕਈ ਦਬਾਅ ਝੱਲੇ ਪਰ 2004 ਵਿਚ ਸਰਕਾਰ ਨੇ ਪੇਟੈਂਟ ਅਤੇ ਸੀਡ ਐਕਟ 2004 ਵਿਚ ਤੀਜੀ ਵਾਰ ਤਬਦੀਲੀ ਲਿਆਂਦੀ ਜਿਸ ਵਿਚ ਹਰ ਬੀਜ ਪੈਦਾ ਕਰਨ ਵਾਲੇ ਨੂੰ ਆਪਣੇ ਬੀਜ ਨੂੰ ਪੇਟੈਂਟ ਕਰਾਉਣਾ ਲਾਜ਼ਮੀ ਕਰ ਦਿੱਤਾ। ਹੁਣ ਕਿਸਾਨ ਬੀਜ ਅਗਲੀ ਵਾਰ ਆਪ ਤਾਂ ਵਰਤ ਸਕਦੇ ਹਨ ਪਰ ਅਗਾਂਹ ਕਿਸੇ ਹੋਰ ਕਿਸਾਨ ਨੂੰ ਬੀਜ ਵੇਚ ਨਹੀਂ ਸਕਦੇ। ਇਸ ਨਾਲ ਕਾਰਪੋਰੇਟ ਨੇ ਬੀਜ 'ਤੇ ਮਨੋਪਲੀ ਕਰਕੇ ਆਪਣਾ ਮੁਨਾਫ਼ਾ ਵਧਾਉਣਾ ਹੈ। ਭਾਰਤ ਵਿਚ ਵੀ 2023 ਵਿਚ ਆਈਸੀਏਆਰ ਨੇ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਤਹਿਤ ਕਾਰਪੋਰੇਟਰਾਂ ਦੀਆਂ ਸੰਸਥਾਵਾਂ ਨਾਲ ਜੁੜ ਕੇ ਸਾਂਝੀ ਖੋਜ ਕਰਨ ਦਾ ਫ਼ੈਸਲਾ ਕੀਤਾ। ਇਸ ਵੇਲੇ ਮੁੱਦਾ ਖੇਤੀ ਖੋਜ 'ਤੇ ਗਲਬਾ ਬਣਾ ਕੇ ਖੇਤੀ ਨੂੰ ਕੰਟਰੋਲ ਕਰਨਾ ਹੈ।



ਇੱਥੇ ਜ਼ਿਕਰਯੋਗ ਹੈ ਵਿਸ਼ਵ ਵਪਾਰ ਸੰਗਠਨ ਦੇ ਮਾਧਿਅਮ ਨਾਲ ਮਲਟੀਲੈਟਰ ਟਰੇਡ (ਬਹੁ-ਪੱਖੀ ਵਪਾਰ) ਜਿਸ ਵਿਚ ਦੇਸ਼ ਇਕੱਠੇ ਹੋ ਕੇ ਵਿਕਸਤ ਦੇਸ਼ਾਂ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਹਨ। ਇਸ ਨਾਲ ਸਮਾਂ ਵੱਧ ਲੱਗਦਾ ਹੈ ਤੇ ਬਹੁਤੇ ਮੁੱਦੇ ਜੋ ਵਿਕਸਤ ਦੇਸ਼ਾਂ ਨੂੰ ਚਾਹੀਦੇ ਹਨ ਉਸ ਤਰੀਕੇ ਨਾਲ ਪਾਸ ਨਹੀਂ ਹੁੰਦੇ। ਇਸ ਵਿਚ ਫਿਰ ਨੇੜੇ-ਨੇੜੇ ਦੇ ਦੇਸ਼ਾਂ ਨੇ ਆਪਸ ਵਿਚ ਖੇਤਰੀ ਵਪਾਰ ਬਲਾਕ ਬਣਾ ਲਏ ਜਿਸ ਤਰ੍ਹਾਂ ਨਾਫਟਾ, ਈਯੂ, ਸਾਰਕ ਤੇ ਬ੍ਰਿਕਸ ਆਦਿ। ਇਨ੍ਹਾਂ ਨਾਲ ਦੇਸ਼ ਆਪਸ ਵਿਚ ਜੁੜ ਕੇ ਆਪਣਾ ਵਪਾਰ ਇਕ-ਦੂਜੇ ਲਈ ਖੋਲ੍ਹਦੇ ਅਤੇ ਬਾਕੀ ਦੇਸ਼ਾਂ ਤੇ ਅੰਤਰਰਾਸ਼ਟਰੀ ਸੰਗਠਨਾਂ ਨਾਲ ਰਲ ਕੇ ਇਕ-ਦੂਜੇ ਦੀ ਪੈਰਵੀ ਕਰਦੇ। ਜਦੋਂ ਇਨ੍ਹਾਂ ਵਿਚ ਵੀ ਸਾਰੀਆਂ ਗੱਲਾਂ 'ਤੇ ਸਹਿਮਤੀ ਬਣਦੀ ਨਜ਼ਰ ਨਾ ਆਈ ਤਾਂ ਦੇਸ਼ਾਂ ਨੇ ਦੁਵੱਲੇ ਵਪਾਰ ਅਤੇ ਆਪਸ ਵਿਚ ਖੁੱਲ੍ਹੇ ਵਪਾਰ ਸਮਝੌਤੇ ਕਰਨੇ ਸ਼ੁਰੂ ਕੀਤੇ। ਇਸ ਅਧੀਨ ਭਾਰਤ 'ਤੇ ਵੀ ਕਈ ਪਾਸਿਓਂ ਦਬਾਅ ਹੈ ਜਿਸ ਤਰ੍ਹਾਂ ਆਸਟ੍ਰੇਲੀਆ, ਨਿਊਜ਼ੀਲੈਂਡ, ਮਾਰੀਸ਼ਸ ਵਰਗੇ ਦੇਸ਼ਾਂ ਨਾਲ ਐੱਫਟੀਏ ਹੋਣੇ। ਉਧਰ ਯੂਰਪੀ ਯੂਨੀਅਨ ਨਾਲ ਐੱਫਟੀਏ ਦੀ ਗੱਲ 2007 ਵਿਚ ਸ਼ੁਰੂ ਹੋਈ ਅਤੇ 2022 ਤੱਕ ਮੁਲਤਵੀ ਰਹੀ। ਮੁੜ 2023 ਤੋਂ ਸ਼ੁਰੂ ਹੋਈ ਪਰ ਅਜੇ ਤੱਕ ਸਿਰੇ ਨਹੀਂ ਲੱਗੀ ਕਿਉਂਕਿ ਉਹ ਵੀ ਖੇਤੀ ਸਹਾਇਕ ਧੰਦਿਆਂ ਦੀ ਖੁੱਲ੍ਹ ਭਾਲਦੇ ਹਨ ਖ਼ਾਸ ਕਰਕੇ ਡੇਅਰੀ ਅਤੇ ਸਮੁੰਦਰੀ ਖਾਣੇ ਵਿਚ। ਉਧਰ ਅਮਰੀਕਾ ਪਰਸਪਰ ਟੈਰਿਫ ਲਾ ਕੇ ਭਾਰਤ ਦੇ ਦੁਵੱਲੇ ਵਪਾਰ ਸਮਝੌਤੇ 'ਤੇ ਹਸਤਾਖ਼ਰ ਲੈਣਾ ਚਾਹੁੰਦਾ ਹੈ। ਇਸ ਵੇਲੇ ਸੋਚਣ ਦੀ ਲੋੜ ਭਾਰਤ ਸਰਕਾਰ ਨੂੰ ਹੈ ਅਤੇ ਇਸ ਤਰ੍ਹਾਂ ਦੀ ਨੀਤੀ ਬਣਾਉਣ ਦੀ ਲੋੜ ਹੈ ਤਾਂ ਜੋ 60% ਖੇਤੀ 'ਤੇ ਨਿਰਭਰ ਆਬਾਦੀ ਨੂੰ ਅੰਤਰਰਾਸ਼ਟਰੀ ਕਾਰਪੋਰੇਟਾਂ ਤੋਂ ਬਚਾਇਆ ਜਾ ਸਕੇ।

ਅੱਜ ਜੋ ਖਾਣ-ਪੀਣ ਵਾਲੀਆਂ ਵਸਤਾਂ ਅਮਰੀਕਾ ਭਾਰਤ ਨੂੰ ਭੇਜਦਾ ਹੈ ਉਨ੍ਹਾਂ 'ਤੇ ਭਾਰਤ 37.7 ਫ਼ੀਸਦੀ ਡਿਊਟੀ ਲਾਉਂਦਾ ਹੈ ਜਦਕਿ ਭਾਰਤ ਤੋਂ ਅਮਰੀਕਾ ਜਾਣ ਵਾਲੀਆਂ ਖਾਣ-ਪੀਣ ਵਾਲੀਆਂ ਵਸਤਾਂ 'ਤੇ ਔਸਤ 5.6 ਫ਼ੀਸਦੀ ਡਿਊਟੀ ਲੱਗਦੀ ਹੈ ਯਾਨੀ 32.1 ਫ਼ੀਸਦੀ ਦਾ ਫ਼ਰਕ ਹੈ। ਅਮਰੀਕਾ ਇਸ ਨੂੰ ਬਰਾਬਰ ਕਰਨਾ ਚਾਹੁੰਦਾ ਹੈ। ਸਾਡੀ ਆਬਾਦੀ ਵਿਚ 60% ਲੋਕ ਸਿੱਧਾ ਖੇਤੀ 'ਤੇ ਨਿਰਭਰ ਹਨ ਅਤੇ ਅਸੀਂ 146 ਕਰੋੜ ਜਨਤਾ ਦਾ ਢਿੱਡ ਭਰਨਾ ਹੈ। ਦੂਜਾ ਸਾਡੇ 85 ਫ਼ੀਸਦੀ ਕਿਸਾਨ ਛੋਟੇ ਹਨ ਜਦਕਿ ਅਮਰੀਕਾ ਵਿਚ ਕਾਰਪੋਰੇਟ ਖੇਤੀ ਕਰਦੇ ਹਨ। ਸੋ, ਹੋਣਾ ਕੀ ਹੈ, ਇਸ ਵਪਾਰਕ ਸਮਝੌਤੇ ਨਾਲ ਉਨ੍ਹਾਂ ਨੇ ਆਪਣੀ ਪੈਦਾਵਾਰ ਸਾਡੇ ਦੇਸ਼ ਵਿਚ ਸਸਤੀ ਕਰ ਕੇ ਸੁੱਟ ਦੇਣੀ ਹੈ। ਸਾਡੇ ਅਰਥ-ਸ਼ਾਸਤਰੀਆਂ ਨੇ ਕਹਿਣਾ ਹੈ ਕਿ ਸਾਨੂੰ ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚੋਂ ਸਸਤਾ ਮਿਲਦਾ ਹੈ ਤਾਂ ਆਪਣੀ ਪੈਦਾਵਾਰ ਕੀ ਕਰਨੀ ਹੈ। ਸਾਡੇ ਕਿਸਾਨ ਹੌਲੀ-ਹੌਲੀ ਖ਼ਤਮ ਹੋ ਜਾਣਗੇ। ਖੇਤੀ 'ਤੇ ਕੰਟਰੋਲ ਬਾਹਰਲੇ ਦੇਸ਼ਾਂ ਦਾ ਹੋ ਜਾਵੇਗਾ। ਕਹਿਣ ਨੂੰ ਇਹ ਗੱਲਾਂ ਬਹੁਤ ਚੰਗੀਆਂ ਲੱਗਦੀਆਂ ਹਨ ਕਿ ਅਸੀਂ ਬਰਾਬਰੀ ਦੇ ਸਮਝੌਤੇ ਕਰਾਂਗੇ ਪਰ ਜਿਸ ਤੋਂ ਕਰਜ਼ਾ ਲੈਣਾ ਹੋਵੇ ਭਾਵ ਉਧਾਰ ਦੇਣ ਵਾਲੀਆਂ ਸੰਸਥਾਵਾਂ ਉਨ੍ਹਾਂ ਦੇ ਪੈਸੇ ਨਾਲ ਚੱਲਦੀਆਂ ਹੋਣ ਤਾਂ ਬਰਾਬਰੀ ਨਹੀਂ ਹੋ ਸਕਦੀ। ਉਮੀਦ ਕਰਦੇ ਹਾਂ ਕਿ ਸਰਕਾਰ ਇਸ ਸਬੰਧੀ ਠੋਸ ਨੀਤੀ ਬਣਾ ਕੇ ਆਪਣੇ ਲੋਕਾਂ ਤੇ ਦੇਸ਼ ਦੀ ਰਾਖੀ ਕਰੇਗੀ। ਭਵਿੱਖ 'ਚ ਕਰਜ਼ਾ ਲੈਣਾ ਘਟਾਉਣ ਦੀ ਸਖ਼ਤ ਲੋੜ ਹੈ। ਕਰਜ਼ਾ ਲੈ ਕੇ ਰਿਉੜੀਆਂ ਵੰਡਣੀਆਂ ਚੰਗੀ ਗੱਲ ਨਹੀਂ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ


# ਪੰਜਾਬ 'ਚ ਪੁਰਾਤਨ ਖੇਡਾਂ ਦੀ ਵਾਪਸੀ

ਪੰਜਾਬ ਵਿਧਾਨ ਸਭਾ ਨੇ ਸ਼ੁੱਕਰਵਾਰ ਨੂੰ ਇਕ ਅਹਿਮ ਫ਼ੈਸਲਾ ਲੈਂਦੇ ਹੋਏ ਪੰਜਾਬ ਪ੍ਰੀਵੈਂਸ਼ਨ ਆਫ ਕਰੂਐਲਿਟੀ ਟੂ ਐਨੀਮਲਜ਼ ਸੋਧ ਬਿੱਲ 2025 ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਸੂਬੇ ਦੀ ਸੱਭਿਆਚਾਰਕ ਵਿਰਾਸਤ ਦਾ ਅਨਿੱਖੜਵਾਂ ਅੰਗ ਬੈਲਗੱਡੀਆਂ ਦੀਆਂ ਦੌੜਾਂ ਨੂੰ ਮੁੜ ਸੁਰਜੀਤ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਇਹ ਬਿੱਲ ਪੰਜਾਬ ਸਰਕਾਰ ਦੀ ਉਸ ਸੋਚ ਨੂੰ ਦਰਸਾਉਂਦਾ ਹੈ ਜਿਸ 'ਚ ਸੱਭਿਆਚਾਰਕ ਪਰੰਪਰਾਵਾਂ ਨੂੰ ਬਚਾਉਣ ਦੇ ਨਾਲ-ਨਾਲ ਜਾਨਵਰਾਂ ਦੀ ਸੁਰੱਖਿਆ ਤੇ ਭਲਾਈ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਬੈਲਗੱਡੀਆਂ ਦੀਆਂ ਦੌੜਾਂ ਪੰਜਾਬ ਦੇ ਪੇਂਡੂ ਸੱਭਿਆਚਾਰ ਦਾ ਅਹਿਮ ਹਿੱਸਾ ਰਹੀਆਂ ਹਨ। ਇਹ ਨਾ ਸਿਰਫ਼ ਮਨੋਰੰਜਨ ਦਾ ਸਾਧਨ ਹਨ ਸਗੋਂ ਪੰਜਾਬ ਦੀ ਖੇਤੀਬਾੜੀ ਤੇ ਪਸ਼ੂ ਪਾਲਣ ਦੀ ਪਰੰਪਰਾ ਨੂੰ ਵੀ ਪ੍ਰਤੀਬਿੰਬਤ ਕਰਦੀਆਂ ਹਨ ਪਰ ਪਿਛਲੇ ਕੁਝ ਸਾਲਾਂ ਵਿਚ ਜਾਨਵਰਾਂ 'ਤੇ ਜ਼ੁਲਮਾਂ ਨੂੰ ਰੋਕਣ ਵਾਲੇ ਕਾਨੂੰਨਾਂ ਦੀ ਸਖ਼ਤੀ ਤੇ ਜਾਨਵਰਾਂ ਦੀ ਸੁਰੱਖਿਆ ਸਬੰਧੀ ਸੰਗਠਨਾਂ ਦੇ ਵਿਰੋਧ ਕਾਰਨ ਇਨ੍ਹਾਂ ਦੌੜਾਂ 'ਤੇ ਪਾਬੰਦੀ ਲੱਗ ਗਈ ਸੀ। ਇਸ ਸੋਧ ਬਿੱਲ ਜ਼ਰੀਏ ਪੰਜਾਬ ਸਰਕਾਰ ਨੇ ਇਕ ਸੰਤੁਲਿਤ ਪਹੁੰਚ ਅਪਣਾਈ ਹੈ ਜਿਸ 'ਚ ਸੱਭਿਆਚਾਰਕ ਮਹੱਤਵ ਨੂੰ ਬਰਕਰਾਰ ਰੱਖਦੇ ਹੋਏ ਜਾਨਵਰਾਂ ਦੀ ਸੁਰੱਖਿਆ ਨੂੰ ਵੀ ਪਹਿਲ ਦਿੱਤੀ ਗਈ ਹੈ। ਇਸ ਵਿਚ ਕਈ ਅਹਿਮ ਧਾਰਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਜੋ ਜਾਨਵਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਸੱਭਿਆਚਾਰਕ ਸਰਗਰਮੀਆਂ ਨੂੰ ਵੀ ਉਤਸ਼ਾਹਤ ਕਰਦੀਆਂ ਹਨ। ਬਿੱਲ ਦੇ ਪਾਸ ਹੋਣ ਨਾਲ ਬੈਲਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ ਪਰ ਦੌੜਾਂ ਨੂੰ ਸਖ਼ਤ ਨਿਯਮਾਂ ਤੇ ਦਿਸ਼ਾ-ਨਿਰਦੇਸ਼ਾਂ ਦੇ ਅਧੀਨ ਕਰਵਾਇਆ ਜਾਵੇਗਾ। ਜਾਨਵਰਾਂ 'ਤੇ ਕਿਸੇ ਵੀ ਤਰ੍ਹਾਂ ਦੇ ਜ਼ੁਲਮ ਨੂੰ ਰੋਕਣ ਲਈ ਸਖ਼ਤ ਪ੍ਰਬੰਧ ਕੀਤੇ ਗਏ ਹਨ।

ਦੌੜਾਂ ਦੌਰਾਨ ਜਾਨਵਰਾਂ ਨੂੰ ਸੱਟ ਮਾਰਨ, ਜ਼ਬਰਦਸਤੀ ਭਜਾਉਣ ਜਾਂ ਨੁਕਸਾਨਦੇਹ ਸਥਿਤੀਆਂ 'ਚ ਰੱਖਣ 'ਤੇ ਪਾਬੰਦੀ ਹੈ। ਬੈਲਗੱਡੀਆਂ ਦੀਆਂ ਦੌੜਾਂ ਲਈ ਸਰਕਾਰੀ ਮਨਜ਼ੂਰੀ ਤੇ ਨਿਗਰਾਨੀ ਨੂੰ ਲਾਜ਼ਮੀ ਕੀਤਾ ਗਿਆ ਹੈ। ਇਹ ਯਕੀਨੀ ਬਣਾਉਣ ਲਈ ਕਿ ਸਾਰੇ ਨਿਯਮਾਂ ਦੀ ਪਾਲਣਾ ਹੋਵੇ, ਸਥਾਨਕ ਪ੍ਰਸ਼ਾਸਨ ਤੇ ਪਸ਼ੂ ਸੁਰੱਖਿਆ ਸੰਗਠਨਾਂ ਦੀਆਂ ਟੀਮਾਂ ਮੌਕੇ 'ਤੇ ਮੌਜੂਦ ਹੋਣਗੀਆਂ। ਬਿੱਲ 'ਚ ਬੈਲਗੱਡੀਆਂ ਦੀਆਂ ਦੌੜਾਂ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦੇ ਰੂਪ 'ਚ ਮਾਨਤਾ ਦਿੱਤੀ ਗਈ ਹੈ। ਇਸ ਨਾਲ ਸੂਬੇ ਦੇ ਲੋਕਾਂ ਨੂੰ ਆਪਣੀ ਪਰੰਪਰਾਵਾਂ ਨਾਲ ਜੁੜੇ ਰਹਿਣ ਦਾ ਮੌਕਾ ਮਿਲੇਗਾ।

ਬੈਲਗੱਡੀਆਂ ਦੀਆਂ ਦੌੜਾਂ ਪੰਜਾਬ ਦੇ ਪੇਂਡੂ ਖੇਤਰਾਂ 'ਚ ਸਦੀਆਂ ਤੋਂ ਚਲੀਆਂ ਆ ਰਹੀਆਂ ਹਨ। ਇਹ ਦੌੜਾਂ ਨਾ ਸਿਰਫ਼ ਮਨੋਰੰਜਨ ਦਾ ਸਾਧਨ ਹਨ ਸਗੋਂ ਕਿਸਾਨਾਂ ਤੇ ਪਸ਼ੂ ਪਾਲਕਾਂ ਦੀ ਸਮਰੱਥਾ ਤੇ ਹੁਨਰ ਨੂੰ ਵੀ ਪ੍ਰਦਰਸ਼ਿਤ ਕਰਦੀਆਂ ਹਨ।

ਇਹ ਅਕਸਰ ਮੇਲਿਆਂ, ਤਿਉਹਾਰਾਂ ਤੇ ਸਮ-ਾਜਿਕ ਸਮਾਗਮਾਂ ਦੌਰਾਨ ਹੁੰਦੀਆਂ ਹਨ ਜਿਸ ਨਾਲ ਸਮਾਜਿਕ ਏਕਤਾ ਤੇ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ। ਪੰਜਾਬ ਦੇ ਲੋਕ ਸੱਭਿਆਚਾਰ ਦੀ ਸੰਭਾਲ ਲਈ ਇਸ ਨੂੰ ਇਕ ਸਕਾਰਾਤਮਕ ਕਦਮ ਮੰਨਿਆ ਜਾ ਸਕਦਾ ਹੈ। ਬੈਲਗੱਡੀਆਂ ਦੀਆਂ ਦੌੜਾਂ ਦੀ ਵਾਪਸੀ ਨਾਲ ਸਥਾਨਕ ਮੇਲੇ ਤੇ ਤਿਉਹਾਰ ਹੋਰ ਵੀ ਰੌਣਕਮਈ ਹੋਣਗੇ ਪਰ ਹੁਣ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਹੋਵੇ ਅਤੇ ਜਾਨਵਰਾਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇ। ਇਹ ਬਿੱਲ ਪੰਜਾਬ ਦੇ ਸੱਭਿਆਚਾਰਕ ਤੇ ਸਮਾਜਿਕ ਢਾਂਚੇ 'ਚ ਇਕ ਨਵਾਂ ਅਧਿਆਇ ਜੋੜੇਗਾ ਜਿਸ ਨਾਲ ਸੂਬਾ ਆਪਣੀ ਪਛਾਣ ਨੂੰ ਬਰਕਰਾਰ ਰੱਖਦਾ ਹੋਇਆ ਅੱਗੇ ਵਧੇਗਾ।



Matrimonial

## ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: **510-938-7771** **shaadi@pardestimes.com**

### ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ 'ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

### ਵਰ ਦੀ ਲੋੜ

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

### ਵਰ ਦੀ ਲੋੜ

ਗੁਰਸਿੱਖ ਲੜਕੀ ਅਮਰੀਕਨ ਸਿਟੀਜ਼ਨ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਲਈ, ਜਿਸਨੇ ਐਚ. ਆਰ. ਦੀ ਗ੍ਰੈਜੂਏਸ਼ਨ ਕੈਲੇਫੋਰਨੀਆ ਤੋਂ ਕੀਤੀ ਹੋਈ ਹੈ ਅਤੇ ਸੀ.ਪੀ.ਏ. ਦਾ ਕੰਮ ਕਰ ਰਹੀ ਹੈ, ਲਈ ਬਰਾਬਰ ਦੀ ਪੜ੍ਹਾਈ ਵਾਲੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263 ਤੇ ਸੰਪਰਕ ਕਰੋ।

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖ਼ੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

# ਜੋ ਭਰ ਰਹੀਆਂ ਨੇ ਅਸੰਖ ਖ਼ੂਹਣੀਆਂ ਜਿਸ ਵਿਚ ਖਪ ਰਿਹੈ ਸਾਡਾ ਅੰਤ ਵੀ ਤੇ ਅਨੰਤ ਵੀ..

ਗੱਲ ਕੋਈ ਤਿੰਨ ਦਹਾਕੇ ਪੁਰਾਣੀ ਹੈ। ਘਰ ਵਿਚ ਇਕ ਸਰਕਾਰੀ ਨੌਕਰੀ ਆਈ ਤੇ ਨਾਲ ਹੀ 'ਬੁੱਧੂ ਬਕਸਾ' ਆ ਗਿਆ। ਤੁਸੀਂ ਜਾਣਦੇ ਹੀ ਹੋ ਕਿ ਟੀਵੀ ਨੂੰ 'ਬੁੱਧੂ ਬਕਸਾ' (Iidot Box) ਦਾ ਸੰਬੋਧਨ ਅਕਸਰ ਅੰਗਰੇਜ਼ੀ ਸਾਹਿਤ ਅਤੇ ਮੀਡੀਆ ਵਿਚ ਵਰਤਿਆ ਜਾਂਦਾ ਹੈ। 'ਬੁੱਧੂ ਬਕਸਾ' ਕੀ ਆਇਆ, ਉਸ ਨੇ ਘਰ ਦਾ ਮਾਹੌਲ ਹੀ ਬਦਲ ਕੇ ਰੱਖ ਦਿੱਤਾ। ਪਰਿਵਾਰ ਦੇ ਜੀਆਂ ਦਾ ਸਮਾਂ ਹੁਣ ਟੀਵੀ ਦੇ ਸਮੇਂ ਅਨੁਸਾਰ ਨਿਸ਼ਚਤ ਹੋਣਾ ਸ਼ੁਰੂ ਹੋ ਗਿਆ। ਖ਼ਾਸਕਰ ਸ਼ਾਮਾਂ ਤੇ ਰਾਤਾਂ। ਹੁਣ ਸ਼ਾਮ ਦੇ ਖਾਣੇ ਉੱਪਰ ਹੁੰਦੀਆਂ ਪਰਿਵਾਰਕ ਚਰਚਾਵਾਂ ਨੂੰ ਚਿੱਤਰਹਾਰ ਨੇ ਹੂੰਝ ਕੇ ਪਾਸੇ ਕਰਤਾ। ਇਵੇਂ ਹੀ ਦਾਦਾ-ਦਾਦੀ ਤੋਂ ਸੁਣਨ ਵਾਲੀਆਂ ਬਾਤਾਂ ਦੇ ਹੁੰਗਾਰੇ ਰਾਤ ਦੇ ਸੀਰੀਅਲਾਂ ਨੇ ਚੁੱਪ ਕਰਾ ਦਿੱਤੇ। ਇਸ ਮਾਹੌਲ ਤੋਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਮੇਰੇ ਦਾਦਾ ਜੀ। ਉਹ ਇਕਲਾਪਾ ਮਹਿਸੂਸ ਕਰਦੇ। ਘਰ 'ਚ ਆਈ ਟੀਵੀ ਨਾਮ ਦੀ ਸ਼ੈਅ ਨੇ ਐਸਾ ਮੰਤਰ ਮਾਰਿਆ ਕਿ ਸਭ ਦਾ ਸਮਾਂ ਉਡੰਤਰ ਹੋ ਗਿਆ।

**ਡਾ. ਪਰਮਜੀਤ ਸਿੰਘ ਕੱਟੂ**

ਮੇਰਾ ਲਗਾਅ ਫਿਰ ਵੀ ਦਾਦਾ ਜੀ ਨਾਲ ਓਨਾ ਹੀ ਰਿਹਾ। ਮੈਂ ਉਦੋਂ 13-14 ਸਾਲਾਂ ਦਾ ਸਾਂ। ਮੈਂ ਅਕਸਰ ਉਨ੍ਹਾਂ ਤੋਂ ਗੱਲਾਂ



ਸੁਣਦਾ ਰਹਿੰਦਾ। ਉਨ੍ਹਾਂ ਕੋਲ ਜ਼ਿੰਦਗੀ ਦੇ ਐਨੇ ਅਨੁਭਵ ਸਨ ਕਿ ਮੇਰੇ ਲਈ ਉਹ ਕਿਸੇ ਵੀ ਸੁਪਰ ਹੀਰੋ ਤੋਂ ਘੱਟ ਨਹੀਂ ਸਨ। ਉਹ ਬੜੇ ਹੀ ਸਹਿਜ ਵਿਅਕਤੀ ਸਨ। ਇਕ ਦਿਨ ਟੀਵੀ ਨਾਲ ਬਦਲੇ ਹੋਏ ਮਾਹੌਲ ਬਾਰੇ ਮੈਨੂੰ ਕਹਿਣ ਲੱਗੇ "ਫ਼ੱਕਰਾ, ਇਹ ਸਾਰੇ ਅਣਜੰਮੀ ਫ਼ੌਜ ਨੇ ਸ਼ਹੀਦ ਕਰ ਦੇਣੇ ਨੇ।" ਅੱਖਰਾਂ ਤੋਂ ਕੋਰੇ ਪਰ ਗੂੜ੍ਹ ਗਿਆਨੀ ਮੇਰੇ ਦਾਦਾ ਜੀ ਦਾ ਇਹ ਫ਼ਿਕਰਾ ਯਾਦ ਕਰਕੇ ਮੈਂ ਅਚੰਭਿਤ ਹੋ ਜਾਂਦਾ ਹਾਂ। ਟੀਵੀ ਉੱਪਰ ਚੱਲਦੇ ਪਾਤਰਾਂ ਨੂੰ ਅਣਜੰਮੀ ਫ਼ੌਜ ਕਹਿਣਾ, ਇਹ ਸ਼ਾਇਦ ਮੀਡੀਆ ਦੇ ਕਿਸੇ ਤਥਾ-ਕਥਿਤ ਵਿਦਵਾਨ ਦੇ ਹਿੱਸੇ ਵੀ ਨਾ ਆਇਆ ਹੋਵੇ। ਇਹ ਪਾਤਰ, ਘਟਨਾਵਾਂ ਅਜਿਹੀ ਕਾਲਪਨਿਕ ਸਿਰਜਣਾ ਨੇ ਜਿਹੜੇ ਕਦੇ ਮਰਨੇ ਨਹੀਂ।

ਦਾਦਾ ਜੀ ਨੂੰ ਜਹਾਨ ਤੋਂ ਰੁਖ਼ਸਤ ਹੋਇਆਂ ਦੋ ਦਹਾਕੇ ਹੋ ਚੱਲੇ ਨੇ। ਇੰਟਰਨੈੱਟ ਦਾ ਵਰਚੁਅਲ ਪਸਾਰਾ ਉਨ੍ਹਾਂ ਦੇ ਜਾਣ ਤੋਂ ਬਾਅਦ ਪੈਦਾ ਹੋਇਆ ਪਰ ਉਨ੍ਹਾਂ ਦਾ ਫ਼ਿਕਰਾ ਅੱਜ ਵੀ ਗੂੰਜਦਾ ਰਹਿੰਦਾ ਹੈ "ਫ਼ੱਕਰਾ, ਇਹ ਸਾਰੇ ਅਣਜੰਮੀ ਫ਼ੌਜ ਨੇ ਸ਼ਹੀਦ ਕਰ ਦੇਣੇ ਨੇ।" ਹੁਣ ਤਾਂ ਇਸ ਅਣਜੰਮੀ ਫ਼ੌਜ ਦੀਆਂ ਪਲਟਣਾਂ ਦੀਆਂ ਪਲਟਣਾਂ ਘੁੰਮਦੀਆਂ ਨੇ ਜਿਹੜੀਆਂ ਮਹਾਭਾਰਤ ਦੀਆਂ ਅਠਾਰਾਂ ਖ਼ੂਹਣੀਆਂ ਭਰਨ ਵਾਲੀ ਫ਼ੌਜ ਤੋਂ ਪਤਾ ਨਹੀਂ ਕਿੰਨੀਆਂ ਵੱਡੀਆਂ ਤੇ ਭਿਆਨਕ ਨੇ। ਮਹਾਭਾਰਤ ਬਾਰੇ ਕਿਹਾ ਜਾਂਦਾ ਹੈ :

ਕੈਰੋਂ ਪਾਂਡੋ ਕਰਨ ਲੜਾਈਆਂ,
ਅਠਾਰਾਂ ਖ਼ੂਹਣੀਆਂ ਤਦੋਂ ਖਪਾਈਆਂ।
ਮਾਰਨ ਭਾਈ ਸਕਿਆਂ ਭਾਈਆਂ,
ਕੀ ਓਥੇ ਨਿਆਂ ਨਿਤਾਰਿਆ ਈ।

ਖ਼ੂਹਣੀ ਦਾ ਅਰਥ ਹੈ ਵੱਡੀ ਗਿਣਤੀ ਵਿਚ ਹਾਥੀਆਂ, ਘੋੜਿਆਂ ਅਤੇ ਪੈਦਲ ਸਿਪਾਹੀਆਂ ਦੀ ਫ਼ੌਜ; ਲੋਕ-ਧਾਰਨਾ ਅਨੁਸਾਰ, ਏਨੀ ਵੱਡੀ ਗਿਣਤੀ ਦੀ ਫ਼ੌਜ ਜਿਸ ਦੇ ਹਾਥੀਆਂ, ਰੱਥਾਂ, ਘੋੜਿਆਂ ਅਤੇ ਸਿਪਾਹੀਆਂ ਦੇ ਲੰਘਣ ਸਮੇਂ ਉੱਡੀ ਧੂੜ ਨਾਲ ਲਾਂਘੇ ਨੇੜੇ ਦਾ ਖ਼ੂਹ ਭਰ ਜਾਵੇ। ਮਹਾਨ ਕੋਸ਼ ਅਨੁਸਾਰ ਇਕ ਖ਼ੂਹਣੀ ਸੈਨਾ ਦੀ ਗਿਣਤੀ ਵਿਚ ਹਾਥੀ 21870, ਰੱਥ 21870, ਘੋੜੇ 65610, ਪੈਦਲ 109350 ਸਿਪਾਹੀ ਹੁੰਦੇ ਸਨ।

ਹੁਣ ਇਸ ਅਣਜੰਮੀ ਫ਼ੌਜ ਦੀਆਂ ਖ਼ੂਹਣੀਆਂ ਨੇ ਕਿਹੜੇ-ਕਿਹੜੇ ਖ਼ੂਹ ਭਰਨੇ ਨੇ, ਇਹ ਬਹੁਤ ਹੀ ਵੱਡਾ ਸਵਾਲ ਆ। ਤੇ ਇਹ ਖ਼ੂਹ ਵੀ ਐਸੇ ਨੇ ਜਿਨ੍ਹਾਂ ਦਾ ਥੱਲਾ ਕੋਈ ਨਹੀਂ। ਇਸ ਅਣਜੰਮੀ ਫ਼ੌਜ ਦੀ ਇਕ ਮਿਸਾਲ ਇਹ ਹੈ ਕਿ ਪਿਛਲੇ ਦਿਨੀਂ ਜਿਹੜੇ ਜਿਸਮ ਨੂੰ ਦੇਖਣ ਵਾਲਿਆਂ ਦੀ ਗਿਣਤੀ ਤਿੰਨ ਤੋਂ ਚਾਰ ਲੱਖ ਦੱਸੀ ਜਾਂਦੀ ਹੈ, ਜਦੋਂ ਉਹੀ ਜਿਸਮ ਫਨਾਹ ਹੋਇਆ ਤਾਂ ਉੱਥੇ ਪਹੁੰਚਣ ਵਾਲਿਆਂ ਦੀ ਗਿਣਤੀ ਸ਼ਾਇਦ ਚਾਰ ਤੱਕ ਵੀ ਨਾ ਅੱਪੜੀ।

ਅਸਲ ਵਿਚ ਇਸ ਅਣਜੰਮੀ ਫ਼ੌਜ ਦੀਆਂ ਪਰੇਡਾਂ ਨੇ ਸਾਨੂੰ 'ਬ੍ਰੇਨ ਰੌਟ' ਦੀ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ। ਆਕਸਫੋਰਡ ਡਿਕਸ਼ਨਰੀ ਨੇ ਸਾਲ 2024 ਦੇ ਸ਼ਬਦ ਵਜੋਂ 'ਬ੍ਰੇਨ ਰੌਟ' ਨੂੰ ਚੁਣਿਆ। ਪੰਜਾਬੀ ਵਿਚ ਇਸ ਦਾ ਅਰਥ ਕੀਤਾ ਜਾ ਸਕਦਾ ਹੈ 'ਦਿਮਾਗੀ ਗਿਰਾਵਟ' ਜਾਂ 'ਦਿਮਾਗ ਦੀ ਖ਼ਰਾਬੀ'। ਇਹ ਸ਼ਬਦ ਕਿਸੇ ਵਿਅਕਤੀ ਦੀ ਮਾਨਸਿਕ ਜਾਂ ਬੌਧਿਕ ਸਥਿਤੀ ਵਿਚ ਆਉਣ ਵਾਲੀ ਖ਼ਰਾਬੀ ਨੂੰ ਦਰਸਾਉਂਦਾ ਹੈ ਜੋ ਖ਼ਾਸ ਤੌਰ 'ਤੇ ਸੋਸ਼ਲ ਮੀਡੀਆ ਜਾਂ ਇੰਟਰਨੈੱਟ 'ਤੇ ਬੇਲੋੜੀ, ਸਤਹੀ ਜਾਂ ਗ਼ੈਰ-ਚੁਣੌਤੀਪੂਰਨ ਸਮੱਗਰੀ ਦੀ ਜ਼ਿਆਦਾ ਵਰਤੋਂ ਕਾਰਨ ਹੁੰਦੀ ਹੈ।

ਇਹ ਸ਼ਬਦ ਅੱਜ ਦੇ ਡਿਜੀਟਲ ਯੁੱਗ ਵਿਚ ਸੋਸ਼ਲ ਮੀਡੀਆ ਦੇ ਵਧਦੇ ਪ੍ਰਭਾਵ ਨੂੰ ਦਰਸਾਉਂਦਾ ਹੈ ਜਿੱਥੇ ਲੋਕ ਘੰਟਿਆਂ ਤੱਕ ਟਿਕਟਾਕ, ਇੰਸਟਾਗ੍ਰਾਮ, ਯੂਟਿਊਬ ਜਾਂ ਹੋਰ ਪਲੇਟਫਾਰਮਾਂ 'ਤੇ ਸਕ੍ਰੋਲ ਕਰਦੇ ਰਹਿੰਦੇ ਹਨ। ਇਸ ਦੌਰਾਨ ਉਹ ਅਜਿਹੀ ਸਮੱਗਰੀ ਦੇ ਸੰਪਰਕ ਵਿਚ ਆਉਂਦੇ ਹਨ ਜੋ ਜ਼ਿਆਦਾਤਰ ਮਨੋਰੰਜਕ ਹੁੰਦੀ ਹੈ ਪਰ ਅਕਸਰ ਬੌਧਿਕ ਤੌਰ 'ਤੇ ਉਤੇਜਕ ਨਹੀਂ ਹੁੰਦੀ। ਇਸ ਵਿਚ ਮੀਮਜ਼, ਵਾਇਰਲ ਵੀਡੀਓਜ਼ ਜਾਂ ਬੇਮਤਲਬ ਦੀਆਂ ਪੋਸਟਾਂ ਸ਼ਾਮਲ ਹੋ ਸਕਦੀਆਂ ਹਨ ਜੋ ਲੋਕਾਂ ਦੀ ਸੋਚਣ-ਸਮਝਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

'ਬ੍ਰੇਨ ਰੌਟ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਹੀ ਪ੍ਰਚਲਿਤ ਹੋਈ ਜਿੱਥੇ ਨੌਜਵਾਨ ਆਪਣੇ-ਆਪ ਨੂੰ ਜਾਂ ਦੂਜਿਆਂ ਨੂੰ ਮਜ਼ਾਕ ਵਿਚ ਦਿਮਾਗੀ ਤੌਰ 'ਤੇ ਖ਼ਰਾਬ ਹੋਣ ਦਾ ਦਾਅਵਾ ਕਰਦੇ ਸਨ ਜਦੋਂ ਉਹ ਬਹੁਤ ਜ਼ਿਆਦਾ ਸਮਾਂ ਸਕਰੀਨ 'ਤੇ ਬਿਤਾਉਂਦੇ ਸਨ। ਪਰ, ਇਹ ਸ਼ਬਦ ਹੁਣ ਇਕ ਵਿਆਪਕ ਸਮਾਜਿਕ ਚਿੰਤਾ ਨੂੰ ਦਰਸਾਉਂਦਾ ਹੈ ਜੋ ਡਿਜੀਟਲ ਸਮੱਗਰੀ ਦੇ ਨਕਾਰਾਤਮਕ ਪ੍ਰਭਾਵਾਂ ਨਾਲ ਜੁੜਿਆ ਹੈ।

ਤੇ ਮੈਨੂੰ ਲੱਗਦਾ ਹੈ ਕਿ ਆਕਸਫੋਰਡ ਡਿਕਸ਼ਨਰੀ ਦੀ ਕਿੰਨੀ ਵੱਡੀ ਟੀਮ ਨੇ ਕਿੰਨੀ ਮਿਹਨਤ ਤੋਂ ਬਾਅਦ ਸਿਰਫ਼ ਇਕ ਸਾਲ ਲਈ ਇਕ ਸ਼ਬਦ 'ਬ੍ਰੇਨ ਰੌਟ' ਚੁਣਿਆ ਤੇ ਮੇਰੇ ਦਾਦਾ ਜੀ ਨੇ ਕਿੰਨੇ ਹੀ ਸਹਿਜ ਨਾਲ ਇਕ ਸੰਕਲਪ ਦਿੱਤਾ ਸਾਰੇ ਸਮਿਆਂ ਲਈ-ਅਣਜੰਮੀ ਫ਼ੌਜ ਦੀਆਂ ਪਲਟਣਾਂ.. ਜੋ ਭਰ ਰਹੀਆਂ ਨੇ ਅਸੰਖ ਖ਼ੂਹਣੀਆਂ ਜਿਸ ਵਿਚ ਖਪ ਰਿਹੈ ਸਾਡਾ ਅੰਤ ਵੀ ਤੇ ਅਨੰਤ ਵੀ.. ਤੇ ਕਿੰਨੇ ਹੀ ਹੋ ਰਹੇ ਨੇ ਯੁੱਧ ਘਮਸਾਣ...।




# ਦੌੜ-ਭੱਜ ਵਿਚ ਅਸੀਂ ਜੀਵਨ ਦਾ ਆਨੰਦ ਮਾਣਨਾ ਵੀ ਭੁੱਲ ਗਏ ਹਾਂ

ਡਾ. ਕਿਰਨਜੀਤ ਰੰਧਾਵਾ

ਪੁਰਾਣੀ ਗੱਲ ਹੈ, ਮੇਰੀ ਰਸੋਈ ਦੇ ਬਿਲਕੁਲ ਸਾਹਮਣੇ ਇਕ ਸੰਘਣਾ ਬੂਟਾ ਲੱਗਾ ਹੋਇਆ ਸੀ ਜਿਸ 'ਤੇ ਮੈਂ ਵੇਖਿਆ ਕਿ ਇਕ ਬੁਲਬੁਲ ਕਈ ਦਿਨਾਂ ਤੋਂ ਵਾਰ-ਵਾਰ ਚੱਕਰ ਮਾਰ ਰਹੀ ਸੀ। ਉਸ ਦੀ ਚਹਿਚਹਾਟ ਵਿਚ ਦਿਲ ਲੁਭਾਉਣੇ ਸੁਰ ਭਰੇ ਪਏ ਸਨ। ਉਸੇ ਤਰ੍ਹਾਂ ਜਿਵੇਂ ਮਨੁੱਖ ਆਪਣੇ ਘਰ ਨੂੰ ਬਣਾਉਣ ਲਈ ਪੱਬਾਂ ਭਾਰ ਹੋਇਆ ਫਿਰਦਾ ਹੈ। ਵੇਖਦੇ-ਵੇਖਦੇ ਬੁਲਬੁਲ ਨੇ ਆਲ੍ਹਣਾ ਪਾਇਆ, ਆਂਡੇ ਦਿੱਤੇ, ਰੌਣਕਾਂ ਲੱਗੀਆਂ।

ਜਦੋਂ ਬੱਚੇ ਨਿਕਲੇ ਤਾਂ ਚੀਂ-ਚੀਂ ਨੇ ਸਾਰੇ ਵਿਹੜੇ ਵਿਚ ਰੌਣਕ ਲਾ ਦਿੱਤੀ। ਫਿਰ ਬੋਟਾਂ ਨੂੰ ਕੁਝ ਦਿਨ ਉੱਡਣਾ ਸਿਖਾਉਂਦੀ ਰਹੀ। ਜਦੋਂ ਬੱਚੇ ਉਡਾਰੀ ਭਰਨਾ ਸਿੱਖ ਗਏ ਤੇ ਵਾਪਸ ਨਾ ਮੁੜੇ ਤਾਂ ਉਹ ਝੱਲੀ ਜਿਹੀ ਹੋ ਕੇ ਕੁਝ ਦਿਨ ਤਾਂ ਬਗੀਚੇ ਵਿਚ ਬੋਟਾਂ ਨੂੰ ਲੱਭਦੀ ਰਹੀ ਜਿਵੇਂ ਤਰਲੇ ਮਾਰ ਰਹੀ ਹੋਵੇ। ਬੋਟਾਂ ਨੂੰ ਹਰ ਟਾਹਣੀ 'ਤੇ ਲੱਭਦੀ ਤੇ ਸੁਰੀਲੀਆਂ ਆਵਾਜ਼ਾਂ ਮਾਰਦੀ ਹੰਭ ਜਾਂਦੀ ਤੇ ਫਿਰ ਵੀ ਹਨੇਰਾ ਹੋਣ ਤੱਕ ਆਲ੍ਹਣੇ ਦੇ ਬਾਹਰ ਹੀ ਬੈਠੀ ਉਡੀਕਦੀ ਰਹਿੰਦੀ। ਅੰਤ ਆਪ ਵੀ ਉੱਡ ਗਈ ਤੇ ਆਲ੍ਹਣਾ ਖ਼ਾਲੀ ਵੀਰਾਨ ਵੇਖ ਕੇ ਮੈਂ ਵੀ ਉਦਾਸ ਹੋ ਗਈ।

ਇੰਜ ਬੁਲਬੁਲ ਹਰ ਵਾਰ ਕਿਸੇ ਇਕ ਬੂਟੇ 'ਤੇ ਬਰੀਕ ਘਾਹ ਦਾ ਗੋਲ, ਪਿਆਰਾ ਤੇ ਛੋਟਾ ਜਿਹਾ ਆਲ੍ਹਣਾ ਪਾਉਂਦੀ ਤਾਂ ਮੈਨੂੰ ਖ਼ੁਸ਼ੀ ਚੜ੍ਹ ਜਾਂਦੀ। ਮੈਂ ਰੋਜ਼ ਉਸ ਦੀ ਸਾਰੀ ਕਾਰਵਾਈ ਤਾਂਘ ਨਾਲ ਵੇਖਦੀ। ਆਂਡਿਆਂ ਤੇ ਬੋਟਾਂ ਨੂੰ ਮੀਂਹ-ਕਣੀ ਤੋਂ ਬਚਾਉਣ ਲਈ ਬੂਟੇ ਨੂੰ ਮੋਮਜਾਮੇ ਨਾਲ ਢਕਦੀ। ਇੰਜ ਮੇਰੇ ਕੰਮਾਂ ਵਿਚ ਇਹ ਜ਼ਰੂਰੀ ਕੰਮ ਵੀ ਸ਼ਾਮਲ ਹੋ ਜਾਂਦਾ। ਜਾਨਲੇਵਾ ਗਰਮੀ ਵਿਚ ਉਹ ਚੁੰਝ ਖੋਲ੍ਹੀ ਆਲ੍ਹਣੇ ਦੀ ਰਖਵਾਲੀ ਕਰਦੀ। ਨਰ ਦਾਣੇ ਦੀ ਭਾਲ ਵਿਚ ਜਾਂਦਾ ਤਾਂ ਮਾਦਾ ਬੋਟਾਂ 'ਤੇ ਪਹਿਰਾ ਦਿੰਦੀ।

ਬੁਲਬੁਲ ਦੀ ਰੋਜ਼ਮੱਰਾ ਦੀ ਇਸ ਪੂਰੀ ਮਿਹਨਤ ਨੂੰ ਮੈਂ ਲਿਖ ਕੇ ਇਕ ਅਖ਼ਬਾਰ ਨੂੰ ਭੇਜਿਆ। ਇਸ ਲੇਖ ਨੂੰ ਪੜ੍ਹਨ ਵਾਲਿਆਂ ਦਾ ਬਹੁਤ ਪਿਆਰ ਮਿਲਿਆ। ਲਗਾਤਾਰ ਫੋਨ ਆਉਣੇ ਸ਼ੁਰੂ ਹੋਏ। ਹੈਰਾਨੀ ਦੀ ਗੱਲ ਇਹ ਸੀ ਕਿ ਉਨ੍ਹਾਂ ਨੇ ਮੇਰੇ ਤੋਂ ਵੀ ਵੱਧ ਨੇੜੇ ਹੋ ਬੁਲਬੁਲ ਦੀਆਂ ਭਾਵਨਾਵਾਂ ਨੂੰ ਪਰਖਿਆ ਅਤੇ ਲਫ਼ਜ਼ਾਂ ਦੀ ਗਹਿਰਾਈ ਤੱਕ ਮੇਰੀ ਡੁਬਕੀ ਲੁਆਈ ਤੇ ਸਮਝਾਇਆ ਕਿ ਜੀਵਨ ਵਿਚ ਕਦੇ ਵੀ ਉਦਾਸ ਨਾ ਹੋਵੋ। ਹਰੇਕ ਨੇ ਕਿਹਾ ਕਿ ਉਮੀਦ ਰੱਖੋ, ਬੁਲਬੁਲ ਫਿਰ ਆਵੇਗੀ।

ਇਨ੍ਹਾਂ ਕਾਲਰਾਂ ਨੇ ਮੇਰੇ ਸ਼ਬਦਾਂ ਨਾਲ ਦਿਲੀ ਸਾਂਝ ਪਾ ਲਈ ਅਤੇ ਬੁਲਬੁਲ ਕਹਾਣੀ ਨੂੰ ਹਰ ਇਕ ਨੇ ਨਿੱਜੀ ਆਪਬੀਤੀ ਨਾਲ ਜੋੜਿਆ। ਉਨ੍ਹਾਂ ਦੀਆਂ ਮੇਰੇ ਨਾਲ ਗੱਲਾਂ ਨੇ ਹੀ ਅਗਲੇ ਲੇਖ ਦਾ ਰੂਪ ਲਿਆ। ਉਨ੍ਹਾਂ ਨੇ ਮੈਨੂੰ ਅਜਿਹਾ ਸ਼ੌਕ ਪਾਇਆ ਜੋ ਤੁਹਾਨੂੰ ਆਲੇ- ਦੁਆਲੇ ਤੋਂ ਦੂਰ ਕਰ ਕੇ ਆਪਣੇ ਬਣਾਏ ਲਫ਼ਜ਼ਾਂ ਦੇ ਦਾਇਰੇ ਦੇ ਅੰਦਰ ਜ਼ਿਆਦਾ ਰੁਝਾ ਲੈਂਦਾ ਹੈ। ਆਸ-ਪਾਸ ਜੋ ਮਨਭਾਉਂਦਾ ਜਾਂ ਨਾ ਭਾਉਂਦਾ ਵਿਚਰ ਰਿਹਾ ਹੁੰਦਾ ਹੈ, ਉਹ ਆਪਣੇ-ਆਪ ਸ਼ਬਦਾਂ ਵਿਚ ਗੁੰਦਿਆ ਚਲਾ ਜਾਂਦਾ ਹੈ। ਇਹ ਤਾਂ ਸੱਚ ਹੈ ਕਿ ਬਹੁਤੀ ਵਾਰ ਮਨੁੱਖ ਤੋਂ ਵੱਧ ਕੁਦਰਤ ਹੀ ਸਾਨੂੰ ਸਿਖਾਉਂਦੀ ਹੈ। ਸਾਡਾ ਪੰਜਾਬ ਤਾਂ ਮੁੱਢ ਤੋਂ ਹਮਲਾਵਰਾਂ ਨੂੰ ਡੱਕਦਾ ਤੇ ਸਾਡੀ ਹਿਫ਼ਾਜ਼ਤ ਕਰਦਾ ਰਿਹਾ ਹੈ ਪਰ ਅੱਜ ਉਸੇ ਦੇ ਵਾਸੀ ਆਪਣੇ ਘਰਾਂ 'ਚ ਬੈਠੇ ਲੁੱਟੇ ਵੀ ਜਾ ਰਹੇ ਹਨ ਅਤੇ ਕਤਲ ਵੀ ਹੋ ਰਹੇ ਹਨ। ਸੋਸ਼ਲ ਮੀਡੀਆ, ਅਖ਼ਬਾਰਾਂ ਤੇ ਟੀਵੀ ਚੈਨਲਾਂ 'ਤੇ ਬੇਚੈਨੀ ਭਰੀਆਂ ਗੱਲਾਂ ਦਿਲ ਦੀ ਧੜਕਨ ਤੇਜ਼ ਕਰ ਦਿੰਦੀਆਂ ਹਨ। ਦੋ ਵਿਸ਼ੇ ਅੱਜ ਹਰ ਘਰ ਦੀ ਚਿੰਤਾ ਦਾ ਮੁੱਖ ਮੁੱਦਾ ਹਨ। ਇਕ ਨਸ਼ਿਆਂ 'ਚ ਬਰਬਾਦ ਹੁੰਦੀ ਜਵਾਨੀ ਅਤੇ ਦੂਜੇ ਪਾਸੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਰੁਖ਼।



ਨਸ਼ਿਆਂ ਨੇ ਕਈ ਘਰ ਹਨੇਰਿਆਂ 'ਚ ਦਫ਼ਨ ਕਰ ਦਿੱਤੇ। ਦੂਜੇ ਪਾਸੇ ਪੰਜਾਬ ਦੇ ਤਕਰੀਬਨ ਹਰ ਚੌਥੇ-ਪੰਜਵੇਂ ਘਰ ਵਿਚ ਹੁਣ ਸਿਰਫ਼ ਬਜ਼ੁਰਗ ਮਾਪੇ ਰਹਿੰਦੇ ਦਿਸਦੇ ਨੇ ਤੇ ਫਿਰ ਜਦੋਂ ਉਹ ਆਪਣੇ ਪਰਿਵਾਰ ਕੋਲ ਬਾਹਰ ਚਲੇ ਜਾਂਦੇ ਹਨ ਤਾਂ ਉਨ੍ਹਾਂ ਘਰਾਂ ਨੂੰ ਵੀ ਤਾਲੇ ਵੱਜ ਜਾਂਦੇ ਹਨ। ਘਰਾਂ ਦੀਆਂ ਕੰਧਾਂ ਘਰ ਵਾਲਿਆਂ ਦੇ ਦੀਦਾਰ ਦਾ ਇੰਤਜ਼ਾਰ ਕਰਦੀਆਂ ਸਿ ੱਕ ਤੇ ਕੱਲਰ ਨਾਲ ਢਹਿਣ ਲੱਗ ਪੈਂਦੀਆਂ ਨੇ ਅਤੇ ਅੰਤ ਘਰ ਵਿਕ ਜਾਂਦੇ ਨੇ। ਉਸ ਬੁਲਬੁਲ ਦੇ ਬੋਟਾਂ ਦੀ ਉਡਾਰੀ ਵਾਂਗ ਪਰਦੇਸੀ ਵਤਨਾਂ ਨੂੰ ਯਾਦ ਤਾਂ ਕਰਦੇ ਨੇ ਪਰ ਮੁੜ ਨਹੀਂ ਸਕਦੇ।

ਆਪਣੇ ਦੇਸ਼ 'ਚ ਬੱਚਿਆਂ ਦੀ ਯੋਗਤਾ ਮੁਤਾਬਕ ਨੌਕਰੀਆਂ ਦੇ ਮੌਕੇ ਅਤੇ ਮਿਹਨਤਾਨਾ ਕਾਫ਼ੀ ਨਾ ਹੋਣ ਕਰਕੇ ਨੌਜਵਾਨ ਪੀੜ੍ਹੀ ਦਾ ਵਿਦੇਸ਼ਾਂ ਵੱਲ ਨੂੰ ਮੂੰਹ ਕਰ ਲੈਣਾ ਸੁਭਾਵਕ ਹੈ। ਅਜਿਹਾ ਨਹੀਂ ਹੈ ਕਿ ਵਿਦੇਸ਼ਾਂ ਵਿਚ ਉਨ੍ਹਾਂ ਨੂੰ ਤਕਲੀਫ਼ਾਂ ਨਹੀਂ ਹੁੰਦੀਆਂ ਸਗੋਂ ਮਾਨਸਿਕ ਤੇ ਭਾਵਨਾਤਮਕ ਦਰਦ ਆਪਣਿਆਂ ਤੋਂ ਦੂਰ ਬੜਾ ਤਕਲੀਫ਼ਦੇਹ ਹੁੰਦਾ ਹੈ। ਇੱਥੇ ਬੱਚਿਆਂ ਨੂੰ ਮਾੜਾ ਜਿਹਾ ਬੁਖ਼ਾਰ ਹੋਣ 'ਤੇ ਮਾਪੇ ਸਾਰੀ-ਸਾਰੀ ਰਾਤ ਜਾਗਦੇ ਨੇ ਅਤੇ ਪਰਦੇਸ ਵਿਚ ਬੱਚੇ ਬੁਖਾਰ 'ਚ ਤਪਦੇ ਵੀ ਪੜ੍ਹਨ ਜਾਂਦੇ ਹਨ। ਉਹ ਪੜ੍ਹਾਈ ਦੇ ਨਾਲ-ਨਾਲ ਪਾਰਟ ਟਾਈਮ ਨੌਕਰੀਆਂ 'ਤੇ ਵੀ ਜਾਂਦੇ ਹਨ। ਮਾਪੇ ਪਰੇਸ਼ਾਨ ਨਾ ਹੋ ਜਾਣ, ਇਸ ਡਰ ਤੋਂ ਬੱਚੇ ਘਰ ਫੋਨ 'ਤੇ ਮੁਸ਼ਕਲਾਂ ਵੀ ਨਹੀਂ ਦੱਸਦੇ। ਹੌਲੀ-ਹੌਲੀ ਉਹ ਆਪਣੀ ਹੀ ਦੁਨੀਆ ਸਿਰਜ ਲੈਂਦੇ ਹਨ। ਆਪਣੇ ਮਸਲੇ ਆਪ ਨਜਿੱਠਣ ਲੱਗਦੇ ਨੇ ਅਤੇ ਉਹ ਬਾਹਰ ਦੀ ਜ਼ਿੰਦਗੀ ਦੀ ਰਫ਼ਤਾਰ ਨਾਲ ਕਦਮ ਮਿਲਾਉਣ ਦੀ ਦੌੜ ਵਿਚ ਪਿਛਲੇ ਮੋਹ ਨੂੰ ਤਿਆਗ ਦਿੰਦੇ ਹਨ। ਉੱਥੇ ਦਾ ਜੀਵਨ, ਪੈਸਾ ਤੇ ਕਾਨੂੰਨ ਉਨ੍ਹਾਂ ਨੂੰ ਚੰਗੇ ਲੱਗਣ ਲੱਗ ਜਾਂਦੇ ਹਨ। ਸਾਡੇ ਆਪਣੇ ਦੇਸ਼ ਵਿਚ ਲੋਕ ਨਾ ਤਾਂ ਘਰ ਵਿਚ ਸੁਰੱਖਿਅਤ ਹਨ ਤੇ ਨਾ ਬਾਹਰ। ਅੱਜ ਦੇ ਸਮੇਂ ਚੋਰੀਆਂ-ਚਕਾਰੀਆਂ, ਡਕੈਤੀਆਂ, ਕਤਲ, ਕੁੱਟਮਾਰ, ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਥਾਂ-ਥਾਂ 'ਤੇ ਸੀਸੀਟੀਵੀ ਕੈਮਰੇ ਹੋਣ ਦੇ ਬਾਵਜੂਦ ਜੁਰਮ ਨੂੰ ਨੱਥ ਪਾਉਣੀ ਮੁਸ਼ਕਲ ਹੋਈ ਪਈ ਹੈ। ਵਧੇ ਅਪਰਾਧ ਸਮਾਜ ਦੀ ਅਸਲ ਹਾਲਤ ਬਿਆਨਦੇ ਹਨ।

ਅਜਿਹੇ ਮਾਮਲੇ ਹਰ ਆਮ ਅਤੇ ਖ਼ਾਸ ਦਾ ਦਿਲ ਝੰਜੋੜਦੇ ਹਨ। ਸਮੇਂ ਦੀ ਤ੍ਰਾਸਦੀ ਹੈ ਕਿ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗੇ ਤਾਂ ਫਿਰ ਬਚਾਵੇ ਕੌਣ? ਕਾਨੂੰਨੀ ਰਾਹਤ ਤੇ ਇਨਸਾਫ਼ ਮਿਲਣ ਤੱਕ ਤਾਂ ਬੰਦਾ ਜਿਸਮਾਨੀ ਤੇ ਜ਼ਿਹਨੀ ਤੌਰ 'ਤੇ ਹਾਰ ਕੇ ਅੱਧਮੋਇਆ ਹੋ ਜਾਂਦਾ ਹੈ। ਅਸੁਰੱਖਿਅਤ ਮਾਹੌਲ ਨੇ ਲੋਕਾਂ ਦੀ ਮਾਨਸਿਕਤਾ ਤੇ ਵਿਸ਼ਵਾਸ ਨੂੰ ਢਾਹ ਦਿੱਤਾ ਹੈ। ਸਾਡੀ ਗੁਆਂਢੀ ਦੇਸ਼ ਨਾਲ ਲੜਾਈ ਨੇ ਹੋਰ ਵੀ ਬਲ਼ਦੀ 'ਤੇ ਤੇਲ ਦਾ ਕੰਮ ਕੀਤਾ। ਕਿੰਨੇ ਯਤਨ ਹੁੰਦੇ ਰਹੇ ਹਨ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਮੁਹੱਬਤੀ ਸਿਲਸਿਲਿਆਂ ਬਾਰੇ, ਵੰਡ ਦੀ ਟੀਸ ਨੂੰ ਘਟਾਉਣ ਬਾਬਤ ਤੇ ਰਿਸ਼ਤਿਆਂ ਦੀ ਸੁਗੰਧ ਨੂੰ ਕਾਇਮ ਰੱਖਣ ਲਈ ਪਰ ਫਿਰ ਇਕਦਮ ਜੰਗ ਦੇ ਆਲਮ 'ਚ ਨਫ਼ਰਤ ਤੇ ਸਹਿਮ ਪਸਰ ਗਿਆ। ਹਵਾਈ ਯੁੱਧ ਵਿਚ ਮੁਹਾਰਤ ਵਿਖਾਉਣ ਦੇ ਮੁਕਾਬਲੇ ਵਿਚ ਵੰਡ ਤੋਂ ਪਹਿਲਾਂ ਵਾਲੇ ਪਿਆਰ ਦੀਆਂ ਕਹਾਣੀਆਂ ਤੇ ਸਾਂਝ ਦੀਆਂ ਕੋਸ਼ਿਸ਼ਾਂ ਨੇ ਅੰਬਰ ਵਿਚ ਹੀ ਦਮ ਤੋੜ ਦਿੱਤਾ। ਦੌੜ-ਭੱਜ ਵਾਲੀ ਜੀਵਨਸ਼ੈਲੀ ਵਿਚ ਮਨੁੱਖ ਜਿਊਣਾ ਤਾਂ ਪਹਿਲਾਂ ਹੀ ਭੁੱਲ ਚੁੱਕਾ ਹੈ।

ਇਹੀ ਵਜ੍ਹਾ ਹੈ ਕਿ ਉਸ ਦੀ ਜ਼ਿੰਦਗੀ 'ਚੋਂ ਸੁੱਖ-ਚੈਨ ਖੰਭ ਲਾ ਕੇ ਉਡਾਰੀ ਮਾਰ ਚੁੱਕੇ ਹਨ ਜਦਕਿ ਹਰ ਕੋਈ ਸੁੱਖ ਤੇ ਖ਼ੁਸ਼ੀ ਲੋਚਦਾ ਹੈ। ਦਿਲ ਜਾਣਦਾ ਹੈ ਕਿ ਨਿਆਣੇ ਅਤੇ ਸਿਆਣੇ ਅਜਿਹੇ ਮਾਹੌਲ ਵਿਚ ਡਾਵਾਂਡੋਲ ਹੋਏ ਬੈਠੇ ਹਨ। ਆ ! ਸਾਰੇ ਸੱਚੀ ਤੇ ਸੁੱਚੀ ਦੁਆ ਕਰੀਏ ਕਿ ਦੁਨੀਆ ਚਲਾਉਣ ਵਾਲਿਆ, ਤੇਰੀ ਮਿਹਰ ਦੀ ਸਖ਼ਤ ਲੋੜ ਹੈ ਤਾਂ ਜੋ ਮਨੁੱਖ ਦਾ ਤੇਰੇ ਤੋਂ ਕਦੇ ਵੀ ਵਿਸ਼ਵਾਸ ਨਾ ਡੋਲੇ ਕਿਉਂਕਿ ਮਾਲੀ ਅਤੇ ਬਗੀਚੇ ਬਗ਼ੈਰ ਨਾ ਬਹਾਰਾਂ ਨਾ ਬੁਲਬੁਲਾਂ। ਬੁਲਬੁਲ ਜਦ ਰਾਗ ਛੇੜਦੀ ਹੈ ਤਾਂ ਫ਼ਿਜ਼ਾ 'ਚ ਰੰਗ ਘੋਲਦੀ ਹੈ। ਸ਼ਾਲਾ! ਹਰ ਕੋਈ ਸਲਾਮਤ ਰਹੇ।


Gurpiar Sidhu

Real Estate Broker

Cell: 209-598-7776

Fax: 209-580-6300

Pstg209@gmail.com



NMLS#1076016

The best compliment in life is a referral of your friends, family and business partners.




We offer Mortgage, Insurance, Solar & Mobile, Notar Services.

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

Office- 2030 E. Louise Ave. Lathrop, CA 95330

LOWER YOUR INSURANCE RATES NOW

ASK ME HOW

MEHTAB SINGH

209-769-2540

Your Local Insurance Advisor

offering Personalized Service & Competitive rates

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ

AUTO, HOME, BUSINESS, COMMECIAL PROPERTY

MEHTAB (MIKE) SINGH

209-769-2540

INSURENOWWITHMIKE@GMAIL.COM

LIC # 4467263

# ਗੱਲਾਂ- ਦੱਸ ਲਾਹੌਰ ਦੀਆਂ (ਕਿਸ਼ਤ ਚੌਥੀ)




ਸਿੱਖ ਰਾਜ ਦੀ ਆਖਰੀ ਰਾਣੀ ਬੰਬਾ ਸੁਦਰਲੈਂਡ ਦੀ ਸਮਾਧ




ਸਾਈਂ ਮੀਆਂ ਮੀਰ ਦੀ ਮਜ਼ਾਰ



ਸਾਈਂ ਮੀਆਂ ਮੀਰ ਦੀ ਮਜ਼ਾਰ ਤੇ ਅਰਦਾਸ ਕਰਦੇ ਹੋਏ ਲੇਖਕ



ਬੰਬਾ ਬੁਦਰਲੈਂਡ ਦੀ ਸਮਾਧ ਤੇ ਲੇਖਕ



ਬਾਬਾ ਨਜ਼ਮੀ ਆਪਣੀ ਕਿਤਾਬ 'ਮੈਂ ਇਕਬਾਲ ਪੰਜਾਬੀ ਦਾ' ਲੇਖਕ ਨੂੰ ਭੇਂਟ ਕਰਦੇ ਹੋਏ। ਪਿੱਛੇ ਦਿਖਾਈ ਦੇ ਰਹੀ ਹੈ ਸਾਈਂ ਮੀਆ ਮੀਰ ਦੀ ਮਜ਼ਾਰ।



ਬਾਬਾ ਨਜ਼ਮੀ, ਪ੍ਰੋ. ਇਕਬਾਲ ਕੈਸਰ, ਲੇਖਕ ਅਤੇ ਨਾਲ ਬੈਠਾ ਹੈ ਇਕਬਾਲ ਕੈਸਰ ਦਾ ਸ਼ਾਗਿਰਦ (ਜਿਸ ਨੇ ਪੰਜਾਬੀ 'ਤੇ ਪੀ. ਐਚ. ਡੀ. ਕੀਤੀ ਹੈ)



ਬਲਬੀਰ ਸਿੰਘ ਐਮ. ਏ.

ਕਸੂਰ ਤੋਂ ਵਾਪਸ ਲਾਹੌਰ ਆਉਂਦਿਆਂ ਹੀ ਮੇਰੀ ਇੱਛਾ ਸੀ ਕਿ ਅਸੀਂ ਅੱਜ ਹੀ ਸਾਈਂ ਮੀਆਂ ਮੀਰ ਜੀ ਦੀ ਮਜ਼ਾਰ ਦੇ ਵੀ ਦਰਸ਼ਨ ਕਰ ਆਈਏ ਤੇ ਨਾਲ ਹੀ ਅਸੀਂ ਲਾਹੌਰ 'ਚ ਪਹੁੰਚਦੇ ਹੀ ਸਾਈਂ ਮੀਆਂ ਮੀਰ ਜੀ ਦੀ ਮਜ਼ਾਰ ਦੇ ਦਰਸ਼ਨ ਕਰਨ ਲਈ ਪਹੁੰਚੇ ਤੇ ਬਾਹਰੋਂ ਛਾਬੜੀਆਂ ਵਾਲੇ ਫੁੱਲਾਂ ਦੇ ਟੋਕਰੇ ਭਰੀ ਬੈਠੇ ਸਨ। ਉਹਨਾਂ ਤੋਂ ਗੁਲਾਬ ਦੇ ਪੱਤੇ ਤਕਰੀਬਨ ਦੋ-ਤਿੰਨ ਕਿਲੋ ਲੈ ਕੇ ਅਸੀਂ ਮਜ਼ਾਰ ਤੇ ਉਸ ਸਾਈਂ ਫਕੀਰ ਦੇ ਦਰਸ਼ਨ ਕਰਨ ਚਲੇ ਗਏ, ਜਿਸ ਦਾ ਨਾਂ ਸਿੱਖ ਧਰਮ 'ਚ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। ਅਸੀਂ ਯਾਨਿ ਕਿ ਮੈਂ ਤੇ ਮੇਰੀ ਸੁਪਤਨੀ ਦੇ ਭਰਾ ਤੇ ਮੇਰੀ ਸੁਪਤਨੀ ਅੰਦਰ ਜਾ ਕੇ ਨਤਮਸਤਕ ਹੋਣ ਲੱਗੇ ਤਾਂ ਮੌਲਵੀ ਸਾਹਿਬ ਜੀ ਨੇ ਮੇਰੀ ਸੁਪਤਨੀ ਨੂੰ ਬਾਹਰ ਹੀ ਰੋਕ ਦਿੱਤਾ। ਪੁੱਛਣ ਤੇ ਪਤਾ ਲੱਗਾ ਕਿ ਔਰਤਾਂ ਅੰਦਰ ਨਹੀਂ ਜਾ ਸਕਦੀਆਂ। ਮੈਂ ਤੇ ਮੇਰੀ ਸੁਪਤਨੀ ਬਹੁਤ ਹੀ ਅਜੀਬ ਮਹਿ-ਸੂਸ ਕਰ ਰਹੇ ਸੀ ਤੇ ਮੇਰੀ ਸੁਪਤਨੀ ਨੇ ਬੁਰਾ ਮਨਾਇਆ। ਕਿਉਂਕਿ ਸਿੱਖ ਧਰਮ 'ਚ ਕਿਸੇ ਵੀ ਧਰਮ ਦੇ ਲੋਕਾਂ ਨੂੰ ਔਰਤਾਂ-ਮਰਦਾਂ ਨੂੰ ਗੁਰੂ ਘਰ 'ਚ ਅੰਦਰ ਆਉਣਾ ਮਨ੍ਹਾ ਨਹੀਂ ਹੈ।

ਖੈਰ, ਅਸੀਂ ਦੋਵੇਂ ਅੰਦਰ ਜਾ ਕੇ ਸਾਈਂ ਮੀਆਂ ਮੀਰ ਜੀ ਦੀ ਸਮਾਧ 'ਤੇ ਫੁੱਲਾਂ ਨਾਲ ਆਪਣੀ ਅਕੀਦਤ ਦੇ ਫੁੱਲ ਭੇਂਟ ਕਰਕੇ ਅਰਦਾਸ ਕਰਕੇ ਬਾਹਰ ਆ ਗਏ।

ਹਾਲੇ ਅਸੀਂ ਮਜ਼ਾਰ ਦੇ ਲਾਗੇ ਹੀ ਖੜ੍ਹੇ ਸੀ, ਜਦੋਂ ਬਾਬਾ ਨਜ਼ਮੀ ਜੀ ਉਥੇ ਹੀ ਆਪਣੀ ਕਿਤਾਬ ਸਮੇਤ ਪਹੁੰਚ ਗਏ ਤੇ ਮੈਨੂੰ ਇਕ ਕਿਤਾਬ ਉਹਨਾਂ ਦੀ ਜੋ ਬਹੁਤ ਮਸ਼ਹੂਰ ਹੈ:

''ਮੈਂ ਇਕਬਾਲ ਪੰਜਾਬ ਦਾ' ਭੇਂਟ ਕੀਤੀ। ਉਥੋਂ ਅਸੀਂ ਇਕੱਠੇ ਹੋ ਕੇ ਜਨਾਬ ਇਕਬਾਲ ਕੈਸਰ ਜੀ ਦੇ ਇਕ ਵਿਦਿਆਰਥੀ ਦੇ ਘਰੇ ਚਲੇ ਗਏ। ਉਸ ਨੌਜਵਾਨ ਦਾ ਮਨ ਮੇਰੇ ਨਾਲ ਮਿਲਣ ਨੂੰ ਕਰਦਾ ਸੀ। ਇਸੇ ਕਰਕੇ ਉਸਨੇ ਇਕਬਾਲ ਜੀ ਨੂੰ ਮੈਨੂੰ ਉਸਦੇ ਘਰ ਲਿਆਉਣ ਦੀ ਅਰਜ਼ ਕੀਤੀ ਸੀ। ਉਸ ਨੌਜਵਾਨ ਨੇ ਪੰਜਾਬੀ 'ਚ ਐਮ. ਏ. ਤੇ ਪੀ. ਐਚ. ਡੀ. ਕੀਤੀ ਹੋਈ ਸੀ ਤੇ ਉਹ ਇਸੇ ਦੇ ਸਬੰਧਤ ਕਿਧਰੇ ਕੰਮ ਵੀ ਕਰ ਰਿਹਾ ਸੀ, ਜਿਸ ਨਾਲ ਉਸਦੀ ਜ਼ਿੰਦਗੀ ਚੰਗੀ ਚੱਲ ਰਹੀ ਸੀ। ਉਸ ਵਿਦਿਆਰਥੀ ਨੇ ਵੀ ਸਿੱਖ ਧਰਮ ਬਾਰੇ ਤੇ ਪੰਜਾਬੀ ਬੋਲੀ ਤੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ, ਉਥੇ ਅਸੀਂ ਤਕਰੀਬਨ ਇਕ ਘੰਟੇ ਤੱਕ ਬੈਠੇ ਵਿਚਾਰਾਂ ਕਰਨ ਮਗਰੋਂ ਮੇਰੀ ਇੱਛਾ ਅਨੁਸਾਰ ਅਸੀਂ ਅਗਲੀ ਮੰਜ਼ਿਲ ਲਾਹੌਰ 'ਚ ਹੀ ਉਸ ਜਗ੍ਹਾ ਦੀ ਰਾਖੀ ਜਿੱਥੇ ਸਿੱਖ ਧਰਮ ਦੇ ਪਹਿਲੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਪੋਤਰੀ ਤੇ ਮਹਾਰਾਜਾ ਦਲੀਪ ਸਿੰਘ ਜੀ ਦੀ ਪੁੱਤਰੀ ਦਫਨਾਈ ਹੋਈ ਪਈ ਹੈ, ਜੋ ਮਾਰਚ 10, 1957 ਨੂੰ ਸਵਰਗਵਾਸ ਹੋਣ ਮਗਰੋਂ ਉਸਦੀ ਇੱਛਾ ਅਨੁਸਾਰ ਲੌਰ 'ਚ ਹੀ ਦਫਨਾਉਣ ਨੂੰ ਤਰਜੀਹ ਦਿੰਦੀ ਸੀ।

ਉਹ ਅੰਗਰੇਜ਼ਾਂ ਦੀਆਂ ਕਬਰਾਂ ਦੇ ਵਿਚ ਹੀ ਦਫਨਾਈ ਹੋਈ ਹੈ ਬੰਬ ਸੁਦਰਲੈਂਡ ਜੋ ਸਿੱਖਾਂ ਦੀ ਆਖਰੀ ਮਹਾਰਾਣੀ ਸੀ। ਮੈਂ ਉਸ ਦੀ ਮਜ਼ਾਰ 'ਤੇ ਫੁੱਲਾਂ ਨਾਲ ਤੇ ਹਾਰਾਂ ਨਾਲ ਉਸਨੂੰ ਸ਼ਰਧਾਂਜਲੀ ਦੇਣ ਪੁੱਜਿਆ ਸੀ। ਸਿੱਖਾਂ ਦੀ ਆਖਰੀ ਮਹਾਰਾਣੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਕੇ ਅਸੀਂ ਵਾਪਸ ਹੋਟਲ ਵੱਲ ਚੱਲ ਪਏ ਜੋ ਫਿਰੋਜ਼ਪੁਰ 'ਚ ਹੈ ਤੇ 20 ਕੁ ਮਿੰਟਾਂ 'ਚ ਉਥੇ ਪਹੁੰਚ ਕੇ ਅਸੀਂ ਚਾਹ ਦਾ ਕੱਪ ਪੀ ਕੇ ਕੁਝ ਅਗਲੇ ਦਿਨ ਦੀ ਸਕੀਮ ਲਾਉਣ ਲੱਗੇ ਤੇ ਇਸੇ ਵਾਅਦੇ ਨਾਲ ਇਕਬਾਲ ਕੈਸਰ ਜੀ ਵਾਪਸ ਆਪਣੇ ਘਰ ਚਲੇ ਗਏ ਤੇ ਅਗਲੇ ਦਿਨ ਮਿਲਣ ਦਾ ਵਾਅਦਾ ਕਰ ਗਏ।

ਦੂਸਰੇ ਦਿਨ ਸਵੇਰੇ-ਸਵੇਰੇ ਉਹ ਸਾਨੂੰ ਅਲਵਿਦਾ ਕਹਿਣ ਵਾਸਤੇ ਪਹੁੰਚੇ ਕਿਉਂਕਿ ਅਸੀਂ ਪੰਜਾਬ ਵਾਪਸ ਆਉਣ ਦਾ ਵਾਅਦਾ ਕਰ ਲਿਆ ਸੀ ਤੇ ਉਹਨਾਂ ਦੇ ਬਹੁਤ ਪਿਆਰ ਤੇ ਸਤਿਕਾਰ ਨਾਲ ਤਿੰਨ-ਚਾਰ ਦਿਨ ਬਿਤਾਏ, ਜਿਹਨਾਂ ਦਿਨਾਂ ਵਿਚ ਅਸੀਂ ਇਤਿਹਾਸ ਦੇ ਕਈ ਪੰਨੇ ਫਰੋਲ ਸਕੇ ਤੇ ਆਪਣੇ ਵੱਲੋਂ ਮੈਂ ਕੋਸ਼ਿਸ਼ ਵੀ ਕੀਤੀ ਕਿ ਜੋ ਵੇਖਿਆ ਯਾਦ ਰੱਖਣ ਦੇ ਨਾਲ-ਨਾਲ ਮੈਂ ਤੁਹਾਡੇ ਨਾਲ ਸਾਂਝੀ ਕਰਨੀ ਵੀ ਆਪਣੀ ਖੁਸ਼ਕਿਸਮਤੀ ਸਮਝੀ।

# ਹਰਿਮੰਦਰ ਸਾਹਿਬ 'ਚ ਬੰਬ ਦੀ ਧਮਕੀ: ਪੁਲਿਸ ਵੱਲੋਂ ਮੁਲਜ਼ਮ ਦੀ ਸ਼ਨਾਖ਼ਤ ਦਾ ਦਾਅਵਾ

ਅੰਮ੍ਰਿਤਸਰ- ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਦਰਬਾਰ ਸਾਹਿਬ ਲਈ ਉਪਰੋਥਲੀ ਆਈਆਂ ਧਮਕੀ ਭਰੀਆਂ ਈ-ਮੇਲਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਅੱਜ ਇੱਥੇ ਆਪਣੀ ਰਿਹਾਇਸ਼ 'ਤੇ ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਸੂਤਰਾਂ ਮੁਤਾਬਕ ਅੰਮ੍ਰਿਤਸਰ ਪੁਲੀਸ ਨੇ ਧਮਕੀ ਭਰੇ ਈਮੇਲ ਭੇਜਣ ਵਾਲੇ ਮੁਲਜ਼ਮ ਦੀ ਸ਼ਨਾਖ਼ਤ ਕਰ ਲਈ ਹੈ ਅਤੇ ਉਸ ਨੂੰ ਕਾਬੂ ਕੀਤੇ ਜਾਣ ਦੀ ਸੂਚਨਾ ਵੀ ਮਿਲੀ ਹੈ। ਬੇਸ਼ੱਕ ਅਧਿਕਾਰਤ ਤੌਰ 'ਤੇ ਇਸ ਦੀ ਕੋਈ ਪੁਸ਼ਟੀ ਨਹੀਂ ਕਰ ਰਿਹਾ ਹੈ ਪ੍ਰੰਤੂ ਭਰੋਸੇਯੋਗ ਸੂਤਰ ਦੱਸਦੇ ਹਨ ਕਿ ਅੰਮ੍ਰਿਤਸਰ ਪੁਲੀਸ ਨੇ ਸੰਜੀਵ ਕੁਮਾਰ ਦੂਬੇ ਨਾਮ ਦੇ ਵਿਅਕਤੀ ਨੂੰ ਕਾਬੂ ਕੀਤਾ ਹੈ। ਅੰਮ੍ਰਿਤਸਰ ਪੁਲੀਸ ਭਲਕੇ ਸ਼ੁੱਕਰਵਾਰ ਨੂੰ ਇਸ ਦਾ ਖ਼ੁਲਾਸਾ ਵੀ ਕਰ ਸਕਦੀ ਹੈ। ਅੰਮ੍ਰਿਤਸਰ ਦੇ ਐਸਪੀ ਸਿਮਰਨਜੀਤ ਸਿੰਘ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਸੂਤਰਾਂ ਮੁਤਾਬਕ ਸ੍ਰੀ ਦਰਬਾਰ ਸਾਹਿਬ ਲਈ ਧਮਕੀ ਭਰੇ ਈਮੇਲ ਲਿਖਣ ਵਾਲਾ ਮੁਲਜ਼ਮ ਪਹਿਲਾਂ ਤਾਮਿਲਨਾਡੂ ਸਰਕਾਰ ਨੂੰ ਵੀ ਧਮਕੀਆਂ ਦੇ ਚੁੱਕਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਇਸ ਮਾਮਲੇ ਦੀ ਜਾਂਚ ਮੰਗ ਚੁੱਕੇ ਹਨ ਅਤੇ ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜ ਈਮੇਲ ਜ਼ਰੀਏ ਸ੍ਰੀ ਹਰਮਿੰਦਰ ਸਾਹਿਬ 'ਚ ਬੰਬ ਰੱਖੇ ਹੋਣ ਦੀ ਧਮਕੀ ਮਿਲ ਚੁੱਕੀ ਹੈ। ਧਮਕੀ ਭਰੇ ਈਮੇਲ ਲਗਾਤਾਰ ਮਿਲਣ ਮਗਰੋਂ ਸਮੁੱਚਾ ਸਿੱਖ ਭਾਈਚਾਰਾ ਫ਼ਿਕਰਮੰਦ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਇਸ ਮਾਮਲੇ 'ਤੇ ਚਿੰਤਾ ਪ੍ਰਗਟ ਕਰ ਚੁੱਕੇ ਹਨ। ਅੰਮ੍ਰਿਤਸਰ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਆਖ ਚੁੱਕੇ ਹਨ ਕਿ ਧਮਕੀ ਭਰੇ ਈਮੇਲ ਭੇਜਣ ਲਈ ਅਮਰੀਕਾ ਦੀ ਇੱਕ ਕੰਪਨੀ ਦੇ ਪਲੈਟਫਾਰਮ ਨੂੰ ਵਰਤਿਆ ਗਿਆ ਹੈ। ਇਸ ਦੌਰਾਨ ਅੱਜ ਚੰਡੀਗੜ੍ਹ 'ਚ ਮੁੱਖ ਮੰਤਰੀ ਨੇ ਉੱਚ ਪੱਧਰੀ ਸੁਰੱਖਿਆ ਮੀਟਿੰਗ ਦੌਰਾਨ ਕਿਹਾ ਕਿ ਪੰਜਾਬ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸੁਰੱਖਿਆ ਏਜੰਸੀਆਂ ਸਮੇਤ ਪੰਜਾਬ ਪੁਲੀਸ ਪੂਰੀ ਤਰ੍ਹਾਂ ਮੁਸਤੈਦ ਹੈ। ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਨੂੰ ਅਫ਼ਵਾਹਾਂ ਤੋਂ ਸੁਚੇਤ ਰਹਿਣ ਲਈ ਕਿਹਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਸਾਰੇ ਧਰਮਾਂ ਦੇ ਧਾਰਮਿਕ ਅਸਥਾਨ ਪਵਿੱਤਰ ਅਤੇ ਪੂਜਣਯੋਗ ਹਨ ਜਿਨ੍ਹਾਂ ਦੀ ਸੁਰੱਖਿਆ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਮੀਟਿੰਗ ਦੌਰਾਨ ਪੰਜਾਬ ਦੇ ਗ੍ਰਹਿ ਸਕੱਤਰ ਆਲੋਕ ਸ਼ੇਖਰ ਅਤੇ ਡੀਜੀਪੀ ਗੌਰਵ ਯਾਦਵ, ਸੀਨੀਅਰ ਅਧਿਕਾਰੀ ਵੀ। ਨੀਰਜਾ ਤੋਂ ਇਲਾਵਾ ਹੋਰ ਸੀਨੀਅਰ ਪੁਲਿਸ ਅਧਿਕਾਰੀ ਹਾਜ਼ਰ ਸਨ।

# ਨਿਊਯਾਰਕ ਸ਼ਹਿਰ ਦੇ ਮੇਅਰ ਦੀ ਚੋਣ ਲਈ ਚਰਚਾ ਦਾ ਕੇਂਦਰ ਬਣੇ ਮਮਦਾਨੀ ਵਾਲਾ ਮਾਜਰਾ ਕੀ ਹੈ?



ਦਰਬਾਰਾ ਸਿੰਘ ਕਾਹਲੋਂ

ਅਮਰੀਕਾ ਦੀ ਵਿੱਤੀ ਰਾਜਧਾਨੀ ਵਜੋਂ (ਭਾਰਤ ਦੀ ਵਿੱਤੀ ਰਾਜਧਾਨੀ ਮੁੰਬਈ ਵਾਂਗ) ਜਾਣੇ ਜਾਂਦੇ ਨਿਊਯਾਰਕ ਸ਼ਹਿਰ ਦੇ ਮੇਅਰ ਪਦ ਲਈ 4 ਨਵੰਬਰ 2025 ਨੂੰ ਚੋਣਾਂ ਹੋਣੀਆਂ ਹਨ। ਇਨ੍ਹਾਂ ਚੋਣਾਂ ਵਿਚ ਕਿਸ ਰਾਜਨੀਤਕ ਪਾਰਟੀ ਦਾ ਕਿਹੜਾ ਉਮੀਦਵਾਰ ਚੋਣ ਮੈਦਾਨ ਵਿਚ ਉਤਰੇਗਾ, ਇਸ ਦਾ ਫ਼ੈਸਲਾ ਉਸ ਪਾਰਟੀ ਸਬੰਧੀ ਅੰਦਰੂਨੀ ਪ੍ਰਾਇਮਰੀ ਚੋਣਾਂ ਤੈਅ ਕਰਦੀਆਂ ਹਨ।

24 ਜੂਨ ਨੂੰ ਡੈਮੋਕ੍ਰੈਟਿਕ ਪਾਰਟੀ ਦੀਆਂ ਅੰਦਰੂਨੀ ਪ੍ਰਾਇਮਰੀ ਚੋਣਾਂ ਦੇ ਦੇਰ ਰਾਤ ਨੂੰ ਐਲਾਨ ਕੀਤੇ ਨਤੀਜਿਆਂ ਨੇ ਨਾ ਸਿਰਫ ਨਿਊਯਾਰਕ, ਅਮਰੀਕੀ ਰਾਸ਼ਟਰ ਬਲਕਿ ਕੌਮਾਂਤਰੀ ਪੱਧਰ 'ਤੇ ਰਾਜਨੀਤਕ, ਡਿਪਲੋਮੈਟਿਕ, ਵਿਚਾਰਧਾਰਕ ਅਤੇ ਯੁੱਧਨੀਤਕ ਹਲਕਿਆਂ ਵਿਚ ਤਰਥੱਲੀ ਮਚਾ ਕੇ ਰੱਖ ਦਿੱਤੀ। ਅਮਰੀਕੀ ਰਾਜਨੀਤਕ, ਕਾਰਪੋਰੇਟਰ, ਪ੍ਰਸ਼ਾਸਨਿਕ ਹਲਕੇ ਹੀ ਨਹੀਂ ਸਗੋਂ ਮੂੰਹ-ਜ਼ੋਰ, ਧੱਕੜ ਅਤੇ ਤਾਨਾਸ਼ਾਹ ਵਜੋਂ ਵਰਤਾਉ ਕਰਨ ਲਈ ਪ੍ਰਸਿੱਧ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੀ ਅਚੰਭੇ ਵਾਲੇ ਇਸ ਰਾਜਨੀਤਕ ਵਰਤਾਰੇ ਤੋਂ ਹੈਰਾਨ ਪ੍ਰੇਸ਼ਾਨ ਹੋ ਉੱਠਿਆ। ਸਭ ਇਸ ਨੂੰ ਡੂੰਘਾਈ ਨਾਲ ਜਾਣਨ ਲਈ ਬਿਹਬਲ ਹੋ ਉੱਠੇ। ਸਭ ਇੰਨੇ ਉਤਸਕ ਹੋ ਗਏ ਕਿ ਸਭ ਦੀ ਜ਼ੁਬਾਨ'ਤੇ ਇਹੀ ਸ਼ਬਦ ਗੂੰਜ ਰਹੇ ਸਨ: ਇਹ ਮਾਜਰਾ ਕੀ ਹੈ?



ਦਰਅਸਲ ਜ਼ੋਹਰਾਨ ਕਵਾਮੇ ਮਮਦਾਨੀ ਨਾਮਕ 33 ਸਾਲਾ ਨੌਜਵਾਨ ਨੇ ਨਿਊਯਾਰਕ ਪ੍ਰਾਂਤ ਦੇ ਸੰਨ 2011 ਤੋਂ 2021 ਤੱਕ ਗਵਰਨਰ ਰਹੇ 66 ਸਾਲਾ ਗਵਰਨਰ ਐਂਡਰਿਊ ਕੂਮੋ ਨੂੰ 44 ਪ੍ਰਤੀਸ਼ਤ ਵੋਟਿੰਗ ਦੇ ਮੁਕਾਬਲੇ 56 ਪ੍ਰਤੀਸ਼ਤ ਵੋਟਾਂ ਦੀ ਹਮਾਇਤ ਨਾਲ ਪ੍ਰਾਇਮਰੀ ਚੋਣਾਂ ਵਿਚ ਹਾਰ ਦੇ ਦਿੱਤੀ। ਇਹ ਨੌਜਵਾਨ ਰਾਜਨੀਤੀ ਅੰਦਰ ਬਿਲਕੁਲ ਨਵਾਂ ਹੈ। ਅਜੇ 2021 ਵਿਚ ਨਿਊਯਾਰਕ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ ਸੀ। ਉਸ ਕੋਲ ਅਮਰੀਕਾ ਅੰਦਰ ਮੇਅਰ ਪਦ ਵਰਗੀਆਂ ਮਹਿੰਗੀਆਂ ਚੋਣਾਂ ਲੜਨ ਲਈ ਲੋੜੀਂਦਾ ਧਨ ਵੀ ਨਹੀਂ ਸੀ।

ਉਸ ਦੀ ਪਿੱਠ 'ਤੇ ਸਿਵਾਏ ਇਨਕਲਾਬੀ ਕਿਸਮ ਦੇ ਅਮਰੀਕੀ ਰਾਜਨੀਤੀਵਾਨਾਂ ਜਿਵੇਂ ਅਲੈਗਜ਼ੈਂਡਰੀਆ ਓਕਾਸੀਓ ਕੋਰਟਜ਼, ਬਰਨੀ ਸੈਂਡਰਜ਼ ਆਦਿ ਤੋਂ ਕੋਈ ਖਾਸ ਲੋਕ ਨਹੀਂ ਸਨ। ਉਸ ਦੇ ਹਮਾਇਤੀ ਵਾਲੰਟੀਅਰਾਂ ਦੀ ਗਿਣਤੀ ਵੀ ਕੋਈ ਬਹੁਤ ਜ਼ਿਆਦਾ ਨਹੀਂ ਸੀ। ਉਸ ਦਾ ਆਪਣਾ ਕਹਿਣਾ ਹੈ ਕਿ ਜਦੋਂ ਉਸ ਨੇ ਮੇਅਰ ਪਦ ਦੀਆਂ ਚੋਣਾਂ ਲਈ ਮੁਹਿੰਮ ਸ਼ੁਰੂ ਕੀਤੀ, ਉਸ ਕੋਲ ਮਸਾਂ ਇੱਕ ਪ੍ਰਤੀਸ਼ਤ ਹਮਾਇਤ ਪ੍ਰਾਪਤ ਸੀ।

ਦੂਸਰੇ ਪਾਸੇ ਐਂਡਰਿਊ ਕੂਮੋ ਪਿੱਛੇ ਵੱਡੇ-ਵੱਡੇ ਪਾਰਟੀ ਆਗੂ, ਧਨਾਢ ਕਾਰਪੋਰੇਟਰ, ਵੱਖ-ਵੱਖ ਖੇਤਰਾਂ ਦੇ ਆਗੂ, ਲੰਮਾ ਰਾਜਨੀਤਕ ਤਜਰਬਾ, ਸਮਾਜ ਤੇ ਪ੍ਰਸ਼ਾਸਨ ਵਿਚ ਵੱਡੀ ਹਮਾਇਤ ਹਾਸਲ ਸੀ। ਸਭ ਪਾਸੇ ਚਰਚਾ ਸੀ ਕਿ ਮਮਦਾਨੀ ਉਸ ਸਾਹਮਣੇ ਟਿਕ ਨਹੀਂ ਸਕੇਗਾ।

ਇਹ ਮੁਕਾਬਲਾ ਕਿਵੇਂ ਦਿਲਚਸਪ ਬਣਿਆ? ਅਮਰੀਕਾ ਵਿਚ ਰਾਜਨੀਤਕ, ਸਮਾਜਿਕ, ਵਿਚਾਰਧਾਰਕ ਤਬਦੀਲੀ ਦਾ ਸਾਇਰਨ ਕਿਵੇਂ ਵੱਜਣਾ ਸ਼ੁਰੂ ਹੋਇਆ? ਕਿਵੇਂ ਤਿੱਖਾ, ਟਕਰਾਅ ਭਰਿਆ ਜਨਤਕ ਉਭਾਰ ਛਲਕਦਾ ਨਜ਼ਰ ਆ ਰਿਹਾ ਹੈ? ਕੀ ਇਹ ਸਮੇਂ ਦੀ ਮੰਗ ਹੈ? ਅਮਰੀਕੀ ਲੋਕਸ਼ਾਹੀ ਦੀ ਲੋੜ ਹੈ? ਇਸ ਮੁਕਾਬਲੇ ਨੇ ਇਨ੍ਹਾਂ ਸਵਾਲਾਂ ਦੇ ਹੱਲ ਲਈ ਇਨਕਲਾਬੀ ਪਰਚਮ ਬੁਲੰਦ ਕਰ ਕੇ ਰੱਖ ਦਿੱਤਾ ਹੈ।

ਇੱਕ ਨਿਊਯਾਰਕ ਨਿਵਾਸੀ ਇਸ ਮੁਕਾਬਲੇ ਵਿਚੋਂ ਉਭਰਦੀ ਤਬਦੀਲੀ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਖ਼ੂਬਸੂਰਤ ਢੰਗ ਨਾਲ ਪੇਸ਼ ਕਰਦਾ ਹੈ, "ਇਹ ਮੁਕਾਬਲਾ ਨਾ ਸਿਰਫ ਪੁਰਾਣੇ ਅਤੇ ਨਵੇਂ ਨਿਊਯਾਰਕ ਦਰਮਿਆਨ ਸੀ ਬਲਕਿ ਪ੍ਰਤੱਖ ਅਤੇ ਅਪ੍ਰਤੱਖ ਰਾਜਨੀਤੀ ਦਰਮਿਆਨ ਸੀ।" ਪ੍ਰਤੱਖ ਰਾਜਨੀਤੀ ਵਿਚ ਉਹ ਟਵੀਟ, ਟਿੱਕ-ਟੌਕ, ਨਿਊਯਾਰਕ ਨਿਵਾਸੀਆਂ ਦਾ ਦਰਵਾਜ਼ਾ ਖੜਕਾਉਣਾ ਅਤੇ ਕੁਸ਼ਲ ਚੋਣ ਪ੍ਰਬੰਧ ਸ਼ਾਮਿਲ ਕਰਦਾ ਹੈ; ਅਪ੍ਰਤੱਖ ਰਾਜਨੀਤੀ ਵਿਚ ਸੱਤਾ, ਤਾਕਤ, ਅਮੀਰ ਅਤੇ ਪ੍ਰਭਾਵਸ਼ਾਲੀ ਜਮਾਤ ਦੇ ਆਪਸੀ ਸਬੰਧ ਤੇ ਜਾਣ-ਪਛਾਣ ਸ਼ਾਮਿਲ ਕਰਦਾ ਹੈ।

ਨੌਜਵਾਨ ਮਮਦਾਨੀ ਅਤੇ ਹਮਾਇਤੀ ਇਨਕਲਾਬੀ ਤੇ ਨੌਜਵਾਨ ਵਲੰਟੀਅਰਾਂ ਨੇ ਅਮਰੀਕੀ ਮਹਿੰਗੀ, ਦਿਖਾਵੇ ਭਰੀ, ਪ੍ਰਭਾਵ ਅਤੇ ਦਬਾਅ ਵਾਲੀ ਚੋਣ ਮੁਹਿੰਮ ਵਰਤਾਰੇ ਦੇ ਬਦਲ ਵਜੋਂ ਸਾਦਗੀ ਅਤੇ ਸਚਾਈ ਭਰੀ, ਸਰਬ ਸਾਂਝੀਵਾਲਤਾ, ਊਚ-ਨੀਚ, ਭੇਦ-ਭਾਵ, ਨਸਲਪ੍ਰਤੀ, ਕਾਲੇ-ਗੋਰੇ ਦੀ ਪਛਾਣ ਰਹਿਤ, ਜਨਤਾ ਦੀ ਨਬਜ਼ 'ਤੇ ਹੱਥ ਰੱਖਣ ਵਾਲੀ, ਅਮਰੀਕੀਆਂ ਵਿਚ ਵਧਦੀ ਨਿਰਾਸ਼ਾ ਨੂੰ ਆਸ਼ਾਵਾਦ ਮੁਹੱਈਆ ਕਰਾਉਣ, ਨਫ਼ਰਤੀ ਰਾਸ਼ਟਰੀ ਵਰਤਾਰੇ ਨੂੰ ਮੁਹੱਬਤਾਂ ਭਰੇ ਵਰਤਾਰੇ, ਸੁਧਾਰਵਾਦੀ, ਕਿਰਤੀਆਂ ਨੂੰ ਖੁਸ਼ਹਾਲ ਅਤੇ ਦਬਾਓ ਰਹਿਤ ਜੀਵਨ ਦੇਣ ਵਾਲੀ ਵਿਚਾਰਧਾਰਾ ਭਰੀ ਚੋਣ ਮੁਹਿੰਮ ਸ਼ੁਰੂ ਕੀਤੀ। ਆਪਣੀ ਰਾਜਨੀਤੀ ਨੂੰ ਬੜੀ ਸੰਜੀਦਗੀ ਭਰੇ ਰਣਨੀਤਕ ਜਲੌਅ ਰਾਹੀਂ ਸਜੀਵ ਜੀਵਨ ਸ਼ਕਤੀ ਵਿਚ ਤਬਦੀਲ ਕਰ ਦਿੱਤਾ।

ਜਿਵੇਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਾਰਾਕ ਓਬਾਮਾ ਨੇ ਅਮਰੀਕੀ ਨਾਗਰਿਕਾਂ ਨਾਲ ਜੁੜਨ ਲਈ ਫੇਸਬੁੱਕ ਤਕਨੀਕ ਦੀ ਵਰਤੋਂ ਕੀਤੀ ਸੀ, ਮਮਦਾਨੀ ਨੇ ਟਿੱਕ-ਟੌਕ ਦੀ ਵਰਤੋਂ ਕੀਤੀ। ਇਸ ਢੰਗ ਨਾਲ ਉਸ ਨੇ ਬੁੱਢੇ, ਰੂੜੀਵਾਦੀ, ਪੁਰਾਣੇ ਉਮੀਦਵਾਰ ਐਂਡਰਿਊ ਕੂਮੋ ਦੀ ਧਨ, ਸੱਤਾ, ਸ਼ਕਤੀ, ਵੱਡੀ ਜਾਣ-ਪਛਾਣ ਅਤੇ ਵੱਡੇ ਨਾਮ ਵਾਲੀ ਚੋਣ ਮੁਹਿੰਮ ਠੁੱਸ ਕਰ ਦਿੱਤੀ। ਉਸ ਨੇ ਲਲਕਾਰਿਆ ਕਿ ਜੇ ਉਹ ਮੇਅਰ ਚੁਣਿਆ ਗਿਆ ਤਾਂ ਜੇ ਨਸਲਘਾਤੀ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨਿਊਯਾਰਕ ਵੜਿਆ ਤਾਂ ਗ੍ਰਿਫਤਾਰ ਕਰ ਲਿਆ ਜਾਵੇਗਾ।

ਮਮਦਾਨੀ ਦੀ ਚੋਣ ਮੁਹਿੰਮ ਸਜੀਵ, ਤਾਜ਼ੀ, ਦਿਲਕਸ਼, ਦੂਰਦ੍ਰਿਸ਼ਟੀ ਅਤੇ ਜੀਵਨ ਦੀਆਂ ਸਚਾਈਆਂ ਭਰਪੂਰ ਨਿਊਯਾਰਕ ਨਿਵਾਸੀ ਦੇ ਸੀਨੇ ਖਿੱਚ ਪਾਉਂਦੀ ਨਜ਼ਰ ਆਈ। ਧਨ, ਜਾਣ-ਪਛਾਣ, ਸੰਪਰਕ ਸਾਧਣਾ, ਸਥਾਪਿਤ ਨਿਜ਼ਾਮ ਆਦਿ ਘਾਟ ਉਦੋਂ ਦੂਰ ਹੋ ਗਈ ਜਦੋਂ ਉਸ ਦੇ 50000 ਨੌਜਵਾਨ ਵਲੰਟੀਅਰਾਂ ਨੇ ਉਸ ਦੀ ਚੋਣ ਮੁਹਿੰਮ ਦੀ ਨਾਦ 80 ਲੱਖ ਨਿਊਯਾਰਕ ਨਿਵਾਸੀਆਂ ਦੇ ਕਰੀਬ 10 ਲੱਖ ਘਰਾਂ ਦੇ ਦਰਵਾਜ਼ੇ ਖੜਕਾ ਕੇ ਵਜਾਈ। ਇਹ ਪੂਰੇ ਵਿਸ਼ਵ ਲਈ ਅਚੰਭਾ ਸੀ। ਉਨ੍ਹਾਂ ਲੋਕਾਂ ਨੂੰ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਜੋੜਨ ਵਿਚ ਸਫਲਤਾ ਪ੍ਰਾਪਤ ਕੀਤੀ ਜਿਹੜੇ ਕੋਈ ਖਾਸ ਦਿਲਚਸਪੀ ਹੀ ਨਹੀਂ ਲੈਂਦੇ ਸਨ।

ਉਸ ਦੀ ਨਵੀਨਤਮ, ਇਨਕਲਾਬੀ, ਚੁਸਤ-ਦਰੁਸਤ, ਜੋਬਨ ਰੁੱਤੀ ਤਾਜ਼ਗੀ ਭਰੀ ਸੰਜੀਦਾ, ਨਫਰਤ ਤੇ ਭੇਦਭਾਵ ਰਹਿਤ, ਕਿਰਤੀ ਤੇ ਮੱਧ ਵਰਗ ਦੇ ਹਿਰਦੇ ਠਾਰਨ ਵਾਲੀ ਰਾਜਨੀਤੀ ਤੋਂ ਪ੍ਰਭਾਵਿਤ ਪ੍ਰੌਢ ਸੈਨੇਟਰ ਬਰਨੀ ਸੈਂਡਰਜ਼ ਦਾ ਕਹਿਣਾ ਸੀ ਕਿ ਜੇ ਡੈਮੋਕ੍ਰੈਟਿਕ ਰਾਸ਼ਟਰਪਤੀ ਪਦ ਦੀ ਉਮੀਦਵਾਰ ਕਮਲਾ ਹੈਰਿਸ ਨੇ ਅਮਰੀਕੀ ਧਰਤੀ ਨਾਲ ਜੁੜੀ ਰਾਜਨੀਤੀ ਵਾਲੀ ਚੋਣ ਮੁਹਿੰਮ ਸ਼ੈਲੀ ਨੂੰ ਮਮਦਾਨੀ ਦੀ ਤਰਜ਼ 'ਤੇ ਅਪਣਾਇਆ ਹੁੰਦਾ ਤਾਂ ਅੱਜ ਵ੍ਹਾਈਟ ਹਾਊਸ ਵਿਚ ਡੋਨਲਡ ਟਰੰਪ ਦੀ ਥਾਂ ਉਹ ਬੈਠੀ ਹੁੰਦੀ।

ਮਮਦਾਨੀ ਡੈਮੋਕ੍ਰੈਟਿਕ ਸੋਸ਼ਲਿਸਟ ਵਿਚਾਰਧਾਰਾ ਰੱਖਣ ਵਾਲਾ ਨੌਜਵਾਨ ਹੈ ਅਤੇ ਅਮਰੀਕੀ ਰਾਜਨੀਤੀ ਵਿਚ ਨਵੀਨ, ਸਜੀਵ, ਸਚਾਈ ਤੇ ਅਗਾਂਹਵਧੂ ਵਿਚਾਰਧਾਰਾ ਨੂੰ ਲੈ ਕੇ ਤੁਰਨ ਵਾਲੇ ਰਾਜਨੀਤਕ ਪਾਂਧੀ ਵਜੋਂ ਤੇਜ਼ੀ ਨਾਲ ਉੱਭਰ ਰਿਹਾ ਹੈ। ਉਸ ਦੀ ਹਮਾਇਤ ਤੇ ਕਾਲੇ, ਹਿਸਪੈਨਿਕ, ਏਸ਼ੀਅਨ ਮੂਲ ਦੇ ਲੋਕ ਹੀ ਨਹੀਂ ਸਗੋਂ ਯਹੂਦੀ ਵੀ ਬਾਹਾਂ ਪਸਾਰ ਕੇ ਅੱਗੇ ਆਏ। ਨਿਊਯਾਰਕ ਯਹੂਦੀ ਕਾਂਗਰਸਮੈਨ ਜੇਰੀ ਨਾਡਲਰ ਜਿਸ ਦਾ ਯਹੂਦੀ ਭਾਈਚਾਰੇ ਵਿਚ ਵੱਡਾ ਨਾਮ ਹੈ, ਉਸ ਦੀ ਹਮਾਇਤ ਲਈ ਅੱਗੇ ਆਇਆ।

ਜਨਤਕ ਵਿਰੋਧ ਕਰ ਕੇ ਪਿਛਲੇ ਇਕ ਦਹਾਕੇ ਤੋਂ ਅਮਰੀਕੀ ਰਾਜਨੀਤੀਵਾਨ ਫਲਸਤੀਨ ਆਜ਼ਾਦੀ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਉਨ੍ਹਾਂ ਦੀ ਹੋਂਦ ਸਬੰਧੀ ਆਵਾਜ਼ ਉਠਾਉਣ ਤੋਂ ਕਤਰਾਉਂਦੇ ਸਨ। ਮਮਦਾਨੀ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਆਧਾਰ 'ਤੇ ਬੜੀ ਬੇਬਾਕੀ, ਤਰਕ, ਸਚਾਈ ਅਤੇ ਤੱਥਾਂ ਆਧਾਰਿਤ ਫਲਸਤੀਨੀਆਂ ਦਾ ਪੱਖ ਪੇਸ਼ ਕੀਤਾ। ਨਤੀਜੇ ਵਜੋਂ ਨਿਊਯਾਰਕ ਦਾ ਯਹੂਦੀ ਭਾਈਚਾਰਾ ਵੀ ਉਸ ਦੇ ਰਾਜਨੀਤਕ ਕਾਰਵਾਂ ਵਿਚ ਸ਼ਾਮਿਲ ਹੋ ਗਿਆ। ਗਾਜ਼ਾ ਦੇ ਨਸਲਘਾਤ, ਨਾਕਾਬੰਦੀ, ਭੁੱਖਮਰੀ, ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਰੂਹ ਕੰਬਾਊ ਦ੍ਰਿਸ਼ਾਂ ਦੀ ਪੇਸ਼ਕਾਰੀ ਨੇ ਨਿਊਯਾਰਕ ਨਿਵਾਸੀਆਂ ਦੀ ਸੋਚ ਬਦਲ ਕੇ ਰੱਖ ਦਿੱਤੀ। ਮਮਦਾਨੀ ਮੁਹਿੰਮ ਨੇ ਅੰਤਰ-ਨਸਲੀ ਗਰੁੱਪਾਂ, ਨੌਜਵਾਨਾਂ, ਵਿਦਿਆਰਥੀਆਂ, ਲੇਬਰ ਯੂਨੀਅਨਾਂ, ਵੱਖ-ਵੱਖ ਭਾਈਚਾਰਿਆਂ ਦੇ ਆਗੂਆਂ ਵਿਚ ਰਾਜਨੀਤਕ ਜਾਗ੍ਰਿਤੀ ਪੈਦਾ ਕਰ ਦਿੱਤੀ।

ਜੇਕਰ 4 ਨਵੰਬਰ ਵਾਲੀਆਂ ਮੇਅਰ ਚੋਣਾਂ ਵਿਚ ਉਹ ਜਿੱਤ ਹਾਸਿਲ ਕਰਦੇ ਹਨ ਤਾਂ ਉਹ ਨਿਊਯਾਰਕ ਸ਼ਹਿਰ ਦੇ ਪਹਿਲੇ ਮੁਸਲਿਮ ਮੇਅਰ ਹੋਣਗੇ। ਅਮਰੀਕੀ ਜੀਵਨ ਦੇ ਖਲਾਅ ਅਤੇ ਆਦਰਸ਼ਵਾਦ ਦੇ ਘਾਤ ਵਿਚੋਂ ਉੱਭਰ ਰਹੇ ਜ਼ੋਹਰਾਨ ਮਮਦਾਨੀ ਅਤੇ ਉਸ ਦੀ ਲੀਡਰਸ਼ਿਪ ਨੂੰ ਬਦਨਾਮ ਤੇ ਖਤਮ ਕਰਨ ਦੀਆਂ ਡੂੰਘੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਉਸ ਨੂੰ ਇਸਲਾਮੋਫੋਬੀਆ, ਕੱਟੜਵਾਦ, ਹਿੰਸਾ, ਯਹੂਦੀ ਵਿਰੋਧੀ, ਗਾਜ਼ਾ ਅਤੇ ਫਲਸਤੀਨ ਪੱਖੀ ਗਰਦਾਨਿਆ ਜਾ ਰਿਹਾ ਹੈ। ਲਿਬਰਟੀ ਬੁੱਤ ਦੀ ਪਰਦਾਪੋਸ਼ੀ ਕਰਦੇ ਟਰੰਪ ਪ੍ਰਸਾਸ਼ਨ ਵੱਲੋਂ ਉਸ ਨੂੰ ਕੱਟੜਵਾਦੀ ਇਸਲਾਮ ਅਤੇ ਸਮਾਜਵਾਦ ਨਾਲ ਜੋੜਿਆ ਜਾ ਰਿਹਾ ਹੈ। ਵ੍ਹਾਈਟ ਹਾਊਸ ਦੀ ਡਿਪਟੀ ਚੀਫ ਆਫ ਸਟਾਫ ਸਟੀਫਨ ਮਿੱਲਰ ਉਸ ਨੂੰ ਉਸ ਭਵਿੱਖੀ ਦ੍ਰਿਸ਼ ਦਾ ਪ੍ਰਤੀਕ ਦਿਖਾ ਰਿਹਾ ਹੈ ਜੋ ਪਰਵਾਸ 'ਤੇ ਕੰਟਰੋਲ ਅਸਫਲ ਹੋਣ ਬਾਅਦ ਉੱਭਰੇਗਾ। ਰਿਪਬਲਿਕਨ ਕਾਂਗਰਸਮੈਨ ਐਂਡੀ ਓਗਲਜ਼ ਉਸ ਨੂੰ 'ਨੰਨ੍ਹਾ ਮੁਹੰਮਦ' ਦਰਸਾਉਂਦਾ ਉਸ ਵਿਰੁੱਧ ਪਟੀਸ਼ਨ ਰਾਹੀਂ ਉਸ ਦੀ ਨਾਗਰਿਕਤਾ ਖਤਮ ਕਰ ਕੇ ਦੇਸ਼ ਨਿਕਾਲਾ ਦੇਣਾ ਚਾਹੁੰਦਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਉਸ ਨੂੰ '100 ਪ੍ਰਤੀਸ਼ਤ ਪਾਗਲ ਕਮਿਊਨਿਸਟ' ਗਰਦਾਨ ਰਿਹਾ ਹੈ, ਉਸ ਨੂੰ ਵਾਪਸ ਅਫਰੀਕਾ ਭੇਜਣਾ ਚਾਹੁੰਦਾ ਹੈ। ਸਰਮਾਏਦਾਰੀ ਅਤੇ ਇਜ਼ਰਾਇਲੀ ਨਸਲਘਾਤ ਵਿਰੋਧੀ ਹੋਣ ਕਰ ਕੇ ਉਹ ਰਾਸ਼ਟਰਪਤੀ, ਰਿਪਬਲਿਕਨਾਂ, ਕਾਰਪੋਰੇਟਵਾਦ ਦੇ ਨਿਸ਼ਾਨੇ 'ਤੇ ਹੈ।

ਜ਼ੋਹਰਾਨ ਮਮਦਾਨੀ ਪ੍ਰੋ। ਮਹਿਮੂਦ ਮਮਦਾਨੀ ਜਿਨ੍ਹਾਂ ਦਾ ਪਿਛੋਕੜ ਗੁਜਰਾਤ ਅਤੇ ਮਾਂ ਮੀਰਾ ਨਾਇਰ ਜਿਸ ਦਾ ਪਿਛੋਕੜ ਪੰਜਾਬ ਹੈ ਤੇ ਜੋ ਫਿਲਮਸਾਜ਼ ਵਜੋਂ ਮਸ਼ਹੂਰ ਹਨ, ਦੀ ਇਕਲੌਤੀ ਔਲਾਦ ਹੈ।

ਉਹ ਅਤੇ ਉਸ ਦਾ ਪਿਤਾ ਯੂਗਾਂਡਾ ਦੇ ਨਾਗਰਿਕ ਹਨ ਜਿੱਥੇ ਉਸ ਦਾ ਜਨਮ 18 ਅਕਤੂਬਰ 1991 ਨੂੰ ਕੰਪਾਲਾ ਵਿੱਚ ਹੋਇਆ ਸੀ। ਮਮਦਾਨੀ ਅਜੇ 7 ਸਾਲ ਦਾ ਸੀ ਤਾਂ ਮਾਪੇ ਨਿਊਯਾਰਕ ਆ ਵੱਸੇ। ਉਸ ਦਾ ਬਾਪ ਕੋਲੰਬੀਆ ਯੂਨੀਵਰਸਿਟੀ ਵਿਚ ਰਾਜਨੀਤੀ ਸ਼ਾਸਤਰ ਅਤੇ ਮਾਨਵ ਵਿਗਿਆਨ ਪੜ੍ਹਾਉਂਦੇ ਸਨ। ਉਹ 2010 ਤੋਂ 2022 ਤੱਕ ਮਕਰੇਰੇ ਸੋਸ਼ਲ ਖੋਜ ਸੰਸਥਾ ਯੂਗਾਂਡਾ ਦੇ ਡਾਇਰੈਕਟਰ ਰਹੇ। ਉਸ ਦੇ ਵਡੇਰੇ ਅਫਰੀਕਨ ਸਨ ਜੋ ਕਿਸੇ ਵੇਲੇ ਗੁਜਰਾਤ ਆ ਵਸੇ ਸਨ।

ਮਮਦਾਨੀ ਵਰਗੇ ਨੌਜਵਾਨਾਂ ਦੀ ਪੂਰੇ ਵਿਸ਼ਵ ਵਿਚ ਘਾਟ ਨਹੀਂ। ਉਸ ਵਾਂਗ ਅਰੀਜ਼ੋਨਾ ਵਿੱਚ ਗਰੀਬੀ ਨਾਲ ਲੜਦੀ ਜਵਾਨ ਹੋਈ 25 ਸਾਲਾ ਲੜਕੀ ਦੇਜਾ ਫੌਕਸ ਵੀ ਰਾਜਨੀਤੀ ਵਿਚ ਸਰਗਰਮ ਹੈ। ਪੂਰੇ ਵਿਸ਼ਵ ਵਿਚ ਸਥਾਪਿਤ ਨਿਜ਼ਾਮ, ਤਾਨਾਸ਼ਾਹ ਸ਼ਾਸਕ ਜਾਂ ਡੋਨਲਡ ਟਰੰਪ ਵਰਗੇ ਆਗੂ ਅਜਿਹੇ ਇਨਕਲਾਬੀ, ਹਰਮਨ ਪਿਆਰੇ, ਗੈਰ-ਲੋਕਰਾਜੀ ਹਕੂਮਤਾਂ ਦੇ ਤਖਤੇ ਪਲਟਣ ਦੇ ਸਮਰੱਥ ਨੌਜਵਾਨਾਂ ਨੂੰ ਅਕਸਰ ਮਾਰ-ਮੁਕਾ ਛੱਡਦੇ ਹਨ। ਅਜੋਕੇ ਅਮਰੀਕੀ ਸ਼ਾਸਨ ਅਤੇ ਸਮਾਜ ਵਿਚ ਇਨਕਲਾਬੀ ਤਬਦੀਲੀ ਲਈ ਜ਼ੋਹਰਾਨ ਮਮਦਾਨੀ ਵਰਗੇ ਨੌਜਵਾਨ ਰਾਜਨੀਤਕ ਨਾਇਕ ਦੀ ਸੁਰੱਖਿਆ ਅਤਿ ਜ਼ਰੂਰੀ ਹੈ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC California Tax Education Council Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਡਾ. ਨਛੱਤਰ ਪਾਲ, ਐਮ. ਐਲ. ਏ. ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਪਹੁੰਚੇ



'ਆਪਣਾ ਪੰਜਾਬ' ਐਨ. ਆਰ. ਆਈ. ਫੁਟਬਾਲ ਅਕੈਡਮੀ ਦੇ ਅਵਤਾਰ ਸਿੰਘ ਤਾਰੀ, ਸੁੱਚਾ ਰਾਮ, ਕਸ਼ਮੀਰ ਧੁੱਗਾ ਅਤੇ ਗੁਰੂ ਘਰ ਦੇ ਚੇਅਰਮੈਨ ਵਿਨੋਦ ਕੁਮਾਰ ਵਿਧਾਇਕ ਡਾ. ਨਛੱਤਰ ਪਾਲ ਦਾ ਸਵਾਗਤ ਕਰਦੇ ਹੋਏ।



ਵਿਧਾਇਕ ਡਾ. ਨਛੱਤਰ ਪਾਲ ਭਾਸ਼ਣ ਕਰਦੇ ਹੋਏ।



ਗੁਰੂ ਘਰ ਦੇ ਅਹੁਦੇਦਾਰ ਵਿਧਾਇਕ ਡਾ. ਨਛੱਤਰ ਪਾਲ ਦਾ ਸਿਰੋਪਾਓ ਨਾਲ ਸਨਮਾਨ ਕਰਦੇ ਹੋਏ





ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਸੇਵਾਦਾਰਾਂ ਨਾਲ ਵਿਧਾਇਕ ਡਾ. ਨਛੱਤਰ ਪਾਲ।



ਗੁਰੂ ਘਰ ਦੇ ਪ੍ਰਧਾਨ ਸਾਹਿਬ ਡਾ. ਨਛੱਤਰ ਪਾਲ ਨੂੰ ਗੁਰੂ ਘਰ ਦੀ ਨਵੀਂ ਬਿਲਡਿੰਗ ਬਾਰੇ ਜਾਣਕਾਰੀ ਦਿੰਦੇ ਹੋਏ।

ਯੂਨੀਅਨ ਸਿਟੀ- ਪਿਛਲੇ ਹਫਤੇ ਸ਼ਨਿਚਰਵਾਰ ਸ਼ਾਮ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਕੈਲੇਫੋਰਨੀਆ ਯੂਨੀਅਨ ਸਿਟੀ ਵਿਚ ਨਵਾਂ ਸ਼ਹਿਰ (ਦੁਆਬਾ) ਤੋਂ 2022 ਵਿਚ ਚੁਣੇ ਗਏ ਵਿਧਾਇਕ ਡਾ. ਨਛੱਤਰ ਪਾਲ ਜੀ ਪਹੁੰਚੇ,, ਜਿੱਥੇ ਉਹਨਾਂ ਦਾ ਸਵਾਗਤ ਗੁਰੂ ਘਰ ਦੀ ਕਮੇਟੀ ਵੱਲੋਂ ਕੀਤਾ ਗਿਆ, ਜਿਹਨਾਂ ਵਿਚ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਪ੍ਰਧਾਨ, ਤਰਲੋਚਨ ਸਿੰਘ ਬੱਧਣ ਜਨਰਲ ਸਕੱਤਰ, ਨਰੇਸ਼ ਕੁਮਾਰ ਗੱਡੂ ਖਜਾਨਚੀ, ਮਨਦੀਪ ਰਾਏ ਸਹਾਇਕ ਸਕੱਤਰ, ਮਨਜੀਤ ਸਿੰਘ ਵਾਈਸ ਚੇਅਰਮੈਨ, ਸ੍ਰੀ ਰਾਮ ਲੁਭਾਇਆ ਜੀ ਸ਼ਾਮਲ ਸਨ।

ਸ੍ਰੀ ਨਛੱਤਰ ਪਾਲ ਜੀ ਨੂੰ ਜੀਓ ਆਇਆਂ ਕਹਿਣ ਮਗਰੋਂ ਉਹਨਾਂ ਨੂੰ ਉਸਾਰੀ ਅਧੀਨ ਇਕ ਵਿਸ਼ਾਲ ਵੱਡੀ ਇਮਾਰਤ 'ਚ ਬਣ ਰਿਹਾ ਗੁਰੂ ਘਰ ਵਿਖਾਇਆ ਗਿਆ, ਜਿਸ ਵਿਚ ਇਕ ਬਹੁਤ ਵੱਡਾ ਹਾਲ ਤੇ ਦੋ ਲੰਗਰ ਹਾਲ, ਪੰਜਾਬੀ ਸਕੂਲ, ਗੁਰੂ ਘਰ ਦੀ ਕਮੇਟੀ ਦੀਆਂ ਮੀਟਿੰਗਾਂ ਵਾਸਤੇ ਵੱਡੇ ਕਮਰਾ ਤੇ ਲੰਗਰ ਹਾਲ ਅਤੇ ਹੋਰ ਕਈ ਸਹੂਲਤਾਂ ਵਾਲੇ ਕਮਰੇ ਤਿਆਰ ਕੀਤੇ ਜਾ ਰਹੇ ਹਨ। ਗੁਰੂ ਘਰ ਦੀ ਇਮਾਰਤ ਦੀਆਂ ਤਿਆਰੀਆਂ ਤਕਰੀਬਨ ਪੂਰੀਆਂ ਹੋਣ ਵੱਲ ਵੱਧ ਰਹੀ ਹੈ ਤੇ ਉਸਦੇ ਤਿਆਰ ਹੋ ਜਾਣ ਮਗਰੋਂ, ਕਾਰਾਂ ਦੀ ਪਾਰਕਿੰਗ ਜੋ ਤਕਰੀਬਨ ਦੋ ਸੌ ਕਾਰਾਂ ਦੀ ਹੋਵੇਗੀ, ਉਹ ਬਣਾਈ ਜਾਵੇਗੀ। ਹਰ ਦੋ ਹਫਤੇ ਬਾਅਦ ਉਥੇ ਸੰਗਤ ਜੁੜਦੀ ਹੈ ਤੇ ਗੁਰੂ ਦਾ ਜੱਸ ਸਰਵਣ ਕਰਦੀ ਹੈ।

ਕਿਸੇ ਵੀ ਸੱਜਣ ਨੇ ਗੁਰੂ ਘਰ ਨੂੰ ਮਾਇਆ ਭੇਜਣੀ ਹੋਵੇ ਤਾਂ ਸ੍ਰੀ ਵਿਨੋਦ ਕੁਮਾਰ ਨੂੰ 510-953-9800 ਤੇ ਜਾਂ ਦੂਸਰੇ ਅਹੁਦੇਦਾਰਾਂ ਨੂੰ ਫੋਨ ਕੀਤਾ ਜਾ ਸਕਦਾ ਹੈ। ਗੁਰੂ ਘਰ ਦੀ ਸਟੇਜ ਤੋਂ ਡਾ. ਨਛੱਤਰ ਪਾਲ ਵਿਧਾਇਕ ਸਾਹਿਬ ਨੇ ਆਈਆਂ ਸੰਗਤਾਂ ਨੂੰ ਸੰਬੋਧਨ ਕਰਕੇ ਦੱਸਿਆ ਕਿ ਉਹ ਪਹਿਲੀ ਵਾਰ ਨਵਾਂ ਸ਼ਹਿਰ ਦੁਆਬਾ ਤੋਂ ਚੋਣ ਲੜ ਕੇ ਵਿਧਾਇਕ ਬਣੇ ਤੇ ਉਹਨਾਂ ਨੇ ਕਈ ਨਿਯੁਕਤੀਆਂ ਜੋ ਰੁਕੀਆਂ ਹੋਈਆਂ ਸਨ, ਉਹਨਾਂ ਦਾ ਮਸਲਾ ਵਿਧਾਨ ਸਭਾ ਵਿਚ ਚੁੱਕੇ ਕੇ 58 ਲਾਅ ਅਫਸਰ ਦੀਆਂ ਨੌਕਰੀਆਂ ਦਿਵਾਈਆਂ ਜੋ ਕਈ ਸਾਲਾਂ ਤੋਂ ਰੁਕੀਆਂ ਹੋਈਆਂ ਸਨ। ਇਹਨਾਂ ਵਿਚੋਂ ਬਾਅਦ ਵਿਚ 20 ਜੱਜ ਵੀ ਲਗਾਏ ਜਾਣਗੇ।

ਨਵਾਂ ਸ਼ਹਿਰ ਵਿਚ 300 ਕਰੋੜ ਦੀ ਲਾਗਤ ਨਾਲ ਮੈਡੀਕਲ ਕਾਲਜ ਖੁੱਲ੍ਹ ਰਿਹਾ ਹੈ।

ਪੰਜਾਬ ਵਿਚ ਇਕ ਲੱਖ 65 ਹਜ਼ਾਰ ਏਕੜ ਵਾਹੀਯੋਗ ਜ਼ਮੀਨ ਹੈ, ਜੋ ਵਿਹਲੀ ਪਈ ਹੈ, ਉਸ ਵਿਚੋਂ ਸਿਰਫ 55 ਹਜ਼ਾਰ ਏਕੜ ਜ਼ਮੀਨ ਹਾਲੇ ਲੋਕਾਂ ਨੂੰ ਵਾਹੀ ਲਈ ਮਿਲੀ ਹੈ।

ਨਵਾਂ ਸ਼ਹਿਰ ਦੁਆਬਾ ਵਿਚ ਰੇਲਵੇ ਰੋਡ ਸੜਕ ਜੋ ਟੁੱਟੀ ਹੋਈ ਹੈ, ਹੁਣ ਇਹਨਾਂ ਅਨੁਸਾਰ ਬਣਨੀ ਸ਼ੁਰੂ ਹੋ ਰਹੀ ਹੈ।

ਗੁਰੂ ਘਰ ਵਿਚ ਉਹਨਾਂ ਤੋਂ ਮਗਰੋਂ ਸ੍ਰੀ ਵਿਨੋਦ ਕੁਮਾਰ ਹੁਰਾਂ ਨੇ ਉਹਨਾਂ ਦਾ ਧੰਨਵਾਦ ਕੀਤਾ ਤੇ ਤਰਲੋਚਨ ਸਿੰਘ ਬੱਧਣ ਹੁਰਾਂ ਨੇ ਵੀ ਆਈ ਸੰਗਤ ਦਾ ਤੇ ਵਿਧਾਇਕ ਸਾਹਿਬ ਦਾ ਧੰਨਵਾਦ ਕੀਤਾ।

ਇਸ ਗੁਰੂ ਘਰ ਨੂੰ ਬਣਾਉਣ ਵਿਚ ਸੰਗਤ ਨੇ ਬਹੁਤ ਸਾਥ ਦਿੱਤਾ ਤੇ 25 ਸਾਲਾਂ ਤੋਂ ਸ਼ੁਰੂ ਕਰਕੇ ਹੁਣ ਪੰਜ ਕੁ ਸਾਲਾਂ ਵਿਚ ਮੁਕੰਮਲ ਕਰਨ ਵੱਲ ਵੱਧ ਰਿਹਾ ਹੈ।

ਗੁਰੂ ਘਰ ਵਿਚ ਕੋਈ ਵੀ ਮਾਈਕ ਮਦਦ ਲਈ ਫੋਨ ਕਰੋ:

**ਚੇਅਰਮੈਨ ਸ੍ਰੀ ਵਿਨੋਦ ਕੁਮਾਰ 510-953-9800**
**ਪ੍ਰਧਾਨ ਤਰਲੋਚਨ ਸਿੰਘ ਬੱਧਣ 510-712-1743**
**ਜਨਰਲ ਸਕੱਤਰ ਨਰੇਸ਼ ਕੁਮਾਰ ਗੱਡੂ 510-857-4551**
**ਖਜਾਨਚੀ ਮਨਦੀਪ ਰਾਏ 415-342-9159**

# ਪੂਰਬ ਵੱਲ ਦੇਖਣ ਦੀ ਭਾਰਤੀ ਨੀਤੀ ਅਤੇ ਅਮਰੀਕਾ



ਨਿਰੂਪਮਾ ਸੁਬਰਾਮਣੀਅਨ

ਕਰੀਬ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਪੱਛਮ ਤੋਂ ਬਾਅਦ ਦੀ ਵਿਸ਼ਵ ਵਿਵਸਥਾ ਦਾ ਵਿਚਾਰ ਹਵਾ ਵਿੱਚ ਤੈਰ ਰਿਹਾ ਹੈ। ਉਦੋਂ ਅਜੇ ਪੱਛਮ 2009 ਦੀ ਮੰਦੀ ਤੋਂ ਉੱਭਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਅਮਰੀਕਾ ਅਤਿਵਾਦ ਵਿਰੁੱਧ ਵਿਸ਼ਵ ਲੜਾਈ ਵਿੱਚ ਧਸਿਆ ਹੋਇਆ ਸੀ ਜਿਸ ਨੂੰ ਪਾਕਿਸਤਾਨ ਦੇ ਐਬਟਾਬਾਦ ਸ਼ਹਿਰ ਵਿੱਚ ਉਸਾਮਾ ਬਿਨ-ਲਾਦਿਨ ਦੇ ਲੱਭੇ ਅਤੇ ਮਾਰੇ ਜਾਣ ਤੋਂ ਬਾਅਦ 'ਵਿਦੇਸ਼ੀ ਹੰਗਾਮੀ ਅਪ੍ਰੇਸ਼ਨ' ( ਵਰਸੀਜ਼ ਕੰਟੀਜੈਂਸੀ ਅਪ੍ਰੇਸ਼ਨ) ਦਾ ਨਾਮ ਦਿੱਤਾ ਗਿਆ ਸੀ ਪਰ ਤਾਲਿਬਾਨ ਆਪਣੀ ਤਾਕਤ ਦਿਖਾ ਰਹੇ ਸਨ।

ਪੱਛਮੀ ਏਸ਼ੀਆ ਵਿੱਚ ਅਮਰੀਕਾ ਤੋਂ ਨਿਰਾਸ਼ਾ ਉਦੋਂ ਸ਼ੁਰੂ ਹੋਈ ਜਦੋਂ ਬਰਾਕ ਬਾਮਾ ਪ੍ਰਸ਼ਾਸਨ ਨੇ ਅਰਬ ਬਸੰਤ ਲਹਿਰ ਦੌਰਾਨ ਆਪਣੇ ਪੁਰਾਣੇ ਦੋਸਤ, ਮਿਸਰ ਦੇ ਹੁਸਨੀ ਮੁਬਾਰਕ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਸੀ। ਇਹ ਉਸ ਖੇਤਰ ਦੇ ਹੋਰ ਅਮਰੀਕੀ ਦੋਸਤਾਂ ਅਤੇ ਭਾਈਵਾਲਾਂ ਲਈ ਝਟਕੇ ਵਾਂਗ ਸੀ। 2025 ਤੋਂ ਬਾਅਦ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਅਸੀਂ ਪਹਿਲਾਂ ਹੀ ਉਸ ਪੱਛਮੀ-ਉੱਤਰ ਸੰਸਾਰ ਦੀ ਦਹਿਲੀਜ਼ 'ਤੇ ਆ ਗਏ ਹਾਂ, ਜਿੱਥੇ ਅਮਰੀਕਾ ਜਲਦੀ ਹੀ ਮਹਾਂਸ਼ਕਤੀ ਨਹੀਂ ਰਹੇਗਾ ਅਤੇ ਇਸ ਦੀ ਇੱਕ-ਧਰੁਵੀ ਹੈਸੀਅਤ ਦੀ ਥਾਂ ਵਧੇਰੇ ਵਿਵਿਧ, ਬਹੁ-ਧਰੁਵੀ ਸੰਸਾਰ ਲੈ ਲਵੇਗਾ। ਰਾਸ਼ਟਰਪਤੀ ਡੋਨਲਡ ਟਰੰਪ ਦਾ ਆਪਣੇ ਦੂਜੇ ਕਾਰਜਕਾਲ ਦਾ ਜ਼ਿੰਮਾ ਇਹੀ ਸੀ ਕਿ ਬਹੁ-ਧਰੁਵੀ ਸੰਸਾਰ ਦੇ ਸੁਫਨੇ ਨੂੰ ਜ਼ਰੂਰੀ ਲੋੜ ਵਿੱਚ ਬਦਲਿਆ ਜਾਵੇ ਤੇ ਇਸ ਕੰਮ ਵਿੱਚ ਉਹ ਸਫਲ ਹੋਏ ਜਾਪਦੇ ਹਨ।



ਸਾਲ ਦਰ ਸਾਲ ਬ੍ਰਿਕਸ ਸਮੂਹ ਵੱਡਾ ਹੋ ਰਿਹਾ ਹੈ, ਗੋਲਡਮੈਨ ਸਾਕਸ ਦੇ ਇੱਕ ਅਰਥ ਸ਼ਾਸਤਰੀ ਨੇ ਬ੍ਰਿਕਸ ਸਮੂਹ ਨੂੰ ਚਾਰ ਉੱਭਰ ਰਹੀਆਂ ਅਰਥ ਵਿਵਸਥਾਵਾਂ ਦੇ ਛੋਟੇ ਸਮੂਹ ਦੇ ਵਿਚਾਰ ਦੀ ਸੰਗਿਆ ਦਿੱਤੀ ਸੀ ਜਿਸ ਨੂੰ ਅਸਲੀ 'ਕੁਆਡ' ਕਿਹਾ ਜਾਂਦਾ ਸੀ ਪਰ ਹੁਣ ਇਹ ਇਸ ਤੋਂ ਬਹੁਤ ਦੂਰ ਆ ਗਿਆ ਅਤੇ ਸਾਲ ਦਰ ਸਾਲ ਇਸ ਦਾ ਦਾਇਰਾ ਵਧ ਰਿਹਾ ਹੈ। 6 ਜੁਲਾਈ ਨੂੰ ਹੋਏ ਰੀ ਸੰਮੇਲਨ ਨੇ ਦਰਸਾਇਆ ਕਿ ਕਿਵੇਂ 2009 ਵਿੱਚ ਬ੍ਰਾਜ਼ੀਲ, ਚੀਨ, ਭਾਰਤ ਤੇ ਰੂਸ ਦੇ ਨੇਤਾਵਾਂ ਦੀ ਪਹਿਲੀ ਅਸਥਾਈ ਮੀਟਿੰਗ ਤੋਂ ਲੈ ਕੇ ਹੁਣ ਤੱਕ ਬ੍ਰਿਕਸ ਦਾ ਵਿਸਤਾਰ ਹੋਇਆ ਹੈ। ਅਗਲੇ ਸਾਲ ਦੱਖਣੀ ਅਫਰੀਕਾ ਇਸ ਵਿੱਚ ਸ਼ਾਮਿਲ ਹੋਇਆ। 2024 ਵਿੱਚ ਪੰਜ ਨਵੇਂ ਮੈਂਬਰ ਸ਼ਾਮਿਲ ਹੋਏ- ਮਿਸਰ, ਇਥੋਪੀਆ, ਇਰਾਨ, ਸਾਊਦੀ ਅਰਬ ਅਤੇ ਯੂਏਈ। ਇਸੇ ਸਾਲ ਦੁਨੀਆ ਦਾ ਚੌਥਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਇੰਡੋਨੇਸ਼ੀਆ ਇਸ ਸਮੂਹ ਵਿੱਚ ਸ਼ਾਮਿਲ ਹੋਇਆ; ਬੇਲਾਰੂਸ, ਬੋਲੀਵੀਆ, ਕਜ਼ਾਖ਼ਿਸਤਾਨ, ਕਿਊਬਾ, ਮਲੇਸ਼ੀਆ, ਨਾਈਜੀਰੀਆ, ਥਾਈਲੈਂਡ, ਯੂਗਾਂਡਾ ਅਤੇ ਉਜ਼ਬੇਕਿਸਤਾਨ ਨੂੰ ਭਾਈਵਾਲ ਦੇਸ਼ਾਂ ਵਜੋਂ ਬ੍ਰਿਕਸ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਪੱਛਮ ਵਿੱਚ ਬ੍ਰਿਕਸ ਨੂੰ ਆਮ ਤੌਰ 'ਤੇ ਅਜਿਹਾ ਸਮੂਹ ਕਰਾਰ ਦੇ ਕੇ ਰੱਦ ਕੀਤਾ ਜਾਂਦਾ ਰਿਹਾ ਹੈ ਜੋ ਕਮਜ਼ੋਰ ਅਤੇ ਅੰਦਰੂਨੀ ਮੱਤਭੇਦਾਂ ਨਾਲ ਗ੍ਰਸਿਆ ਹੋਇਆ ਹੈ ਤੇ ਜੋ ਕੋਈ ਵੀ ਸਾਰਥਿਕ ਕਾਰਵਾਈ ਕਰ ਸਕਣ ਦੇ ਯੋਗ ਨਹੀਂ। ਰੀ ਸੰਮੇਲਨ ਵਿੱਚ ਇਸ ਵੱਡੇ ਅਤੇ ਵੰਡੇ ਹੋਏ ਸਮੂਹ ਨੇ 31 ਸਫ਼ਿਆਂ ਦਾ ਸਰਬਸੰਮਤੀ ਵਾਲਾ ਸਾਂਝਾ ਐਲਾਨਨਾਮਾ ਜਾਰੀ ਕੀਤਾ ਜਦੋਂਕਿ ਜੀ7 ਸੰਮੇਲਨ ਬਿਨਾਂ ਕੋਈ ਸਾਂਝਾ ਐਲਾਨਨਾਮਾ ਜਾਰੀ ਕੀਤਿਆਂ ਹੀ ਖ਼ਤਮ ਹੋ ਗਿਆ ਕਿਉਂਕਿ ਅਮਰੀਕਾ ਨੇ ਰੂਸ-ਯੂਕਰੇਨ ਯੁੱਧ ਨਾਲ ਸਬੰਧਿਤ ਹਿੱਸਿਆਂ ਉਪਰ ਸਹੀ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਜੂਨ ਮਹੀਨੇ ਹੇਗ ਵਿੱਚ ਨਾਟੋ ਦੇ ਸੰਮੇਲਨ ਤੋਂ ਬਾਅਦ ਮਹਿਜ਼ ਚਾਰ ਸਫ਼ਿਆਂ ਦਾ ਐਲਾਨਨਾਮਾ ਜਾਰੀ ਕੀਤਾ ਗਿਆ ਸੀ ਜਦੋਂਕਿ ਪਿਛਲੇ ਸਾਲ ਵਾਸ਼ਿੰਗਟਨ ਵਿੱਚ ਹੋਏ ਸੰਮੇਲਨ ਵਿੱਚ ਕਾਫ਼ੀ ਲੰਮਾ ਚੌੜਾ ਦਸਤਾਵੇਜ਼ ਜਾਰੀ ਹੋਇਆ ਸੀ ਜਿਸ ਵਿੱਚ ਇਸ ਪਾਰ ਐਟਲਾਂਟਿਕ ਸੁਰੱਖਿਆ ਸੰਗਠਨ ਅੰਦਰ ਚਲੰਤ ਵੰਡੀਆਂ ਨੂੰ ਦਰਸਾਉਂਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰੀ ਤੋਂ ਜਾਰੀ ਕੀਤੇ 126 ਪੈਰਿਆਂ ਦੇ ਦਸਤਾਵੇਜ਼ ਨੂੰ ਆਉਣ ਵਾਲੇ ਕਈ ਦਿਨਾਂ ਤੱਕ ਸਮੂਹ ਅੰਦਰ ਸਹਿਮਤੀ ਪੈਦਾ ਕਰਨ ਲਈ ਬ੍ਰਾਜ਼ੀਲ ਦੀ ਲੀਡਰਸ਼ਿਪ ਅਤੇ ਕੂਟਨੀਤੀ ਦੀ ਝਲਕ ਵਜੋਂ ਸਮਝਿਆ ਜਾਵੇਗਾ ਜੋ ਕੁਝ ਦਿਨ ਪਹਿਲਾਂ ਅਸੰਭਵ ਜਾਪਦਾ ਸੀ। ਮਿਸਾਲ ਵਜੋਂ ਇਰਾਨ ਮੁਤੱਲਕ, ਭਾਰਤ ਨੇ ਸ਼ੰਘਾਈ ਸਹਿਯੋਗ ਸੰਗਠਨ (ਐੱਸਸੀ ) ਦੇ 13 ਜੂਨ ਨੂੰ ਇਰਾਨ ਉੱਪਰ ਇਜ਼ਰਾਇਲੀ ਹਮਲਿਆਂ ਦੀ ਨਿੰਦਾ ਕਰਨ ਵਾਲੇ ਬਿਆਨ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਸੀ। ਫਿਰ ਵੀ ਭਾਰਤ ਸਮੇਤ ਸਾਰੇ ਮੈਂਬਰ ਦੇਸ਼ਾਂ ਨੇ ਬ੍ਰਿਕਸ ਦਸਤਾਵੇਜ਼ ਦੇ ਇੱਕ ਪੈਰੇ 'ਤੇ ਸਹੀ ਪਾਈ ਜਿਸ ਵਿੱਚ ਬਿਨਾਂ ਕਿਸੇ ਦੇਸ਼ ਦਾ ਨਾਂ ਲਏ '13 ਜੂਨ ਤੋਂ ਇਸਲਾਮੀ ਗਣਰਾਜ ਇਰਾਨ ਵਿਰੁੱਧ ਫ਼ੌਜੀ ਹਮਲੇ' ਜਿਸ ਵਿੱਚ ਇਜ਼ਰਾਈਲੀ ਅਤੇ ਅਮਰੀਕੀ ਹਮਲੇ ਦੋਵੇਂ ਸ਼ਾਮਿਲ ਹਨ, ਦੀ ਨਿੰਦਾ ਕੀਤੀ ਗਈ ਹੈ।

ਕੁਝ ਦਿਨ ਪਹਿਲਾਂ ਤੱਕ ਭਾਰਤ ਸ਼ਾਇਦ ਪੈਰਾ 13 ਬਾਰੇ ਸਹਿਮਤ ਨਹੀਂ ਸੀ ਜੋ ਟਰੰਪ ਦੇ 'ਮੁਕਤੀ ਦਿਵਸ' ਟੈਰਿਫ ਯੁੱਧ ਪ੍ਰਤੀ ਦੁਨੀਆ ਦੇ ਗੁੱਸੇ ਨੂੰ ਦਰਸਾਉਂਦਾ ਹੈ; ਜਿਸ ਨੇ ਬਹੁਤ ਸਾਰੇ ਛੋਟੇ ਦੇਸ਼ਾਂ ਦੇ ਅਰਥਚਾਰਿਆਂ ਅਤੇ ਲੰਮੇ ਸਮੇਂ ਤੋਂ ਸਵੀਕਾਰ ਕੀਤੀ ਗਈ ਇਸ ਧਾਰਨਾ ਕਿ ਟੈਰਿਫਾਂ ਨੂੰ ਵਿਕਾਸਸ਼ੀਲ ਦੇਸ਼ਾਂ 'ਤੇ ਬੇਲੋੜਾ ਬੋਝ ਨਹੀਂ ਪਾਉਣਾ ਚਾਹੀਦਾ, ਨੂੰ ਉਲਟਾਅ ਕੇ ਰੱਖ ਦਿੱਤਾ ਹੈ। ਟਰੰਪ ਇਸ ਸਮੂਹਿਕ ਵਿਰੋਧ ਤੋਂ ਇੰਨਾ ਗੁੱਸੇ ਵਿੱਚ ਆ ਗਿਆ ਕਿ ਉਨ੍ਹਾਂ ਬ੍ਰਿਕਸ ਦੀਆਂ 'ਅਮਰੀਕਾ ਵਿਰੋਧੀ' ਸਰਗਰਮੀਆਂ ਵਿੱਚ ਹਿੱਸਾ ਲੈਣ ਵਾਲੇ ਇਨ੍ਹਾਂ ਸਾਰੇ ਦੇਸ਼ਾਂ 'ਤੇ 10 ਪ੍ਰਤੀਸ਼ਤ ਵਾਧੂ ਟੈਰਿਫ ਲਗਾਉਣ ਦੀ ਧਮਕੀ ਦੇ ਦਿੱਤੀ।

ਸਿਤਮਜ਼ਰੀਫ਼ੀ ਇਹ ਹੈ ਕਿ ਰੂਸ, ਚੀਨ ਤੇ ਇਰਾਨ ਨੂੰ ਛੱਡ ਕੇ ਬ੍ਰਿਕਸ ਵਿਚ ਜ਼ਿਆਦਾਤਰ ਦੇਸ਼ ਆਪਣੇ ਆਪ ਨੂੰ ਅਮਰੀਕਾ-ਵਿਰੋਧੀ ਜਾਂ ਪੱਛਮ-ਵਿਰੋਧੀ ਮੁਲਕ ਨਹੀਂ ਕਹਿਣਗੇ। ਭਾਰਤ ਤਾਂ ਬਿਲਕੁਲ ਵੀ ਨਹੀਂ ਜਿਸ ਦੇ ਅਮਰੀਕਾ ਨਾਲ ਰਿਸ਼ਤੇ ਬਹੁਤ ਪੱਕੇ ਹਨ, ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟਰੰਪ ਵੱਲੋਂ ਅਹੁਦਾ ਸੰਭਾਲਣ ਤੋਂ ਫੌਰੀ ਬਾਅਦ ਵਾਸ਼ਿੰਗਟਨ ਆਉਣ ਦੇ ਮਿਲੇ ਸੱਦੇ ਦੌਰਾਨ ਜਾਰੀ ਭਾਰਤ-ਅਮਰੀਕਾ ਸਾਂਝੇ ਬਿਆਨ ਵਿੱਚ ਦਰਸਾਇਆ ਗਿਆ ਸੀ।

ਇਸ ਸਾਲ ਦੇ ਸ਼ੁਰੂ 'ਚ ਹੀ ਭਾਰਤ ਟਰੰਪ ਦੀ '100 ਪ੍ਰਤੀਸ਼ਤ ਟੈਰਿਫ' ਦੀ ਧਮਕੀ ਤੋਂ ਬਾਅਦ ਪਛਤਾਵਾ ਕਰ ਕੇ ਪਿਛਾਂਹ ਨੂੰ ਮੁੜਿਆ ਸੀ, ਜਦੋਂ ਅਮਰੀਕੀ ਰਾਸ਼ਟਰਪਤੀ ਨੇ ਬ੍ਰਿਕਸ ਮੈਂਬਰਾਂ ਵੱਲੋਂ ਸੁਝਾਈ ਸਾਂਝੀ ਮੁਦਰਾ ਯੋਜਨਾ ਦਾ ਜ਼ੋਰਦਾਰ ਵਿਰੋਧ ਕੀਤਾ ਸੀ (ਇਸ ਦਾ ਸਾਂਝੇ ਬਿਆਨ ਵਿੱਚ ਜ਼ਿਕਰ ਨਹੀਂ) ਅਤੇ ਕੁਝ ਦਿਨ ਪਹਿਲਾਂ ਤੱਕ ਦਿੱਲੀ ਦਾ ਮੰਨਣਾ ਸੀ ਕਿ ਉਹ ਟਰੰਪ ਦੀ 'ਨਿੱਜੀ ਹਿੱਤਾਂ ਨੂੰ ਪਹਿਲ' ਦੇਣ ਦੀ ਪਹੁੰਚ ਦੇ ਬਾਵਜੂਦ ਵਾਜਿਬ ਵਪਾਰਕ ਸੰਧੀ ਸਿਰੇ ਚੜ੍ਹਾ ਸਕਦੀ ਹੈ।

ਇਸ ਪੜਾਅ 'ਤੇ ਭਾਰਤ ਸਪੱਸ਼ਟ ਤੌਰ 'ਤੇ ਮੰਨਦਾ ਹੈ ਕਿ ਉਸ ਨੂੰ 'ਗਲੋਬਲ ਸਾਊਥ' (ਅਫਰੀਕਾ, ਏਸ਼ੀਆ ਤੇ ਲਾਤੀਨੀ ਅਮਰੀਕਾ ਦੇ ਵਿਕਾਸਸ਼ੀਲ, ਘੱਟ ਵਿਕਸਤ ਤੇ ਅਵਿਕਸਤ ਮੁਲਕ) ਨਾਲ ਖੜ੍ਹਨ ਦਾ ਫ਼ਾਇਦਾ ਹੋਵੇਗਾ, ਅਜਿਹਾ ਕੰਮ ਜੋ ਇਸ ਨੇ ਘੱਟੋ-ਘੱਟ 7 ਅਕਤੂਬਰ 2023 ਤੋਂ ਬਾਅਦ ਹੁਣ ਤੱਕ ਨਹੀਂ ਕੀਤਾ ਜਦੋਂ ਹਮਾਸ ਦੇ ਹਮਲੇ ਦੇ ਜਵਾਬ 'ਚ ਇਜ਼ਰਾਈਲ ਨੇ ਗਾਜ਼ਾ ਵਿੱਚ ਤਬਾਹੀ ਸ਼ੁਰੂ ਕੀਤੀ ਸੀ। ਹਾਲ ਹੀ ਵਿੱਚ ਜੂਨ ਵਿੱਚ ਵੀ ਭਾਰਤ ਨੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਗਾਜ਼ਾ 'ਚ ਜੰਗਬੰਦੀ ਦੀ ਮੰਗ ਕਰਨ ਵਾਲੇ ਮਤੇ 'ਤੇ ਵੋਟਿੰਗ ਤੋਂ ਗੁਰੇਜ਼ ਕੀਤਾ ਸੀ ਜਿਸ ਤਰ੍ਹਾਂ ਉਸ ਨੇ ਫਲਸਤੀਨੀਆਂ 'ਤੇ ਇਜ਼ਰਾਈਲ ਦੇ ਆਪਹੁਦਰੇ ਹਮਲਿਆਂ ਵਿਰੁੱਧ ਪਹਿਲਾਂ ਆਏ ਹੋਰਨਾਂ ਅਜਿਹੇ ਮਤਿਆਂ 'ਤੇ ਵੀ ਕੀਤਾ ਸੀ, ਜਿਨ੍ਹਾਂ ਵਿੱਚ 50,000 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਜਿਨ੍ਹਾਂ ਨੂੰ ਆਈਸੀਜੇ ਤੇ ਆਈਸੀਸੀ, ਦੋਵਾਂ ਨੇ ਨਸਲਕੁਸ਼ੀ ਕਰਾਰ ਦਿੱਤਾ ਹੈ। ਭਾਰਤ ਉਨ੍ਹਾਂ ਕੁਝ ਕੁ ਦੇਸ਼ਾਂ ਵਿੱਚੋਂ ਇੱਕ ਸੀ ਜਿਸ ਨੇ ਇਨ੍ਹਾਂ ਮਤਿਆਂ 'ਤੇ ਫਲਸਤੀਨੀਆਂ ਨਾਲ ਇਕਜੁੱਟਤਾ ਨਹੀਂ ਦਿਖਾਈ। ਇਸ ਲੜੀ ਨੂੰ ਤੋੜਦੇ ਹੋਏ ਸਿਰਫ਼ ਇੱਕ ਹੀ ਅਜਿਹਾ ਮੌਕਾ ਸੀ ਜਦੋਂ ਪਿਛਲੇ ਸਾਲ ਦਸੰਬਰ ਵਿੱਚ ਇਸ ਨੇ ਜੰਗਬੰਦੀ ਲਈ ਵੋਟ ਪਾਈ ਸੀ।

ਕੁਝ ਲੋਕਾਂ ਨੇ ਸਵਾਲ ਕੀਤਾ ਹੈ ਕਿ ਕੀ ਪ੍ਰਧਾਨ ਮੰਤਰੀ ਮੋਦੀ ਵੱਲੋਂ ਬ੍ਰਿਕਸ ਸੰਮੇਲਨ ਵਿੱਚ ਸ਼ਾਮਿਲ ਹੋਣਾ ਸਮਝਦਾਰੀ ਵਾਲਾ ਕਦਮ ਸੀ ਜਦੋਂਕਿ ਰੂਸੀ ਤੇ ਚੀਨੀ ਰਾਸ਼ਟਰਪਤੀ ਇਸ ਤੋਂ ਦੂਰ ਰਹੇ ਪਰ ਅਪਰੇਸ਼ਨ ਸਿੰਧੂਰ ਤੋਂ ਬਾਅਦ ਭਾਰਤ ਦੇ ਅਲੱਗ-ਥਲੱਗ ਹੋਣ ਨੇ ਇਹ ਦਿਖਾਇਆ ਹੈ ਕਿ ਦਿੱਲੀ ਆਲਮੀ ਪੱਧਰ 'ਤੇ ਖ਼ੁਦ ਨੂੰ ਸਿਖ਼ਰ 'ਤੇ ਦੇਖੇ ਜਾਣ ਦੀ ਆਪਣੀ ਉਤਸੁਕਤਾ ਵਿੱਚ ਗਲੋਬਲ ਸਾਊਥ ਤੋਂ ਕਿੰਨਾ ਦੂਰ ਹੋ ਗਿਆ ਹੈ।

ਨਿਰੀਖਕ ਪ੍ਰਧਾਨ ਮੰਤਰੀ ਮੋਦੀ ਦੀ 5 ਦੇਸ਼ਾਂ ਦੀ 9 ਦਿਨਾ ਯਾਤਰਾ 'ਤੇ ਵੀ ਹੈਰਾਨ ਹਨ, ਉਹ ਦੇਸ਼ ਜਿਨ੍ਹਾਂ ਦੇ ਨਾਂ ਸਾਨੂੰ ਸੁਣੇ-ਸੁਣੇ ਨਹੀਂ ਲੱਗਦੇ- ਘਾਨਾ, ਟ੍ਰਿਨੀਦਾਦ ਤੇ ਟੋਬੈਗੋ, ਨਾਮੀਬੀਆ, ਅਰਜਨਟੀਨਾ ਅਤੇ ਬ੍ਰਾਜ਼ੀਲ (ਬ੍ਰਿਕਸ ਸੰਮੇਲਨ ਲਈ)। ਪਹਿਲੇ ਤਿੰਨ ਨਾਮ ਗੁੱਟ ਨਿਰਲੇਪ ਅੰਦੋਲਨ 'ਚ ਸ਼ਾਮਿਲ ਰਹੇ ਹਨ ਜਿਨ੍ਹਾਂ ਨੂੰ ਮੋਦੀ ਦੀ ਵਿਦੇਸ਼ ਨੀਤੀ ਦੇ ਮਹਾਰਥੀ ਅਕਸਰ ਨਕਾਰਦੇ ਹਨ। ਸ਼ਾਇਦ ਇਹ ਯਾਤਰਾ ਤੌਬਾ ਕਰਨ ਲਈ ਸੀ।

ਦੋ ਵੱਡੇ ਨੇਤਾਵਾਂ- ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਸ਼ੀ ਜਿਨਪਿੰਗ- ਦੀ ਗ਼ੈਰ-ਮੌਜੂਦਗੀ ਨੇ ਮੋਦੀ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੱਤਾ। ਹੁਣ ਬ੍ਰਿਕਸ ਨੇ ਭਾਰਤ ਨਾਲ ਪਹਿਲਗਾਮ ਕਤਲੇਆਮ ਬਾਰੇ ਬਿਆਨ ਸਾਂਝਾ ਕੀਤਾ ਹੈ, ਹਾਲਾਂਕਿ ਪਾਕਿਸਤਾਨ ਜਾਂ ਲਸ਼ਕਰ-ਏ-ਤੋਇਬਾ ਦਾ ਜ਼ਿਕਰ ਨਹੀਂ ਹੈ, ਜਿਵੇਂ ਐੱਸਸੀ ਨੇ ਕੀਤਾ ਸੀ।

ਇਹ ਮੰਨਣਾ ਗ਼ਲਤ ਹੋਵੇਗਾ ਕਿ ਇੱਥੇ 'ਇਹ ਜਾਂ ਉਹ' ਚੁਣਨ ਵਾਲੀ ਸਥਿਤੀ ਹੈ, ਕਿ ਇਸ ਨਾਲ ਭਾਰਤ ਨੇ ਅਮਰੀਕਾ ਜਾਂ ਪੱਛਮ ਤੋਂ ਮੂੰਹ ਮੋੜ ਲਿਆ ਹੈ। ਵਿਦੇਸ਼ ਸਬੰਧ ਇਸ ਤਰ੍ਹਾਂ ਨਹੀਂ ਚਲਾਏ ਜਾਂਦੇ। ਅਮਰੀਕਾ ਨਾਲ ਵਪਾਰਕ ਗੱਲਬਾਤ ਜਾਰੀ ਰਹਿਣੀ ਹੈ। ਕੁਆਡ ਅਜੇ ਵੀ ਜਿਊਂਦਾ ਹੈ।

ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉਹ ਦਿੱਲੀ 'ਚ ਕੁਆਡ ਸੰਮੇਲਨ ਵਿੱਚ ਸ਼ਾਮਿਲ ਹੋਣਗੇ ਪਰ ਯਕੀਨਨ, ਦਿੱਲੀ ਨੇ ਇੱਕ ਦੋ ਸਬਕ ਤਾਂ ਸਿੱਖੇ ਹੀ ਹਨ ਕਿ ਇੱਕੋ ਚੀਜ਼ ਜਾਂ ਯੋਜਨਾ ਉੱਤੇ ਨਿਰਭਰ ਨਹੀਂ ਰਿਹਾ ਜਾ ਸਕਦਾ, ਇਹ ਦਿਖਾਵਾ ਕਰਦਿਆਂ ਕਿ ਸਾਰੀ ਦੁਨੀਆ ਤੁਹਾਡੇ ਮਗਰ ਲੱਗੀ ਹੋਈ ਹੈ; ਤੇ ਸ਼ਾਇਦ ਮੌਜੂਦਾ ਲੀਡਰਸ਼ਿਪ ਗੁੱਟ ਨਿਰਲੇਪ ਸੰਗਠਨ ਦੀ ਨਿੰਦਾ ਕਰਨੀ ਵੀ ਬੰਦ ਕਰ ਦੇਵੇ।

# ਟਰੰਪ ਦਾ ਨਵਾਂ ਬਿੱਲ ਪਰਵਾਸੀਆਂ ਲਈ ਆਫ਼ਤ

ਅਮਰੀਕੀ ਇਤਿਹਾਸ ਦਾ ਮਹੱਤਵਪੂਰਨ ਅਤੇ ਡੋਨਲਡ ਟਰੰਪ ਦਾ ਹਰਮਨਪਿਆਰਾ ਬਿੱਲ 'ਵੱਨ ਬਿੱਗ ਬਿਊਟੀਫੁੱਲ ਬਿੱਲ' ਆਖ਼ਿਰਕਾਰ ਵੱਡੇ ਵਿਰੋਧ ਅਤੇ ਵਿਵਾਦ ਪਿੱਛੋਂ ਅਮਰੀਕੀ ਕਾਂਗਰਸ ਵਿੱਚ ਪਾਸ ਹੋ ਗਿਆ। ਇਹ ਬਿੱਲ ਪਹਿਲੀ ਜੁਲਾਈ ਨੂੰ ਸੈਨੇਟ ਵਿੱਚੋਂ 51-50 ਦੇ ਫਰਕ ਨਾਲ ਪਾਸ ਹੋ ਕੇ ਅੰਤਿਮ ਪ੍ਰਵਾਨਗੀ ਲਈ ਪ੍ਰਤੀਨਿਧੀ ਸਭਾ ਪਹੁੰਚ ਗਿਆ ਜਿੱਥੇ 3 ਜੁਲਾਈ ਨੂੰ 218-

ਮਨਦੀਪ

214 ਦੇ ਫਸਵੇਂ ਫਰਕ ਨਾਲ ਪਾਸ ਹੋ ਗਿਆ। 4 ਜੁਲਾਈ ਨੂੰ ਅਮਰੀਕੀ ਆਜ਼ਾਦੀ ਦਿਵਸ 'ਤੇ ਤੋਹਫ਼ੇ ਵਜੋਂ ਰਾਸ਼ਟਰਪਤੀ ਟਰੰਪ ਦੇ ਦਸਤਖ਼ਤਾਂ ਨਾਲ ਇਸ ਨੂੰ ਅੰਤਿਮ ਛੋਹ ਦੇ ਦਿੱਤੀ ਗਈ। 49% ਅਮਰੀਕੀਆਂ ਦੇ ਵਿਰੋਧ ਦੇ ਬਾਵਜੂਦ ਪਾਸ ਹੋਏ ਇਸ ਬਿੱਲ ਦੇ ਮਾੜੇ ਨਤੀਜੇ ਨਿਕਲਣੇ ਤਾਂ ਸੁਭਾਵਿਕ ਹਨ ਪਰ ਇਸਦੀ ਆਮਦ ਲਈ ਲੰਮੇ ਸਮੇਂ ਤੋਂ ਪੱਬਾਂ ਭਾਰ ਹੋਏ ਟਰੰਪ ਪ੍ਰਸ਼ਾਸਨ ਦੇ ਯਤਨਾਂ ਨੂੰ ਦੇਖਦਿਆਂ ਇਸ ਦੀ ਅਹਿਮੀਅਤ ਬਾਰੇ ਜਾਨਣਾ ਜ਼ਰੂਰੀ ਹੈ।

ਵੱਨ ਬਿੱਗ ਬਿਊਟੀਫੁੱਲ ਬਿੱਲ ਐਕਟ (OBBBA) ਮੁਤਾਬਿਕ 2017 ਦੇ ਟਰੰਪ ਟੈਕਸ ਕਟੌਤੀਆਂ (TCJA) ਦੇ ਫੈਸਲੇ ਨੂੰ ਸਥਾਈ ਤੌਰ 'ਤੇ ਵਧਾ ਦਿੱਤਾ ਗਿਆ ਹੈ ਜਿਸ ਤਹਿਤ ਸੀਨੀਅਰ ਸਿਟੀਜ਼ਨਾਂ ਨੂੰ ਕੁਝ ਖਾਸ ਸ਼ਰਤਾਂ ਤਹਿਤ ਟੈਕਸ ਰਾਹਤ ਮਿਲੇਗੀ, ਬੱਚਿਆਂ ਨੂੰ ਦਿੱਤਾ ਜਾਣ ਵਾਲਾ ਟੈਕਸ ਕਰੈਡਿਟ ਵਧ ਜਾਵੇਗਾ ਅਤੇ ਟਿਪ ਤੇ ਵਰਟਾਈਮ ਦੀ ਕਮਾਈ 'ਤੇ ਟੈਕਸ ਮੁਆਫ਼ੀ ਦਿੱਤੀ ਜਾਵੇਗੀ। ਇਸ ਮਾਮੂਲੀ ਰਾਹਤ ਬਦਲੇ ਮੈਡੀਕੇਡ ਖਰਚਿਆਂ, ਫੂਡ ਸਟੈਂਪ 'ਚ ਕਟੌਤੀ ਤੇ ਬਾਇਡਨ ਵੇਲੇ ਦੇ ਸਟੂਡੈਂਟਸ ਲੋਨ 'ਤੇ ਭਾਰੀ ਕੱਟ ਲਾਏ ਗਏ ਹਨ। ਮੈਡੀਕੇਡ ਕੱਟਾਂ ਨਾਲ ਦੋ ਕਰੋੜ ਲੋਕਾਂ ਨੂੰ ਸਿਹਤ ਸਹੂਲਤਾਂ ਦੀ ਰਾਹਤ ਤੋਂ ਹੱਥ ਧੋਣੇ ਪੈਣਗੇ ਤੇ ਫੂਡ ਸਟੈਂਪ (ਜਿੱਥੇ ਗਰੀਬਾਂ, ਬਜ਼ੁਰਗਾਂ



ਤੇ ਅਪਾਹਜਾਂ ਨੂੰ ਮੁਫ਼ਤ ਖਾਣਾ ਮਿਲਦਾ ਹੈ) ਕੱਟਾਂ ਕਾਰਨ ਸਮਾਜ ਦੇ ਨੀਵੇਂ ਤਬਕੇ 'ਤੇ ਬੁਰਾ ਅਸਰ ਪਵੇਗਾ।

ਬਿੱਲ ਵਿੱਚ ਪੈਂਟਾਗਨ ਦਾ ਰੱਖਿਆ ਬਜਟ 8% ਤੱਕ ਵਧਾਇਆ ਜਾਵੇਗਾ। 2029 ਤੱਕ ਫੌਜ ਨੂੰ 150 ਅਰਬ ਡਾਲਰ, ਗੋਲਡਨ ਡੋਮ ਲਈ 25 ਅਰਬ ਡਾਲਰ ਅਤੇ ਇਮੀਗ੍ਰੇਸ਼ਨ ਤੇ ਕਸਟਮ ਐਨਫੋਰਸਮੈਂਟ (ICE) ਨੂੰ 150 ਅਰਬ ਡਾਲਰ ਦੇ ਫੰਡ ਦੇ ਕੇ ਅਮਰੀਕਾ ਵਿੱਚੋਂ ਪਰਵਾਸੀਆਂ ਦੇ ਉਜਾੜੇ ਦਾ ਰਾਹ ਹੋਰ ਵੱਧ ਪੱਧਰਾ ਕੀਤਾ ਜਾਵੇਗਾ। ਮੈਕਸਿਕੋ ਬਾਰਡਰ ਉੱਤੇ ਗਸ਼ਤ ਵਧਾਈ ਜਾਵੇਗੀ ਤੇ ਕੰਧ ਦੀ ਉਸਾਰੀ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਬਾਰਡਰ ਦੀ ਉਸਾਰੀ ਲਈ 46 ਅਰਬ ਡਾਲਰ ਖ਼ਰਚੇ ਜਾਣਗੇ ਅਤੇ 45 ਅਰਬ ਡਾਲਰ ਆਈਸੀਈ ਨੂੰ ਦਿੱਤੇ ਜਾਣਗੇ ਜਿਸ ਵਿੱਚ ਪਰਵਾਸੀ ਨਜ਼ਰਬੰਦੀ ਕੈਂਪਾਂ ਵਿੱਚ ਇੱਕ ਲੱਖ ਬੈੱਡ ਬਣਾਉਣ, ਦਸ ਹਜ਼ਾਰ ਆਈਸੀਈ ਏਜੰਟ ਭਰਤੀ ਕਰਨ ਅਤੇ 10 ਅਰਬ ਡਾਲਰ ਉਨ੍ਹਾਂ ਸੂਬਿਆਂ ਨੂੰ ਸਹਾਇਤਾ ਦੇਣ ਵਜੋਂ ਰਾਖਵੇਂ ਰੱਖੇ ਹਨ ਜੋ ਪਰਵਾਸੀਆਂ ਦੀ ਗ੍ਰਿਫ਼ਤਾਰੀ ਲਈ ਆਈਸੀਈ ਦਾ ਸਹਿਯੋਗ ਕਰਨਗੇ। 350 ਅਰਬ ਡਾਲਰ ਇਮੀਗ੍ਰੇਸ਼ਨ ਲਈ ਰਾਖਵੇਂ ਹਨ। ਇਮੀਗ੍ਰੇਸ਼ਨ ਖਰਚਿਆਂ ਬਾਰੇ ਇਹ ਬਜਟ ਪਿਛਲੇ ਸਾਲਾਂ ਦੇ ਮੁਕਾਬਲੇ ਦਸ ਗੁਣਾ ਜ਼ਿਆਦਾ ਹੈ, ਜਿਸ ਨੂੰ ਅਮਰੀਕੀ ਸਮਾਜਿਕ ਕਦਰਾਂ-ਕੀਮਤਾਂ ਦੇ ਉਲਟ ਮਨੁੱਖੀ, ਸੰਵਿਧਾਨਕ ਅਤੇ ਕਿਰਤ ਕਾਨੂੰਨਾਂ ਦਾ ਘਾਣ ਕਰ ਕੇ ਅੱਗੇ ਵਧਾਇਆ ਜਾਵੇਗਾ। ਬਿੱਲ ਅਨੁਸਾਰ ਪਰਵਾਸ ਕੰਟਰੋਲ ਕਰਨ ਅਤੇ ਲੋਕਾਂ ਦੀ ਪਹੁੰਚ ਤੋਂ ਬਾਹਰ ਕਰਨ ਲਈ ਇਮੀਗ੍ਰੇਸ਼ਨ ਫੀਸਾਂ ਵਿੱਚ ਭਾਰੀ ਇਜ਼ਾਫ਼ਾ ਕੀਤਾ ਜਾਵੇਗਾ। ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰ ਕੇ ਅਮਰੀਕਾ ਵਿੱਚ ਦਾਖਲ ਹੋਣ ਵਾਲਿਆਂ ਨੂੰ ਦੇਸ਼-ਨਿਕਾਲਾ, ਸਜ਼ਾਵਾਂ ਤੇ 5000 ਅਮਰੀਕੀ ਡਾਲਰ ਦਾ ਜੁਰਮਾਨਾ ਲਾਇਆ ਜਾਵੇਗਾ; ਸ਼ਰਨਾਰਥੀਆਂ ਵੱਲੋਂ ਅਦਾਲਤੀ ਤਰੀਕਾਂ 'ਤੇ ਗੈਰ-ਹਾਜ਼ਰ ਰਹਿਣ 'ਤੇ ਵੀ 5000 ਡਾਲਰ ਦਾ ਜੁਰਮਾਨਾ ਲੱਗੇਗਾ। ਪਰਵਾਸੀਆਂ ਵੱਲੋਂ ਆਪਣੇ ਵਤਨ ਪੈਸੇ ਭੇਜਣ ਉੱਤੇ ਟੈਕਸ ਵਧਾ ਦਿੱਤਾ ਹੈ। ਪਰਵਾਸੀ ਅਮਰੀਕਾ ਤੋਂ ਸਭ ਤੋਂ ਵੱਧ ਪੈਸਾ (2023-24 'ਚ 32।9 ਅਰਬ ਡਾਲਰ) ਭਾਰਤ ਭੇਜਦੇ ਹਨ। ਹਰੀ ਤੇ ਸ਼ੁੱਧ ਊਰਜਾ (ਪੌਣ-ਚੱਕੀ, ਸੂਰਜੀ ਤੇ ਗਰੀਨ ਊਰਜਾ) ਵਿੱਚ ਕੀਤੀਆਂ ਟੈਕਸ ਕਟੌਤੀਆਂ ਕਾਰਨ ਵਾਤਾਵਰਨਕ ਖਤਰੇ ਤੇ ਊਰਜਾ ਸ੍ਰੋਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦੇ ਖ਼ਦਸ਼ੇ ਹਨ।

ਇੱਕ ਅਨੁਮਾਨ ਮੁਤਾਬਿਕ ਫੌਜੀ ਤੇ ਰੱਖਿਆ ਖਰਚਿਆਂ ਨਾਲ 2034 ਤੱਕ ਅਮਰੀਕੀ ਆਰਥਿਕਤਾ ਉੱਤੇ 2.4-3.3 ਟ੍ਰਿਲੀਅਨ ਡਾਲਰ ਦਾ ਬੋਝ ਪਵੇਗਾ ਜਿਸ ਨਾਲ ਪਹਿਲਾਂ ਤੋਂ ਹੀ ਭਾਰੀ ਕਰਜ਼ (36.2 ਟ੍ਰਿਲੀਅਨ) ਵਿੱਚ ਡੁੱਬੇ ਅਮਰੀਕਾ ਵਿੱਚ ਹੋਣ ਵਾਲੇ ਵਿਦੇਸ਼ੀ ਨਿਵੇਸ਼ ਉੱਤੇ ਅਸਰ ਪੈ ਸਕਦਾ ਹੈ। ਦੂਜੇ ਪਾਸੇ ਟੈਕਸ ਕਟੌਤੀ, ਰੱਖਿਆ ਤੇ ਇਮੀਗ੍ਰੇਸ਼ਨ ਵਾਲੇ ਖ਼ਰਚਿਆਂ ਦੀ ਭਰਪਾਈ ਸਿਹਤ, ਸਿੱਖਿਆ ਅਤੇ ਭੋਜਨ ਪ੍ਰੋਗਰਾਮ ਉੱਤੇ ਲਾਏ ਜਾਣ ਵਾਲੇ ਕੱਟਾਂ ਤੋਂ ਕੀਤੀ ਜਾਵੇਗੀ। ਇਨ੍ਹਾਂ ਕੱਟਾਂ ਤੋਂ 350 ਅਰਬ ਡਾਲਰ ਹਾਸਲ ਕੀਤੇ ਜਾਣਗੇ। ਟਰੰਪ ਦੀਆਂ ਸਿਹਤ ਸਹੂਲਤ ਸੋਧਾਂ ਕਰ ਕੇ 10 ਖਰਬ ਡਾਲਰ ਦੇ ਕੱਟ ਲਾਏ ਗਏ ਹਨ। ਭੋਜਨ ਬੈਂਕ ਲਈ ਸ਼ਰਤਾਂ ਸਖ਼ਤ ਕਰਨ ਨਾਲ ਸਭ ਤੋਂ ਗਰੀਬ, ਬੇਘਰੇ, ਬਜ਼ੁਰਗ ਤੇ ਅਪਾਹਜ ਲੋਕਾਂ ਲਈ ਹਾਲਾਤ ਬਦਤਰ ਹੋਣਗੇ ਤੇ 2034 ਤੱਕ ਇੱਕ ਕਰੋੜ ਸੱਠ ਲੱਖ ਲੋਕ ਸਿਹਤ ਬੀਮਾ ਸਹੂਲਤ ਗੁਆ ਜਾਣਗੇ। ਯੇਲ ਯੂਨੀਵਰਸਿਟੀ ਦੇ ਸਿਹਤ ਵਿਭਾਗ ਦੇ ਅਧਿਐਨ ਮੁਤਾਬਿਕ, ਬਿੱਲ ਵਿੱਚ ਇਕੱਲੇ ਸਿਹਤ ਸਹੂਲਤ ਕੱਟਾਂ ਕਾਰਨ ਹਰ ਸਾਲ 50,000 ਅਮਰੀਕੀ ਜਾਨ ਗੁਆ ਦੇਣਗੇ। ਸੈਨੇਟਰ ਬਰਨੀ ਸੈਂਡਰਸ ਨੇ ਇਸ ਬਿੱਲ ਨੂੰ 'ਮੌਤ ਦੀ ਸਜ਼ਾ' ਕਿਹਾ ਹੈ।

ਇਸ ਬਿੱਲ ਨਾਲ ਅਮਰੀਕਾ ਦੇ ਸਿਖਰਲੇ 1% ਅਮੀਰਾਂ ਨੂੰ 975 ਅਰਬ ਡਾਲਰ ਦਾ ਲਾਭ ਮਿਲੇਗਾ ਜਿਸ ਦੀ ਭਰਪਾਈ ਸਿਹਤ ਸੰਭਾਲ ਕਟੌਤੀਆਂ ਨਾਲ ਹੜੱਪੇ ਇੱਕ ਖਰਬ ਡਾਲਰ 'ਚੋਂ ਕੀਤੀ ਜਾਵੇਗੀ। ਵੱਡਾ ਕਹਿਰ ਸਭ ਤੋਂ ਹੇਠਲੇ ਤੇ ਕੰਮਕਾਜੀ ਵਰਗ 'ਤੇ ਟੁੱਟਣਾ ਹੈ। ਦੂਜਾ, ਇਸ ਦਾ ਮੁੱਖ ਏਜੰਡਾ ਅਮਰੀਕੀਆਂ ਦੇ ਪੈਸੇ ਨਾਲ ਗੈਰ-ਦਸਤਾਵੇਜ਼ੀ ਪਰਵਾਸੀਆਂ ਦੇ ਦੇਸ਼-ਨਿਕਾਲੇ ਦੇ ਪ੍ਰਾਜੈਕਟ ਨੂੰ ਹੋਰ ਤੇਜ਼ ਕਰਨਾ ਤੇ ਨਿੱਜੀ ਉਦਯੋਗਕ ਕੰਪਲੈਕਸ, ਵੱਡੀਆਂ ਟੈਕ ਤੇ ਹਥਿਆਰ ਕੰਪਨੀਆਂ ਨੂੰ ਲਾਹੇ ਪਹੁੰਚਾਉਣਾ ਹੈ। ਫੈਡਰੇਸ਼ਨ ਫਾਰ ਅਮੈਰਿਕਨ ਇਮੀਗ੍ਰੇਸ਼ਨ ਰੀਫੌਰਮ (FAIR) ਦੀ ਮਾਰਚ 2025 ਦੀ ਰਿਪੋਰਟ ਮੁਤਾਬਿਕ, ਅਮਰੀਕਾ ਅੰਦਰ ਕੁੱਲ 1 ਕਰੋੜ 86 ਲੱਖ

(ਬਾਕੀ ਅਗਲੇ ਸਫੇ 'ਤੇ)

# ਭਾਰਤ ਲਈ ਨਾਜ਼ੁਕ ਪਰ ਇਕ ਮੌਕਾ ਵੀ

ਜਯੋਤੀ ਮਲਹੋਤਰਾ

ਚੀਨੀ ਕਹਾਵਤ ਹੈ: ਸ਼ਾਲਾ! ਅਸੀਂ ਚੰਗੇ ਸਮਿਆਂ 'ਚ ਜੀਵੀਏ। ਤੇਜ਼ ਰਫ਼ਤਾਰ ਦੁਨੀਆ 'ਚ ਲੰਘੇ ਹਫ਼ਤੇ ਨੇ ਸਾਡੇ ਆਲੇ-ਦੁਆਲੇ ਦੇ ਸੰਸਾਰ ਦੇ ਕੁਝ ਦਿਲਚਸਪ ਪਹਿਲੂ ਸਾਹਮਣੇ ਲਿਆਂਦੇ। ਜੋ ਵੀ ਹੋਵੇ, ਹਫ਼ਤੇ ਦਾ ਅਖ਼ੀਰ ਬੀਤੇ 'ਤੇ ਝਾਤ ਮਾਰਨ ਦਾ ਵਧੀਆ ਸਮਾਂ ਹੁੰਦਾ ਹੈ।

ਜਦੋਂ ਵੀ ਚੀਨ-ਪਾਕਿਸਤਾਨ ਦੇ ਆਗੂ ਮਿਲਦੇ ਹਨ ਤਾਂ ਮੰਤਰ ਵਾਂਗ ਇਹੋ ਗੱਲ ਉਚਾਰਦੇ ਹਨ ਕਿ ਦੋਵਾਂ ਮੁਲਕਾਂ ਦਾ ਰਿਸ਼ਤਾ ''ਪਹਾੜਾਂ ਤੋਂ ਉੱਚਾ, ਸਾਗਰਾਂ ਤੋਂ ਡੂੰਘਾ ਅਤੇ ਮਾਖਿਉਂ ਮਿੱਠਾ ਹੈ।'' ਇਹ ਬਹੁਤ ਤੇਜ਼ੀ ਨਾਲ ਅਸਲੀਅਤ ਬਣ ਰਿਹਾ ਹੈ। ਜਦੋਂ ਵੀ ਭਾਰਤ ਵੇਖਦਾ ਹੈ, ਇਹ ਸੱਚਾਈ ਕੰਧ 'ਤੇ ਲਿਖੀ ਜਾਪਦੀ ਹੈ।

ਭਾਰਤੀ ਫ਼ੌਜ ਦੇ ਉਪ ਮੁਖੀ, ਜਨਰਲ ਰਾਜੀਵ ਸਿੰਘ ਦੀ ਖ਼ੁਸ਼ਕਿਸਮਤੀ ਵਾਲੀ ਟਿੱਪਣੀ- ਚੀਨ 'ਉਧਾਰੀ ਛੁਰੀ' ਵਾਲੀ ਪਹੁੰਚ ਅਪਨਾ ਰਿਹਾ ਹੈ ਜਿਸ ਦਾ ਮਤਲਬ ਹੈ ਕਿ ਭਾਰਤ ਨੂੰ ਸੱਟ ਮਾਰਨ ਲਈ ਪਾਕਿਸਤਾਨ ਵੱਲੋਂ ਚੁੱਕੇ ਗਏ ਹਰ ਕਦਮ 'ਤੇ ਚੀਨ ਵੱਲੋਂ ਕੀਤੀ ਇਸ ਦੀ ਮਦਦ- ਇਸ ਗੱਲ ਦੀ ਤਸਦੀਕ ਹੈ ਕਿ ਚੀਨ ਭਾਰਤ ਦਾ ਸਭ ਤੋਂ ਵੱਡਾ ਦੁਸ਼ਮਣ ਹੈ।

ਦੋ ਹੋਰ ਕਾਰਨ ਸਮਾਨ ਰੂਪ ਵਿਚ ਅਹਿਮ ਹਨ। ਪਹਿਲਾ ਇਹ ਕਿ ਚੀਨ ਦਾ ਮੁੱਖ ਦੁਸ਼ਮਣ ਅਮਰੀਕਾ ਵੀ ਪਾਕਿਸਤਾਨੀਆਂ ਪ੍ਰਤੀ ਨਰਮ ਰੁਖ਼ ਅਪਣਾ ਰਿਹਾ ਹੈ। ਦੂਜਾ ਇਸ ਹਫ਼ਤੇ ਦੇ ਅਖ਼ੀਰ ਵਿਚ ਦਲਾਈ ਲਾਮਾ 90 ਸਾਲਾਂ ਦੇ ਹੋ ਰਹੇ ਹਨ ਤੇ ਉਨ੍ਹਾਂ ਖ਼ੁਦ ਆਪਣੇ ਜਾਨਸ਼ੀਨ ਦੀ ਚੋਣ ਨੂੰ ਲੈ ਕੇ ਚੱਲ ਰਹੀ ਚੁੰਝ ਚਰਚਾ 'ਤੇ ਇਹ ਕਹਿ ਕੇ ਵਿਰਾਮ ਲਾ ਦਿੱਤਾ ਕਿ ਉਨ੍ਹਾਂ ਦਾ ਜਨਮ ਚੀਨ ਦੇ ਬਾਹਰ, ਆਜ਼ਾਦ ਤੇ ਜਮਹੂਰੀ ਮੁਲਕ, ਮਿਸਾਲ ਵਜੋਂ ਭਾਰਤ ਵਿਚ ਹੋਵੇਗਾ। ਉਂਝ ਇਹ ਸਪਸ਼ਟ ਨਹੀਂ ਕਿ ਮੋਦੀ ਸਰਕਾਰ ਇਸ ਬਦਲਾਅ ਨੂੰ ਕਿਸ ਤਰ੍ਹਾਂ ਦੇਖਦੀ ਹੈ।



ਸਭ ਤੋਂ ਪਹਿਲਾਂ, ਪਹਿਲੇ ਕਾਰਕ ਦੀ ਗੱਲ ਕਰਦੇ ਹਾਂ। ਹੁਣ ਅਜਿਹਾ ਲੱਗਦਾ ਹੈ ਕਿ ਇਸ ਹਫ਼ਤੇ ਦੀ ਸ਼ੁਰੂਆਤ ਵਿਚ ਵਾਸ਼ਿੰਗਟਨ ਡੀਸੀ ਵਿਚ ਕੁਆਡ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਤੋਂ ਠੀਕ ਪਹਿਲਾਂ ਅਤੇ ਜਾਰੀ ਬਿਆਨ ਵਿਚ ਪਹਿਲਗਾਮ ਹਮਲੇ ਦੇ ਸਰਪ੍ਰਸਤ ਵਜੋਂ ਪਾਕਿਸਤਾਨ ਦਾ ਨਾਮ ਲੈਣ ਤੋਂ ਗੁਰੇਜ਼ ਕੀਤਾ ਗਿਆ ਸੀ, ਹਾਲਾਂਕਿ ਇਸ ਵਿਚ 'ਸਰਹੱਦ ਪਾਰੋਂ ਅਤਿਵਾਦ' ਦੀ ਨਿੰਦਾ ਜ਼ਰੂਰ ਕੀਤੀ ਗਈ। ਇਸ ਬਿਆਨ ਵਿਚ ਪਾਕਿਸਤਾਨ ਦੇ ਨਾਂ ਦਾ ਜ਼ਿਕਰ ਨਾ ਹੋਣ ਨੂੰ ਪਾਕਿਸਤਾਨ ਏਅਰ ਫੋਰਸ ਦੇ ਮੁਖੀ ਜ਼ਹੀਰ ਅਹਿਮਦ ਬਾਬਰ ਸਿੱਧੂ ਦੀ ਵਾਸ਼ਿੰਗਟਨ ਡੀਸੀ ਵਿਚ ਮੌਜੂਦਗੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਸਿੱਧੂ ਨੇ ਇਹ ਦੌਰਾ ਪਾਕਿਸਤਾਨੀ ਫ਼ੌਜ ਦੇ ਮੁਖੀ, ਫੀਲਡ ਮਾਰਸ਼ਲ ਅਸੀਮ ਮੁਨੀਰ ਦੀ ਅਮਰੀਕਾ ਫੇਰੀ ਤੋਂ ਬਾਅਦ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁਨੀਰ ਨਾਲ ਖ਼ਾਸ ਮੁਲਾਕਾਤ ਕੀਤੀ ਸੀ। ਇਸ ਦੌਰਾਨ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਮੁਕੰਮਲ ਹੋ ਗਈ ਹੈ ਅਤੇ ਭਾਰਤੀ ਵਾਰਤਾਕਾਰ ਦੇਸ਼ ਪਰਤ ਆਏ ਹਨ। ਜੇਕਰ ਭਾਰਤ ਆਪਣਾ ਖੇਤੀ ਖੇਤਰ ਖੋਲ੍ਹੇ ਬਗੈਰ ਇਹ ਸਮਝੌਤਾ ਸਿਰੇ ਚੜ੍ਹਾਉਣ ਵਿਚ ਸਫ਼ਲ ਰਹਿੰਦਾ ਹੈ ਤਾਂ ਇਹ ਇਸ ਦੀ ਵੱਡੀ ਜਿੱਤ ਹੋਵੇਗੀ। ਕੁਆਡ ਐਲਾਨਨਾਮੇ 'ਚ ਪਾਕਿਸਤਾਨ ਦਾ ਨਾਂ ਮਨਫ਼ੀ ਹੋਣ ਨੂੰ ਅਮਰੀਕਾ ਵੱਲੋਂ ਪਾਕਿਸਤਾਨ ਨਾਲ ਆਪਣੇ ਸਬੰਧਾਂ ਨੂੰ ਹੋਰ ਵਿਸਤਾਰ ਦੇਣ ਦੇ ਯਤਨ ਵਜੋਂ ਦੇਖਿਆ ਜਾ ਸਕਦਾ ਹੈ। ਇਥੋਂ ਹੀ ਭਾਰਤ ਲਈ ਗੱਲ ਖ਼ਰਾਬ ਹੋਣ ਦਾ ਮੁੱਢ ਬੱਝਦਾ ਹੈ। ਅਮਰੀਕਾ ਨੂੰ ਪਤਾ ਹੈ ਕਿ ਮੋਦੀ ਸਰਕਾਰ ਨੂੰ 'ਪਾਕਿਸਤਾਨ' ਦੇ ਨਾਂ ਤੋਂ ਕੋਫ਼ਤ ਹੁੰਦੀ ਹੈ, ਫਿਰ ਵੀ ਇਸ ਵੱਲੋਂ ਪਾਕਿਸਤਾਨ ਦੇ ਸਿਖਰਲੇ ਫ਼ੌਜੀ ਅਧਿਕਾਰੀਆਂ ਨਾਲ ਮੇਲ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਹੈ। ਅਮਰੀਕਾ ਵਿਚ ਕਈ ਇਸ ਗੱਲੋਂ ਨਾਰਾਜ਼ ਹਨ ਕਿ ਭਾਰਤ ਵੱਲੋਂ ਰੂਸ ਤੋਂ ਲਗਾਤਾਰ ਤੇਲ ਖ਼ਰੀਦਿਆ ਜਾ ਰਿਹਾ ਹੈ। ਉਧਰ ਰੂਸ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਹੈ ਜਿਸ ਨੇ ਏਸ਼ੀਆ ਦੇ ਇਸ ਹਿੱਸੇ ਵਿਚ ਆਪਣਾ ਅਸਰ ਰਸੂਖ਼ ਵਧਾਉਣ ਦੇ ਯਤਨ ਵਜੋਂ ਪਾਕਿਸਤਾਨ ਦੇ ਗੁਆਂਢੀ ਅਤੇ ਹੁਣ ਦੋਸਤ ਤੋਂ ਵਿਰੋਧੀ ਬਣੇ ਤਾਲਿਬਾਨ ਨੂੰ ਮਾਨਤਾ ਦੇ ਦਿੱਤੀ ਹੈ।

ਘੱਟੋ-ਘੱਟ ਕੁਆਡ ਦੇ ਐਲਾਨਨਾਮੇ ਵਿੱਚ 'ਪਹਿਲਗਾਮ' ਦਾ ਜ਼ਿਕਰ ਸੀ ਭਾਵੇਂ ਇਸ ਵਿੱਚ 'ਪਾਕਿਸਤਾਨ' ਦਾ ਨਾਮ ਨਹੀਂ ਸੀ। ਪਿਛਲੇ ਹਫ਼ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਚੀਨ ਦੀ ਅਗਵਾਈ ਵਾਲੇ ਸ਼ੰਘਾਈ ਸਹਿਯੋਗ ਸੰਗਠਨ (ਐੱਸਸੀਓ) ਦੇ ਸਾਂਝੇ ਬਿਆਨ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਵਿੱਚ ਨਾ ਤਾਂ ਪਹਿਲਗਾਮ ਹਮਲੇ ਪਿਛਲੇ ਦੇਸ਼ ਦਾ ਨਾਮ ਸੀ ਅਤੇ ਨਾ ਹੀ ਹਮਲੇ ਵਾਲੀ ਥਾਂ ਦਾ।

ਅੱਗੇ ਵੱਡਾ ਸਵਾਲ ਜਾਂ ਹੋਰ ਸਵਾਲ ਇਹ ਹਨ ਕਿ ਹਿੰਦ-ਪ੍ਰਸ਼ਾਂਤ ਦਾ ਸ਼ਕਤੀਸ਼ਾਲੀ ਸਮੂਹ 'ਕੁਆਡ' ਜਿਸ ਦਾ ਭਾਰਤ ਮੁੱਖ ਭਾਈਵਾਲ ਹੈ, ਭਾਰਤ ਦਾ ਪੱਖ ਪੂਰੀ ਤਰ੍ਹਾਂ ਮੰਨਣ ਤੋਂ ਇਨਕਾਰ ਕਿਉਂ ਕਰ ਰਿਹਾ ਹੈ? ਇਹ ਸਾਰੇ ਦੇਸ਼, ਜੋ ਇਹ ਗੱਲ ਮੰਨਦੇ ਹਨ ਕਿ ਭਾਰਤ, ਪਾਕਿਸਤਾਨ ਵੱਲੋਂ ਸ਼ਹਿ ਪ੍ਰਾਪਤ ਦਹਿਸ਼ਤਗਰਦੀ ਤੋਂ ਪੀੜਤ ਹੈ, ਪਰ ਉਹ ਪਾਕਿਸਤਾਨ ਦਾ ਨਾਮ ਲੈਣ ਤੋਂ ਕਿਉਂ ਝਿਜਕ ਰਹੇ ਹਨ? ਸਵਾਲ ਹੈ ਕਿ ਭਾਰਤ ਨੂੰ ਇਸ ਸਥਿਤੀ ਦਾ ਟਾਕਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ? ਇਹ ਸਪਸ਼ਟ ਹੈ ਕਿ ਮੋਦੀ ਸਰਕਾਰ ਦੀ ਮਨਸ਼ਾ ਇਸ ਸਮੁੱਚੇ ਬਿਰਤਾਂਤ ਨੂੰ ਮੋੜਾ ਦੇਣ ਦੀ ਹੈ, ਇਹੀ ਵਜ੍ਹਾ ਹੈ ਕਿ ਉਹ ਪਾਕਿਸਤਾਨ ਦੀ ਹਾਕੀ ਟੀਮ ਨੂੰ ਅਗਲੇ ਕੁਝ ਮਹੀਨਿਆਂ ਵਿੱਚ ਭਾਰਤ ਵਿੱਚ ਦੋ ਟੂਰਨਾਮੈਂਟ- ਏਸ਼ੀਆ ਕੱਪ ਅਤੇ ਪੁਰਸ਼ ਜੂਨੀਅਰ ਵਿਸ਼ਵ ਕੱਪ ਖੇਡਣ ਦੀ ਇਜਾਜ਼ਤ ਦੇ ਰਹੀ ਹੈ। ਇਸ ਪ੍ਰਵਾਨਗੀ ਲਈ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਹ ਦੋਵੇਂ ਟੂਰਨਾਮੈਂਟ ਦੁਵੱਲੀਆਂ ਲੜੀਆਂ ਨਹੀਂ ਸਗੋਂ ਕੌਮਾਂਤਰੀ ਟੂਰਨਾਮੈਂਟ ਹਨ।

ਇਸ ਤੋਂ ਵੀ ਦਿਲਚਸਪ ਗੱਲ ਇਹ ਹੈ ਕਿ ਪੰਜਾਬ ਭਾਜਪਾ ਵੱਲੋਂ ਦਿਲਜੀਤ ਦੋਸਾਂਝ ਦੇ ਹੱਕ ਵਿਚ ਦਲੀਲ ਦਿੰਦਿਆਂ ਕਿਹਾ ਜਾ ਰਿਹਾ ਹੈ ਕਿ ਸਤਿਕਾਰਯੋਗ ਅਤੇ ਦੇਸ਼ ਭਗਤ ਸਰਦਾਰ ਨੂੰ ਕਿਉਂ ਟਰੋਲ ਕੀਤਾ ਜਾ ਰਿਹਾ ਹੈ ਅਤੇ ਸਿਰਫ਼ ਇਸ ਲਈ ਉਸ ਦੀ ਫ਼ਿਲਮ 'ਤੇ ਪਾਬੰਦੀ ਕਿਉਂ ਲਾਈ ਜਾਵੇ ਕਿ ਇਸ ਵਿੱਚ ਪਾਕਿਸਤਾਨੀ ਅਦਾਕਾਰਾ ਨੇ ਕੰਮ ਕੀਤਾ ਹੈ।

ਕੁਝ ਦਿਨ ਪਹਿਲਾਂ ਸਰਕਾਰ ਨੇ ਸ਼ੋਏਬ ਮਲਿਕ, ਸ਼ਾਹਿਦ ਅਫਰੀਦੀ ਅਤੇ ਮਾਰਵਾ ਹੋਕੇਨ ਵਰਗੇ ਪ੍ਰਮੁੱਖ ਪਾਕਿਸਤਾਨੀ ਇਨਫਲੂਐਂਸਰਾਂ ਦੇ ਕੁਝ ਸੋਸ਼ਲ ਮੀਡੀਆ ਖਾਤਿਆਂ ਨੂੰ ਅਨਬਲੌਕ ਕਰ ਕੇ ਲੋਕਾਂ ਦਾ ਪ੍ਰਤੀਕਰਮ ਜਾਣਨ ਦੀ ਕੋਸ਼ਿਸ਼ ਕੀਤੀ ਸੀ ਪਰ ਸੋਸ਼ਲ ਮੀਡੀਆ 'ਤੇ ਇਸ ਦਾ ਇੰਨਾ ਤਿੱਖਾ ਪ੍ਰਤੀਕਰਮ ਦੇਖਣ ਨੂੰ ਮਿਲਿਆ ਕਿ ਸਰਕਾਰ ਨੂੰ ਇਹ ਖਾਤੇ ਮੁੜ ਬਲੌਕ ਕਰਨ ਲਈ ਮਜਬੂਰ ਹੋਣਾ ਪਿਆ।

ਦਿਲਚਸਪ ਗੱਲ ਇਹ ਹੈ ਕਿ ਅਪ੍ਰੇਸ਼ਨ ਸਿੰਧੂਰ ਦੌਰਾਨ ਭਾਰਤ ਦੀ ਸਫਲਤਾ ਨੂੰ ਰੇਖਾਂਕਿਤ ਕਰਨ ਵਾਲੀ ਕੁਝ ਜਾਣਕਾਰੀ ਇਨ੍ਹਾਂ ਬਲੌਕ ਕੀਤੇ ਸੋਸ਼ਲ ਮੀਡੀਆ ਖਾਤਿਆਂ ਤੋਂ ਆ ਰਹੀ ਹੈ- ਜਿਵੇਂ ਰਾਣਾ ਸਨਾਉੱਲਾ, ਜੋ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਮੁੱਖ ਸਹਾਇਕ ਹਨ, ਨੇ ਮਸ਼ਹੂਰ ਪਾਕਿਸਤਾਨੀ ਪੱਤਰਕਾਰ ਹਾਮਿਦ ਮੀਰ (ਜਿਸ ਦਾ ਖਾਤਾ ਬਲੌਕ ਹੈ) ਨੂੰ ਦੱਸਿਆ ਕਿ ਜਦੋਂ ਭਾਰਤ ਦੀਆਂ ਬ੍ਰਹਮੋਸ ਮਿਜ਼ਾਈਲਾਂ ਨੂਰ ਖਾਨ ਬੇਸ ਵੱਲ ਵਧ ਰਹੀਆਂ ਸਨ ਤਾਂ ਪਾਕਿਸਤਾਨ ਬਹੁਤ ਦਬਾਅ ਹੇਠ ਸੀ।

ਰਾਣਾ ਸਨਾਉੱਲਾ ਮੁਤਾਬਕ ਪਾਕਿਸਤਾਨੀ ਰੱਖਿਆ ਬਲਾਂ ਕੋਲ ਕਾਰਵਾਈ ਬਾਰੇ ਫੈਸਲਾ ਲੈਣ ਲਈ ਸਿਰਫ਼ 'ਤੀਹ-ਚਾਲੀ ਸਕਿੰਟ' ਸਨ। ਜੇਕਰ ਉਨ੍ਹਾਂ ਨੇ ਆਪਣੀਆਂ ਮਿਜ਼ਾਈਲਾਂ ਦਾਗੀਆਂ ਹੁੰਦੀਆਂ ਤਾਂ ਸਥਿਤੀ ਹੋਰ ਵੀ ਭਿਆਨਕ ਹੋ ਜਾਣੀ ਸੀ। ਸਪੱਸ਼ਟ ਤੌਰ ਤੇ ਸਨਾਉੱਲਾ ਨੇ 10 ਮਈ ਨੂੰ ਜਦੋਂ ਭਾਰਤੀ ਹਵਾਈ ਸੈਨਾ ਨੇ ਮਾਮਲਾ ਸੁਲਝਾ ਲਿਆ ਸੀ, ਇਹ ਗੱਲ ਮੰਨੀ ਸੀ ਕਿ ਉਸ ਰਾਤ ਪਾਕਿਸਤਾਨੀ ਕੈਂਪ ਵਿੱਚ ਘਬਰਾਹਟ ਸੀ।

ਹੁਣ ਇਸ ਇੰਟਰਵਿਊ ਦੇ ਕੁਝ ਹਿੱਸੇ ਸੋਸ਼ਲ ਮੀਡੀਆ 'ਤੇ ਉਪਲਬਧ ਹਨ- ਪਰ ਕਲਪਨਾ ਕਰੋ ਕਿ ਜੇਕਰ ਕੁਝ ਹਿੱਸਿਆਂ ਦੀ ਥਾਂ ਪੂਰਾ ਇੰਟਰਵਿਊ ਭਾਰਤੀਆਂ ਲਈ ਉਪਲਬਧ ਹੁੰਦਾ ਤਾਂ ਇਸ ਦਾ ਕੀ ਪ੍ਰਭਾਵ ਪੈਣਾ ਸੀ।

ਹੁਣ ਦਲਾਈ ਲਾਮਾ ਦੇ ਸਵਾਲ 'ਤੇ ਆਉਂਦੇ ਹਾਂ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ- ਜੋ ਅਰੁਣਾਚਲ ਪ੍ਰਦੇਸ਼ ਤੋਂ ਹਨ, ਜਿੱਥੇ ਤਵਾਂਗ ਵਿਚ 6ਵੇਂ ਦਲਾਈ ਲਾਮਾ ਦਾ ਜਨਮ ਹੋਇਆ ਸੀ, ਅਤੇ ਜਿੱਥੇ ਮੌਜੂਦਾ 14ਵੇਂ ਦਲਾਈ ਲਾਮਾ ਨੇ 1959 ਵਿਚ ਤਿੱਬਤ ਤੋਂ ਭੱਜਣ ਮਗਰੋਂ ਭਾਰਤ 'ਚ ਪੈਰ ਰੱਖਿਆ ਸੀ - ਨੂੰ ਪਿਛਲੇ ਕੁਝ ਦਿਨਾਂ ਤੋਂ ਇਸ ਗੱਲ 'ਤੇ ਜ਼ੋਰ ਦੇਣ ਲਈ ਮੈਦਾਨ ਵਿੱਚ ਉਤਾਰਿਆ ਗਿਆ ਹੈ ਕਿ ਦਲਾਈ ਲਾਮਾ ਤੋਂ ਛੁੱਟ ਕਿਸੇ ਹੋਰ (ਭਾਵ ਚੀਨ) ਨੂੰ ਤਿੱਬਤੀ ਬੁੱਧ ਧਰਮ ਦੀ ਪਵਿੱਤਰ ਸੰਸਥਾ ਬਾਰੇ ਫੈਸਲਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਮੋਦੀ ਸਰਕਾਰ ਮੋਟੇ ਤੌਰ 'ਤੇ ਜਲਾਵਤਨ ਤਿੱਬਤੀਆਂ ਦੀ ਇੱਛਾ ਮੁਤਾਬਕ ਹੀ ਚੱਲੇਗੀ, ਪਰ ਸਭ ਜਾਣਦੇ ਹਨ ਕਿ ਅੱਜ ਦੀ ਕੁਰੱਖਤ ਦੁਨੀਆ ਵਿਚ ਹਰ ਦੇਸ਼ ਆਪਣੇ ਹਿੱਤਾਂ ਦੀ ਰੱਖਿਆ ਨੂੰ ਤਰਜੀਹ ਦਿੰਦਾ ਹੈ, ਇਸ ਗੱਲ ਦੀ ਬਹੁਤੀ ਸੰਭਾਵਨਾ ਨਹੀਂ ਕਿ ਇਸ ਮੁੱਦੇ ਨੂੰ ਲੈ ਕੇ ਨਵੀਂ ਦਿੱਲੀ ਚੀਨ ਦੀ ਬੇਲੋੜੀ ਨਾਰਾਜ਼ਗੀ ਸਹੇੜੇਗਾ। ਚੀਨ ਵੱਲੋਂ ਸਖ਼ਤੀ ਨਾਲ ਭਾਰਤ ਨੂੰ ਇਸ ਗੱਲੋਂ ਚੌਕਸ ਕੀਤਾ ਜਾ ਚੁੱਕਾ ਹੈ ਕਿ ਉਹ ਇਸ ਮਾਮਲੇ 'ਤੇ 'ਸਾਵਧਾਨੀ' ਵਰਤੇ ਤਾਂ ਜੋ ਦੁਵੱਲੇ ਸਬੰਧਾਂ 'ਤੇ ਕੋਈ ਅਸਰ ਨਾ ਪਏ।

ਕਈਆਂ ਨੂੰ ਕਰੀਬ ਦਸ ਸਾਲ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਅਤੇ ਦਲਾਈ ਲਾਮਾ ਵਿਚਕਾਰ ਹੋਈ ਗੁਪਤ ਮੁਲਾਕਾਤ ਯਾਦ ਹੋਵੇਗੀ, ਜਦੋਂ ਤਿੱਬਤੀ ਧਾਰਮਿਕ ਆਗੂ ਨੂੰ ਬਗੈਰ ਨੰਬਰ ਵਾਲੀ ਗੂੜ੍ਹੇ ਕਾਲੇ ਸ਼ੀਸ਼ੇ ਵਾਲੀ ਕਾਰ ਵਿਚ ਬਿਠਾ ਕੇ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਲਿਜਾਇਆ ਗਿਆ ਸੀ। ਨਵੀਂ ਦਿੱਲੀ ਨੇ ਅੱਜ ਸਪਸ਼ਟ ਕਰ ਦਿੱਤਾ ਹੈ ਕਿ ਉਹ ਧਰਮ ਤੇ ਅਕੀਦੇ ਨੂੰ ਲੈ ਕੇ ਕੋਈ ਰੁਖ਼ ਨਹੀਂ ਅਪਨਾਉਂਦੀ, ਪਰ ਉਹ ਧਾਰਮਿਕ ਆਜ਼ਾਦੀ ਨੂੰ ਬਰਕਰਾਰ ਰੱਖਣ ਦੀ ਹਾਮੀ ਹੈ। ਸਵਾਲ ਇਹ ਹੈ ਕਿ ਇਸ ਗੁਪਤ ਸੰਦੇਸ਼ ਦਾ ਕੀ ਅਰਥ ਹੈ?

# ਪੰਜਾਬੀ ਵਿਦਿਆਰਥੀ ਕੈਨੇਡਾ ਦੇ ਸੱਭਿਆਚਾਰ ਤੋਂ ਅਣਜਾਣ

ਨਵੇਂ ਆਏ ਪੰਜਾਬੀ ਘਰਾਂ ਤੋਂ ਬਾਹਰ ਖੜ੍ਹੇ ਹੋ ਕੇ ਇਕ-ਦੂਜੇ ਨੂੰ ਹਮੇਸ਼ਾ ਸੰਘ ਪਾੜਵੀਆਂ ਆਵਾਜ਼ਾਂ ਰਾਹੀਂ ਬੁਲਾਉਂਦੇ ਹਨ ਜੋ ਕੈਨੇਡਾ ਵਾਸੀਆਂ ਲਈ ਬਹੁਤ ਅਜੀਬ ਹਰਕਤ ਹੈ। ਕੈਨੇਡਾ ਵਾਸੀਆਂ ਤੋਂ ਭਾਵ ਹੈ ਇੱਥੇ ਵਸ ਰਹੇ ਗੋਰੇ ਅਤੇ ਪੁਰਾਣੇ ਵਸਨੀਕ ਜਿਨ੍ਹਾਂ ਵਿਚ ਬਹੁਤ ਪਹਿਲਾਂ ਵਸ ਚੁੱਕੇ ਦੇਸੀ (ਪੰਜਾਬੀ) ਵੀ ਸ਼ਾਮਲ ਹਨ।

ਕੈਨੇਡਾ ਵਿਚ ਪੰਜਾਬੀਆਂ ਦੀ ਵਸੋਂ ਵਿਚ ਪਿਛਲੇ ਸੱਤ-ਅੱਠ ਸਾਲਾਂ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਜਿੱਥੇ ਪੰਜਾਬੀਆਂ ਨੇ ਮਿਹਨਤ ਕਰ ਕੇ ਨਾਂ ਬਣਾਇਆ ਹੈ, ਉੱਥੇ ਹੀ ਵੱਡੀ ਗਿਣਤੀ ਵਿਚ ਨਵੇਂ ਪਹੁੰਚੇ ਪੰਜਾਬੀਆਂ 'ਚੋਂ ਕਾਫ਼ੀਆਂ ਨੇ ਪੰਜਾਬ ਦਾ ਨਾਮ ਬਦਨਾਮ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ। ਨਾਮ ਬਦਨਾਮ ਕਰਨ ਦੇ ਬਹੁਤ ਕਾਰਨ ਹਨ। ਨਵੇਂ ਆਇਆਂ ਨੂੰ ਕੈਨੇਡਾ ਦੇ ਸੱਭਿਆਚਾਰ ਨੂੰ ਸਮਝਣ ਵਿਚ ਬਹੁਤ ਮੁਸ਼ਕਲ ਆ ਰਹੀ ਹੈ। ਇੱਥੋਂ ਦੇ ਲੋਕ ਸ਼ੋਰ-ਸ਼ਰਾਬਾ ਪਸੰਦ ਨਹੀਂ ਕਰਦੇ ਪਰ ਪੰਜਾਬੀ ਆਪਣੀਆ ਕਾਰਾਂ, ਟਰੱਕਾਂ, ਟੈਕਸੀਆਂ ਆਦਿ ਵਿਚ ਬੇਤਹਾਸ਼ਾ ਉੱਚੀ ਆਵਾਜ਼ ਵਿਚ ਸੰਗੀਤ ਲਾਉਂਦੇ ਹਨ। ਘਰਾਂ ਵਿਚ ਵੀ ਜਿੱਥੇ ਇਹ ਕਿਰਾਏ 'ਤੇ ਰਹਿੰਦੇ ਹਨ, ਉੱਥੇ ਵੀ ਮਕਾਨ ਮਾਲਕਾਂ ਤੇ ਗੁਆਢੀਆਂ ਨੂੰ ਉੱਚੀ ਆਵਾਜ਼ ਵਿਚ ਸੰਗੀਤ ਲਾ ਕੇ ਪਰੇਸ਼ਾਨ ਕਰਦੇ ਹਨ। ਕਈ ਵਾਰ ਤਾਂ ਮਾਲਕ ਜਾਂ ਗੁਆਂਢੀ ਨੂੰ ਪੁਲਿਸ ਤੱਕ ਬੁਲਾਉਣ ਲਈ ਮਜਬੂਰ ਹੋਣਾ ਪੈਂਦਾ ਹੈ ਪਰ ਇਨ੍ਹਾਂ ਨੂੰ ਫਿਰ ਵੀ ਕੋਈ ਸ਼ਰਮ ਮਹਿਸੂਸ ਨਹੀਂ ਹੁੰਦੀ। ਪਾਰਕਾਂ ਵਿਚ ਜਾਂ ਹੋਰ ਜਨਤਕ ਥਾਵਾਂ 'ਤੇ ਬਹੁਤ ਉੱਚੀ-ਉੱਚੀ ਗੱਲਾਂ ਕਰਨ ਅਤੇ ਉੱਚੀ-ਉੱਚੀ ਹੱਸਣ ਨੂੰ ਕੈਨੇਡਾ ਦੇ ਸੱਭਿਅਕ ਲੋਕ ਚੰਗਾ ਨਹੀਂ ਸਮਝਦੇ।



ਨਵੇਂ ਆਏ ਪੰਜਾਬੀ ਘਰਾਂ ਤੋਂ ਬਾਹਰ ਖੜ੍ਹੇ ਹੋ ਕੇ ਇਕ-ਦੂਜੇ ਨੂੰ ਹਮੇਸ਼ਾ ਸੰਘ ਪਾੜਵੀਆਂ ਆਵਾਜ਼ਾਂ ਰਾਹੀਂ ਬੁਲਾਉਂਦੇ ਹਨ ਜੋ ਕੈਨੇਡਾ ਵਾਸੀਆਂ ਲਈ ਬਹੁਤ ਅਜੀਬ ਹਰਕਤ ਹੈ। ਕੈਨੇਡਾ ਵਾਸੀਆਂ ਤੋਂ ਭਾਵ ਹੈ ਇੱਥੇ ਵਸ ਰਹੇ ਗੋਰੇ ਅਤੇ ਪੁਰਾਣੇ ਵਸਨੀਕ ਜਿਨ੍ਹਾਂ ਵਿਚ ਬਹੁਤ ਪਹਿਲਾਂ ਵਸ ਚੁੱਕੇ ਦੇਸੀ (ਪੰਜਾਬੀ) ਵੀ ਸ਼ਾਮਲ ਹਨ। ਨਵੇਂ ਆਏ ਪੰਜਾਬੀ ਚੱਪਲਾਂ ਪਾ ਕੇ ਜਾਂ ਉੱਗੜ-ਦੁੱਗੜ ਕੱਪੜੇ ਪਾ ਕੇ ਘਰਾਂ ਤੋਂ ਬਾਹਰ ਘੁੰਮਦੇ ਹਨ ਜੋ ਕੈਨੇਡਾ ਦੇ ਸੱਭਿਅਕ ਲੋਕਾਂ ਨੂੰ ਪਸੰਦ ਨਹੀਂ ਹੈ। ਜਿੱਥੇ ਇਹ ਰਹਿੰਦੇ ਹਨ, ਉੱਥੇ ਕਮਰਿਆਂ ਦੀ ਸਫ਼ਾਈ ਦਾ ਧਿਆਨ ਨਹੀਂ ਰੱਖਦੇ।

ਘਰ ਦਾ ਕੂੜਾ ਜਾਂ ਤਾਂ ਚੁੱਕਦੇ ਹੀ ਨਹੀਂ ਜਾਂ ਗ਼ਲਤ ਡੱਬਿਆਂ ਵਿਚ ਪਾ ਦਿੰਦੇ ਹਨ ਜਿਸ ਕਾਰਨ ਉਹ ਕੂੜਾ ਡਿਸਪੋਜ਼ੇਬਲ ਟਰੱਕ ਰਾਹੀਂ ਨਹੀਂ ਚੁੱਕਿਆ ਜਾਂਦਾ ਜਿਸ ਕਾਰਨ ਮਕਾਨ ਮਾਲਕਾਂ ਨੂੰ ਅਤੇ ਬਾਹਰ ਰੁਲ ਰਹੇ ਕੂੜੇ ਨਾਲ ਆਂਢ-ਗੁਆਂਢ ਨੂੰ ਬਹੁਤ ਪਰੇਸ਼ਾਨੀ ਹੁੰਦੀ ਹੈ। ਸਰੀ, ਬਰੈਂਪਟਨ ਅਤੇ ਹੋਰ ਸ਼ਹਿਰਾਂ ਵਿਚ ਬਾਜ਼ਾਰਾਂ ਵਿਚ ਟੋਲੇ ਬਣਾ ਕੇ ਹੁੱਲੜਬਾਜ਼ੀ ਕੈਨੇਡਾ ਦੇ ਵਸਨੀਕਾਂ ਨੂੰ ਬਿਲਕੁਲ ਪਸੰਦ ਨਹੀਂ ਹੈ। ਨਗਰ ਕੀਰਤਨ ਆਦਿ ਸਮਾਗਮਾਂ ਵਿਚ ਖ਼ਰੂਦ ਪਾਉਣਾ ਤਾਂ ਕਿਸੇ ਨੂੰ ਵੀ ਸ਼ੋਭਾ ਨਹੀਂ ਦਿੰਦਾ। ਅਜਿਹੇ ਪੰਜਾਬੀਆਂ ਦੀ ਗਿਣਤੀ ਭਾਵੇਂ ਥੋੜ੍ਹੀ ਹੀ ਹੈ ਪਰ ਬਦਨਾਮੀ ਸਾਰੀ ਪੰਜਾਬੀ ਕੌਮ ਦੀ ਹੋ ਜਾਂਦੀ ਹੈ। ਕਈ ਨਵੇਂ ਆਏ ਸੱਜਣ ਗਿਲਾ ਕਰਦੇ ਹਨ ਕਿ ਉਨ੍ਹਾਂ ਨੂੰ ਪੁਰਾਣੇ ਕੈਨੇਡਾ ਵਾਸੀ 'ਨਫ਼ਰਤ' ਕਰਦੇ ਹਨ। ਭਾਈ ਸ਼ਰੀਫ਼ ਇਨਸਾਨੋ ''ਜੇ ਸਿੱਕੇ ਆਪਣੇ ਹੀ ਖੋਟੇ ਹੋਣ ਤਾਂ ਬਾਣੀਏ ਨੂੰ ਦੋਸ਼ ਕਾਹਦਾ।'' ਨਵੇਂ ਪਹੁੰਚੇ ਪੰਜਾਬੀਆਂ ਨੂੰ ਬੇਨਤੀ ਹੈ ਕਿ ਉਹ ਅਜਿਹੀਆਂ ਹਰਕਤਾਂ ਤੋਂ ਟਲਣ ਤੇ ਕੈਨੇਡਾ 'ਚ ਪਹੁੰਚ ਕੇ ਉਨ੍ਹਾਂ ਦੇ ਸੱਭਿਆਚਾਰ ਦੀਆਂ ਚੰਗੀਆਂ ਗੱਲਾਂ ਨੂੰ ਗੰਭੀਰਤਾ ਨਾਲ ਗ੍ਰਹਿਣ ਕਰਨ।

-ਗੁਰਦੀਪ ਜੌਹਲ

# ਟਰੰਪ ਦਾ ਨਵਾਂ ਬਿੱਲ ਪਰਵਾਸੀਆਂ ਲਈ ਆਫ਼ਤ

(ਸਫ਼ਾ 10 ਦੀ ਬਾਕੀ)

ਲੋਕ ਗੈਰ-ਦਸਤਾਵੇਜ਼ੀ ਹਨ ਜਿਨ੍ਹਾਂ ਵਿੱਚ ਜ਼ਿਆਦਾਤਰ ਲਾਤੀਨੀ ਭਾਈਚਾਰੇ ਦੇ ਹਨ। ਅਮਰੀਕਾ ਵਿੱਚ 1 ਲੱਖ 80 ਹਜ਼ਾਰ ਭਾਰਤੀ ਗੈਰ-ਦਸਤਾਵੇਜ਼ੀ ਪਰਵਾਸੀ ਹਨ। ਟਰੰਪ ਪ੍ਰਸ਼ਾਸਨ ਨੇ ਇਨ੍ਹਾਂ ਗੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਅਮਰੀਕਾ ਵਿੱਚੋਂ ਕੱਢਣ ਦੀ ਮੁਹਿੰਮ ਵਿੱਢੀ ਹੋਈ ਹੈ। ਇਸ ਕੰਮ ਲਈ ਪ੍ਰਾਈਵੇਟ ਕੰਪਨੀਆਂ ਨੂੰ ਜੇਲ੍ਹਾਂ, ਨਜ਼ਰਬੰਦੀ ਕੈਂਪਾਂ, ਜਾਸੂਸੀ ਡਰੋਨਾਂ, ਕੈਮਰੇ, ਮਨੁੱਖੀ ਸਰੀਰ ਦੀ ਸਕੈਨਿੰਗ ਵਾਲੀਆਂ ਸੈਂਸਰ ਮਸ਼ੀਨਾਂ, ਇਮੀਗ੍ਰੇਸ਼ਨ ਏਜੰਟਾਂ ਦੀ ਨਵੀਂ ਭਰਤੀ, ਬਾਰਡਰ ਉੱਤੇ ਕੰਧ ਦੀ ਉਸਾਰੀ ਆਦਿ ਦੇ ਠੇਕੇ ਦਿੱਤੇ ਹੋਏ ਹਨ।

ਅਮਰੀਕਾ ਅੰਦਰ ਪਰਵਾਸੀਆਂ ਨੂੰ 'ਗੈਰ-ਕਾਨੂੰਨੀ ਏਲੀਅਨ', 'ਅਪਰਾਧੀ' ਤੇ 'ਘੁਸਪੈਠੀਏ' ਆਖ ਕੇ ਉਨ੍ਹਾਂ ਨਾਲ ਪਹਿਲਾਂ ਹੀ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਵਿਹਾਰ ਕੀਤਾ ਜਾਂਦਾ ਹੈ ਪਰ ਹੁਣ ਇਨ੍ਹਾਂ ਨੂੰ ਸਮੂਹਿਕ ਸਜ਼ਾਵਾਂ ਦੇ ਕੇ ਅਮਰੀਕਾ ਨੂੰ ਮਹਾਨ ਬਣਾਉਣ ਅਤੇ ਦੇਸ਼ਭਗਤੀ ਦੀ ਰਾਸ਼ਟਰਵਾਦੀ ਭਾਵਨਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਦਕਿ ਸੰਸਾਰ ਭਰ ਵਿੱਚ ਵਸੋਂ ਦੇ ਉਜਾੜੇ ਪਿੱਛੇ ਅਮਰੀਕੀ ਸਾਮਰਾਜੀ ਨੀਤੀਆਂ ਦਾ ਵੱਡਾ ਹੱਥ ਹੈ। ਮੈਕਸਿਕੋ, ਗੁਆਟੇਮਾਲਾ, ਨਿਕਾਰਾਗੁਆ, ਹੌਂਡੂਰਸ ਆਦਿ ਵਰਗੇ ਅਨੇਕ ਲਾਤੀਨੀ ਮੁਲਕ ਦਹਾਕਿਆਂ ਤੋਂ ਅਮਰੀਕੀ ਆਰਥਿਕ ਨੀਤੀਆਂ, ਰਾਜ ਪਲਟਿਆਂ ਤੇ ਆਰਥਿਕ/ਵਪਾਰਕ ਸੰਧੀਆਂ ਕਾਰਨ ਹੋਏ ਉਜਾੜਿਆਂ ਦਾ ਸ਼ਿਕਾਰ ਹੋਏ ਹਨ। ਮੱਧ ਪੂਰਬ ਤੇ ਏਸ਼ੀਆ ਦੇ ਬਹੁਤੇ ਮੁਲਕਾਂ ਵਿੱਚੋਂ ਉਜੜ ਕੇ ਆਏ ਪਰਵਾਸੀ ਵੀ ਅਮਰੀਕੀ ਨੀਤੀਆਂ ਕਾਰਨ ਪੈਦਾ ਹੋਈ ਆਰਥਿਕ-ਸਮਾਜਿਕ ਅਸ਼ਾਂਤੀ ਦਾ ਸ਼ਿਕਾਰ ਹਨ। ਦੂਜੇ ਪਾਸੇ, ਅਮਰੀਕੀ ਰਫਿਊਜੀ ਨੀਤੀ ਦਾ ਜਨਮ ਹੀ ਵਿਚਾਰਧਾਰਕ ਤੇ ਸਿਆਸੀ ਹਥਿਆਰ ਵਜੋਂ ਹੋਇਆ ਸੀ। ਅਮਰੀਕਾ ਨੇ ਸੀਤ ਯੁੱਧ ਵੇਲੇ ਸਮਾਜਵਾਦ ਦਾ ਪ੍ਰਭਾਵ ਖ਼ਤਮ ਕਰਨ ਅਤੇ ਵਿਦੇਸ਼ਾਂ ਵਿਚਲੇ ਵੱਖਵਾਦੀ ਗਰੁੱਪਾਂ ਨੂੰ ਆਪਣੇ ਲਾਹੇ ਲਈ ਸਿਆਸੀ ਪਨਾਹ ਦੇਣ ਲਈ ਵਿਦੇਸ਼ੀ ਨੀਤੀ ਵਜੋਂ ਸ਼ਰਨਾਰਥੀ ਪ੍ਰੋਗਰਾਮ ਚਲਾਏ ਪਰ 1990 ਦੇ ਦਹਾਕੇ ਤੋਂ ਬਾਅਦ ਕਲਿੰਟਨ ਵਜ਼ਾਰਤ ਵੇਲੇ ਤੋਂ ਗੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਛਾਪਿਆਂ ਦਾ ਦੌਰ ਤੇਜ਼ ਹੋ ਗਿਆ। 2001 ਵਿੱਚ ਅਮਰੀਕੀ ਟਾਵਰਾਂ ਉੱਤੇ ਹੋਏ ਹਮਲੇ ਤੋਂ ਬਾਅਦ ਜਾਰਜ ਡਬਲਿਊ ਬੁਸ਼ ਨੇ ਕੌਮੀ ਸੁਰੱਖਿਆ ਲਈ ਅਤੇ ਅਤਿਵਾਦ ਖ਼ਿਲਾਫ਼ ਮੋਰਚਾ ਖੋਲ੍ਹ ਕੇ ਪਰਵਾਸੀਆਂ ਤੇ ਮੁਸਲਮਾਨਾਂ ਦੇ ਉਜਾੜੇ ਦਾ ਰਾਹ ਪੱਧਰਾ ਕੀਤਾ ਗਿਆ। ਪਰਵਾਸੀ ਵਿਰੋਧੀ ਮੁਹਿੰਮ ਦੇ ਇਸ ਸਿਲਸਿਲੇ ਵਿੱਚ ਟਰੰਪ ਪ੍ਰਸ਼ਾਸਨ ਅਮਰੀਕਾ ਦੇ ਹੁਣ ਤੱਕ ਦੇ ਰਾਸ਼ਟਰਪਤੀਆਂ ਨਾਲੋਂ ਸਭ ਤੋਂ ਵੱਧ ਹਮਲਾਵਰ ਹੈ।

ਅਮਰੀਕਾ ਅੰਦਰ ਪਰਵਾਸੀਆਂ ਦੀ ਆਮਦ ਅਤੇ ਉਨ੍ਹਾਂ ਦਾ ਜਬਰੀ ਉਜਾੜਾ ਵੱਡਾ ਵਪਾਰ ਅਤੇ ਕੂਟਨੀਤਕ ਹਥਿਆਰ ਹੈ। ਟਰੰਪ ਦੀਆਂ ਅਰਾਜਕ ਨੀਤੀਆਂ ਖ਼ਿਲਾਫ਼ ਸੰਘਰਸ਼ ਦਾ ਪ੍ਰਤੀਕ ਬਣੀ ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀ ਮਹਿਮੂਦ ਖ਼ਲੀਲ ਨੂੰ ਦੇਸ਼-ਨਿਕਾਲਾ ਦੇਣ ਦੇ ਯਤਨ, ਟਰੰਪ ਦੇ ਆਲੋਚਕ ਨਿਊਯਾਰਕ ਦੇ ਨੌਜਵਾਨ ਜ਼ੋਹਰਾਨ ਮਮਦਾਨੀ (ਮੇਅਰ ਦੇ ਅਹੁਦੇ ਲਈ ਨਾਮਜ਼ਦ ਉਮੀਦਵਾਰ) ਨੂੰ ਕਮਿਊਨਿਸਟ ਆਖ ਕੇ ਦੇਸ਼-ਨਿਕਾਲੇ ਦੀ ਧਮਕੀ ਦੇਣੀ ਅਤੇ ਟਰੰਪ ਨੀਤੀਆਂ ਦੀ ਮੁਖ਼ਾਲਫ਼ਤ ਕਰਨ ਵਾਲੀਆਂ ਯੂਨੀਵਰਸਿਟੀਆਂ ਦੇ ਫੰਡਾਂ ਵਿੱਚ ਕਟੌਤੀ ਆਦਿ ਉਹ ਬਹਾਨੇ ਹਨ ਜਿਨ੍ਹਾਂ ਨਾਲ ਅਮਰੀਕੀਆਂ ਅਤੇ ਪਰਵਾਸੀਆਂ ਵਿਚਕਾਰ ਵੰਡ ਦੀ ਲਕੀਰ ਖੜ੍ਹੀ ਕਰ ਕੇ ਕਾਰਪੋਰੇਟ ਪੱਖੀ ਏਜੰਡੇ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

ਪਰਵਾਸੀਆਂ ਬਾਰੇ ਟਰੰਪ ਦੀ ਪਹੁੰਚ ਖ਼ਰਚੀਲੀ, ਅਣਮਨੁੱਖੀ ਅਤੇ ਭੇਦਭਰੀ ਹੈ। ਅਮਰੀਕਾ ਵਿੱਚ ਇਸ ਸਮੇਂ ਫ਼ਲਸਤੀਨੀਆਂ ਦੀ ਨਸਲਕੁਸ਼ੀ, ਪਰਵਾਸੀਆਂ ਉੱਤੇ ਇਮੀਗ੍ਰੇਸ਼ਨ ਏਜੰਸੀਆਂ ਦੇ ਛਾਪੇ ਅਤੇ ਟਰੰਪ ਦੀਆਂ ਅਰਾਜਕ ਨੀਤੀਆਂ ਖ਼ਿਲਾਫ਼ ਵਿਰੋਧ ਜਾਰੀ ਹਨ। ਨਵਾਂ ਬਿੱਲ ਪਾਸ ਹੋਣ ਮਗਰੋਂ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਸਿਹਤ ਸਹੂਲਤਾਂ, ਸਿੱਖਿਆ ਤੇ ਰੱਖਿਆ ਬਜਟ ਖ਼ਿਲਾਫ਼ ਸੰਘਰਸ਼ ਦਾ ਇੱਕ ਹੋਰ ਮੋਰਚਾ ਖੁੱਲ੍ਹ ਜਾਵੇਗਾ।

## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

**Harpreet Singh Padam 510-695-6435**

**Gurpreet Singh Padam 510-962-2593**

email: padambuilders@gmail.com

Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

**3143 ARDEN ROAD, HAYWARD, CA- 94545**


## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

**KASH FABRICS**
**29576 Mission Blvd**
**Hayward,CA 94544**
**510-538-1138**

## AAA AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



**ਜਸਬੀਰ ਸਿੰਘ ਤੱਖਰ**

**510-755-2132**

**593 Industrial PKWY West**
**Hayward, CA 94544**

## GLOBAL ADVISORS, LLC

*- a one-stop financial services center!*



**Ravdeep Bhasin**
Principal Consultant
ravdeep@globaladvisors,llc
www.globaladvisors.llc

**'Sara' - Saraswatee**
Consultant

Legal Documents Services.
Immigration Consulting.
Live-Scan & Notary.
Income Tax Preparation.
Financial Accounting



Cell: 408-600-9471
contact@globaladvisors.llc

Registered Investment Advisor
(State of CA CRD #: 327425)
Life, Accident & Health Insurance
(State of CA License #: 4148580)

Office: 408-600-9471
Cell: 408-613-3876

INVESTMENT/ Financial Advisors: Wealthmanagement & financial planning services.
Income Tax preparation, advisory & audit services.
Financial accounting and Payroll services.
IMMIGRATION consulting services.
Insurance: Life (variable & fixed), Accident & Health.

**Legal Document Services:** Family Law; Estate Planning; Civil Law/Small Claims; Unlawful Detainer; Social Security Disability; Power of Attorney.
**Immigration Consulting:** Immigrant & Non-Immigrant Petitions; Visas and Passport Services.
Live-Scan (Fingerprinting, Biometric) & Notary.
Income Tax Preparation.
Financial Accounting.

ਨਿਵੇਸ਼, ਬਿਜਨਸ, ਬੱਚਤਾਂ ਆਦਿ ਕਿਸੇ ਵੀ ਕਿਸਮ ਦੀ ਵਿੱਤੀ ਸਲਾਹ-ਮਸ਼ਵਰੇ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

**168 S. Hillview Dr. Milpitas, CA 95035**

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# CALIFORNIA
IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

# ਅਪਰੇਸ਼ਨ ਸਿੰਧੂਰ ਤੋਂ ਅਗਲੇ ਟੀਚੇ ਕੀ ਹੋਣਗੇ

**ਲੈਫਟੀਨੈਂਟ ਜਨਰਲ (ਸੇਵਾਮੁਕਤ) ਹਰਵੰਤ ਸਿੰਘ**

ਅਪਰੇਸ਼ਨ ਸਿੰਧੂਰ ਸ਼ੁਰੂ ਹੋਣ ਤੋਂ ਤਿੰਨ ਦਿਨ ਬਾਅਦ ਭਾਰਤ ਨੇ ਜੰਗਬੰਦੀ ਦਾ ਐਲਾਨ ਕਰ ਦਿੱਤਾ। ਇਸ ਕਾਰਵਾਈ ਨਾਲ ਦੋਵਾਂ ਪਾਸੇ ਹੋਏ ਨੁਕਸਾਨ ਦੀ ਸਹੀ ਜਾਣਕਾਰੀ ਹੁਣ ਤੱਕ ਨਹੀਂ ਮਿਲ ਸਕੀ ਕਿਉਂਕਿ ਇਸ ਨੂੰ ਅਜੇ ਵੀ ਗੁਪਤ ਰੱਖਿਆ ਜਾ ਰਿਹਾ ਹੈ। ਭਾਰਤ ਦੇ ਜਹਾਜ਼ਾਂ ਦੇ ਨੁਕਸਾਨ ਬਾਰੇ ਕਈ ਅਨੁਮਾਨ ਲਗਾਏ ਜਾ ਰਹੇ ਹਨ। ਜਿਹੜੀ ਗੱਲ ਹੁਣ ਸਾਹਮਣੇ ਆਈ ਹੈ, ਉਹ ਇਹ ਹੈ ਕਿ ਉੱਪਰੋਂ ਮਿਲੇ ਨਿਰਦੇਸ਼ਾਂ ਕਾਰਨ ਭਾਰਤੀ ਹਵਾਈ ਸੈਨਾ ਨੇ ਅਤਿਵਾਦੀ ਕੇਂਦਰਾਂ ਨੂੰ ਨਿਸ਼ਾਨਾ ਬਣਾਉਣ ਤੋਂ ਪਹਿਲਾਂ ਪਾਕਿਸਤਾਨੀ ਰਾਡਾਰਾਂ ਅਤੇ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਨਕਾਰਾ ਨਹੀਂ ਕੀਤਾ ਸੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਭਾਰਤ ਦੇ ਵਿਦੇਸ਼ ਮੰਤਰੀ ਨੇ ਪਾਕਿਸਤਾਨ ਨੂੰ ਅਤਿਵਾਦੀ ਕੇਂਦਰਾਂ ’ਤੇ ਹਮਲਾ ਕਰਨ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ। ਸਿੱਟੇ ਵਜੋਂ ਪਾਕਿਸਤਾਨੀ ਹਥਿਆਰਬੰਦ ਸੈਨਾਵਾਂ, ਖ਼ਾਸ ਕਰ ਕੇ ਇਸ ਦੀਆਂ ਹਵਾਈ ਰੱਖਿਆ ਪ੍ਰਣਾਲੀਆਂ ਪਹਿਲਾਂ ਹੀ ਹਾਈ ਅਲਰਟ ’ਤੇ ਆ ਗਈਆਂ ਹੋਣਗੀਆਂ। ਜੇ ਅਜਿਹਾ ਹੀ ਹੈ ਤਾਂ ਕੀ ਭਾਰਤ ਦੇ ਵਿਦੇਸ਼ ਮੰਤਰੀ ਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਦੀ ਇਸ ਕਾਰਵਾਈ ਦੇ ਕੀ ਅਸਰ ਹੋਣਗੇ?

ਦੋਵੇਂ ਧਿਰਾਂ ਆਪੋ-ਆਪਣੀ ਜਿੱਤ ਦਾ ਦਾਅਵਾ ਕਰ ਰਹੀਆਂ ਹਨ। ਪਾਕਿਸਤਾਨ ਵਾਲੇ ਪਾਸੇ ਸਫਲਤਾ ਨੂੰ ਸੈਨਾ ਮੁਖੀ, ਜਨਰਲ ਆਸਿਮ ਮੁਨੀਰ ਨੂੰ ਫੀਲਡ ਮਾਰਸ਼ਲ ਦੇ ਅਹੁਦੇ ’ਤੇ ਤਰੱਕੀ ਦੇ ਕੇ ਉਜਾਗਰ ਕੀਤਾ ਗਿਆ ਹੈ। ਭਾਰਤ ਵਿੱਚ ਖ਼ੂਨ ਦੀ ਬਜਾਏ, ਲਾਲ ਗਰਮ ਸਿੰਧੂਰ ਕੁਝ ਰਗ਼ਾਂ ਵਿੱਚ ਵਗਣਾ ਸ਼ੁਰੂ ਹੋ ਗਿਆ ਅਤੇ ਇਸ ਅਪਰੇਸ਼ਨ ਦੀਆਂ ਪ੍ਰਾਪਤੀਆਂ ਨੂੰ ਬਿਹਾਰ ’ਚ ਹੋਣ ਵਾਲੀਆਂ ਚੋਣਾਂ ਵਿੱਚ ਲਾਹੇਵੰਦ ਮਾਧਿਅਮ ਵਜੋਂ ਵਰਤਿਆ ਜਾ ਰਿਹਾ ਹੈ।



ਜਿੱਥੇ ਲਗਭਗ ਅੱਧਾ ਦਰਜਨ ਦੇਸ਼ਾਂ ਨੇ ਭਾਰਤੀ ਹਮਲੇ (ਅਪਰੇਸ਼ਨ ਸਿੰਧੂਰ) ਦੇ ਖ਼ਿਲਾਫ਼ ਜਾ ਕੇ ਪਾਕਿਸਤਾਨ ਦਾ ਸਮਰਥਨ ਕੀਤਾ, ਦੂਜੇ ਪਾਸੇ ਪੂਰੀ ਦੁਨੀਆ ਵਿੱਚ ਸਾਡੇ ਬਿਲਕੁਲ ਨਾਲ ਦੇ ਗੁਆਂਢੀਆਂ ਸਣੇ ਇੱਕ ਵੀ ਦੇਸ਼ ਨੇ ਭਾਰਤ ਨਾਲ ਹਮਾਇਤ ਜ਼ਾਹਿਰ ਨਹੀਂ ਕੀਤੀ। ਦੁਨੀਆ ਦੇ ਕਿਸੇ ਵੀ ਮੰਚ ’ਤੇ ਪਾਕਿਸਤਾਨ ਨੂੰ ਅੱਤਵਾਦ ਦਾ ਸਮਰਥਕ ਨਹੀਂ ਗਰਦਾਨਿਆ ਗਿਆ। ਸਾਡੀ ਵਿਦੇਸ਼ ਨੀਤੀ ਦੀਆਂ ਇਹ ਕਿਹੜੀਆਂ ਪ੍ਰਾਪਤੀਆਂ ਹਨ: ਵਿਦੇਸ਼ ਮੰਤਰੀ ਅਤੇ ਪ੍ਰਧਾਨ ਮੰਤਰੀ ਦੁਆਰਾ ਕ੍ਰਮਵਾਰ ਚਾਰ ਦਰਜਨ ਤੋਂ ਵੱਧ ਅਤੇ 150 ਤੋਂ ਵੱਧ ਵਿਦੇਸ਼ੀ ਯਾਤਰਾਵਾਂ ’ਤੇ ਲੱਖਾਂ ਡਾਲਰ ਖਰਚ ਕਰਨ ਦੇ ਬਾਵਜੂਦ ਕੀ ਹਾਸਿਲ ਹੋਇਆ? ਕਈ ਦੇਸ਼ਾਂ ਨੂੰ ਭੇਜੇ ਸੰਸਦ ਮੈਂਬਰਾਂ ਦੇ ਸੱਤ ਵਫ਼ਦ ਅਪਰੇਸ਼ਨ ਸਿੰਧੂਰ ਅਤੇ ਪਾਕਿਸਤਾਨ ਦੀ ਅਤਿਵਾਦ ਨੂੰ ਸ਼ਹਿ ਬਾਰੇ ਉਨ੍ਹਾਂ ਮੁਲਕਾਂ ਦੀ ਧਾਰਨਾ ’ਚ ਕੋਈ ਤਬਦੀਲੀ ਨਹੀਂ ਲਿਆ ਸਕੇ। ਭਾਰਤ ਦੀ ਵਿਦੇਸ਼ ਨੀਤੀ ਦੀ ਅਸਫਲਤਾ ਦੀ ਇਹ ਹੱਦ ਹੀ ਹੈ। ਹੋ ਸਕਦਾ ਹੈ, ਹੁਣ ਵਿਦੇਸ਼ ਮੰਤਰੀ ਦਾ ਅਹੁਦਾ ਛੱਡਣ ਦਾ ਸਮਾਂ ਆ ਗਿਆ ਹੈ।

ਭਾਰਤ ’ਚ ਰੱਖਿਆ ਮੰਤਰੀ ਮਕਬੂਜ਼ਾ ਕਸ਼ਮੀਰ (ਪੀ ਕੇ) ਲੈਣ ਦੀ ਗੱਲ ਕਰ ਰਹੇ ਹਨ ਤੇ ਪਾਕਿਸਤਾਨ ਵਾਲੇ ਪਾਸੇ ਫੀਲਡ ਮਾਰਸ਼ਲ ਆਸਿਮ ਮੁਨੀਰ ਕਹਿੰਦੇ ਹਨ ਕਿ ਉਹ ਭਾਰਤ ਨੂੰ ਦੋ ਹਿੱਸਿਆਂ ਵਿੱਚ ਵੰਡ ਦੇਣਗੇ। ਸੰਭਵ ਹੈ ਕਿ ਭਾਰਤੀ ਰੱਖਿਆ ਮੰਤਰੀ ਰਾਜਨਾਥ ਸਿੰਘ ਇਸ ਤੱਥ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਕਿ ਪੀ ਕੇ ਲੈਣ ਦੀ ਕੋਈ ਵੀ ਕੋਸ਼ਿਸ਼ ਪਾਕਿਸਤਾਨ ਨਾਲ ਸੰਪੂਰਨ ਜੰਗ ਮੁੱਲ ਲੈਣ ਦਾ ਕਾਰਨ ਬਣੇਗੀ। ਇਸ ਦੇ ਨਾਲ ਹੀ ਉਹ ਸ਼ਾਇਦ ਆਪਣੀਆਂ ਹਥਿਆਰਬੰਦ ਸੈਨਾਵਾਂ, ਖ਼ਾਸ ਕਰ ਕੇ ਭਾਰਤੀ ਹਵਾਈ ਸੈਨਾ ਦੀ ਹਾਲਤ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਹਨ। ਇਸ ਦੌਰਾਨ ਫੀਲਡ ਮਾਰਸ਼ਲ ਆਸਿਮ ਮੁਨੀਰ ਵੀ ਜ਼ਮੀਨੀ ਹਕੀਕਤਾਂ ਤੋਂ ਅਣਜਾਣ ਲੱਗਦੇ ਹਨ, ਜਦੋਂ ਉਹ ਭਾਰਤ ਨੂੰ ਦੋ ਹਿੱਸਿਆਂ ਵਿੱਚ ਵੰਡਣ ਦੀ ਗੱਲ ਕਰਦੇ ਹਨ। ਫਿਰ ਵੀ ਪਾਕਿਸਤਾਨੀ ਫ਼ੌਜ ਜਦੋਂ ਚੀਨ ਦੇ ਦਿੱਤੇ ਅਤਿ-ਆਧੁਨਿਕ ਫ਼ੌਜੀ ਹਥਿਆਰਾਂ ਤੇ ਸਾਜ਼ੋ-ਸਮਾਨ ਨਾਲ ਪੂਰੀ ਤਰ੍ਹਾਂ ਲੈਸ ਹੋ ਗਈ ਤਾਂ ਇਹ ਕੋਸ਼ਿਸ਼ ਕਰ ਸਕਦੇ ਹਨ, ਜਾਂ ਕਸ਼ਮੀਰ ਨੂੰ ਖੋਹਣ ਦਾ ਯਤਨ ਵੀ ਕਰ ਸਕਦੇ ਹਨ। ਉਹ ਇਸ ਨੂੰ ਪਾਕਿਸਤਾਨ ਦੀ ਜੀਵਨ ਰੇਖਾ ਦੱਸ ਹੀ ਰਹੇ ਹਨ।

ਚੀਨ ਪਾਕਿਸਤਾਨ ਦੇ ਪੂਰਾ ਹੱਕ ਵਿੱਚ ਖੜ੍ਹਾ ਹੈ ਅਤੇ ਇਸ ਨੂੰ ਅਤਿ-ਆਧੁਨਿਕ ਤਕਨੀਕੀ ਫ਼ੌਜੀ ਉਪਕਰਨ, ਜਿਨ੍ਹਾਂ ਵਿੱਚ ਪੰਜਵੀਂ ਪੀੜ੍ਹੀ ਦੇ ਲੜਾਕੂ ਜਹਾਜ਼ ਵੀ ਸ਼ਾਮਿਲ ਹਨ, ਦੇ ਰਿਹਾ ਹੈ। ਇਨ੍ਹਾਂ ਵਿੱਚੋਂ ਕੁਝ ਨੂੰ ਅਪਰੇਸ਼ਨ ਸਿੰਧੂਰ ਦੌਰਾਨ ਪਰਖਿਆ ਵੀ ਗਿਆ ਸੀ। ਚੀਨੀ ਹਥਿਆਰ ਤੇ ਸਾਜ਼ੋ-ਸਮਾਨ ਪਾਕਿਸਤਾਨ ਦੀ ਸਮੁੱਚੀ ਸਮਰੱਥਾ ’ਚ ਅਹਿਮ ਵਾਧਾ ਕਰਨਗੇ। ਰੂਸ ਨੇ ਵੀ ਪਾਕਿਸਤਾਨ ਨੂੰ ਫ਼ੌਜੀ ਸਾਜ਼ੋ-ਸਮਾਨ ਦੀ ਸਪਲਾਈ ਸ਼ੁਰੂ ਕਰ ਦਿੱਤੀ ਹੈ। ਚੀਨ ਸਾਈਬਰ ਤਕਨੀਕ, ਸੈਟੇਲਾਈਟ ਇਮੇਜਰੀ, ਮਿਜ਼ਾਈਲ ਪ੍ਰਣਾਲੀ, ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਡਰੋਨ ਤਕਨੀਕ ਵਰਗੇ ਖੇਤਰਾਂ ਵਿੱਚ ਪਾਕਿਸਤਾਨ ਦੀ ਮਦਦ ਕੀਤੀ ਜਾ ਰਹੀ ਹੈ ਤੇ ਪਾਕਿਸਤਾਨੀਆਂ ਨੂੰ ਇਸ ਸਬੰਧੀ ਸਿਖਲਾਈ ਦਿੱਤੀ ਜਾ ਰਹੀ ਹੈ। ਅਮਰੀਕਾ ਵੀ ਪਾਕਿਸਤਾਨ ਵੱਲ ਝੁਕਾਅ ਰੱਖਦਾ ਹੈ। ਚੀਨ ਪੂਰਬੀ ਲੱਦਾਖ ਵਿੱਚ ਆਪਣੀ ਫ਼ੌਜ ਵਧਾ ਰਿਹਾ ਹੈ ਅਤੇ ਤਿੱਬਤ ਸਰਹੱਦ ’ਤੇ ਅਸਲ ਕੰਟਰੋਲ ਰੇਖਾ (ਐੱਲਏਸੀ) ਨਾਲ ਬੁਨਿਆਦੀ ਸੈਨਿਕ ਢਾਂਚਾ ਬਣਾ ਰਿਹਾ ਹੈ।

ਖਿੱਤੇ ਵਿੱਚ ਭਾਰਤ ਦੀ ਚੜ੍ਹਤ ਰੋਕਣ ਲਈ ਚੀਨ ਪਾਕਿਸਤਾਨ ਨੂੰ ਪ੍ਰੌਕਸੀ ਵਜੋਂ ਵਰਤਣਾ ਚਾਹੁੰਦਾ ਹੈ। ਮੰਨਿਆ ਜਾਂਦਾ ਹੈ ਕਿ ਪਾਕਿਸਤਾਨੀ ਫ਼ੌਜ ਦੇ ਕੁਝ ਅਧਿਕਾਰੀ ਪੂਰਬੀ ਲੱਦਾਖ ਵਿੱਚ ਤਾਇਨਾਤ ਚੀਨੀ ਫ਼ੌਜੀ ਤੰਤਰ ਵਿੱਚ ਸਟਾਫ ਅਧਿਕਾਰੀਆਂ ਵਜੋਂ ਕੰਮ ਕਰ ਰਹੇ ਹਨ। ਚੀਨ ਬੰਗਲਾਦੇਸ਼ ਦੇ ਸਹਿਯੋਗ ਨਾਲ ਸਿਲੀਗੁੜੀ ਲਾਂਘੇ ਨੇੜੇ ਵੱਡਾ ਹਵਾਈ ਅੱਡਾ ਵੀ ਬਣਾ ਰਿਹਾ ਹੈ। ਦੂਜੇ ਪਾਸੇ, ਚੀਨ ਭਾਰਤ ਵੱਲ ਦੋਸਤੀ ਦਾ ਹੱਥ ਵਧਾਉਣ ਦੀ ਕੋਸ਼ਿਸ਼ ਵੀ ਕਰ ਰਿਹਾ ਹੈ, ਕਿਉਂਕਿ ਭਾਰਤ ਚੀਨੀ ਸਾਮਾਨ ਲਈ ਵੱਡਾ ਬਾਜ਼ਾਰ ਹੈ। ਇਹ ਚੀਨ ਦੀ ਦੋਹਰੀ ਨੀਤੀ ਦਾ ਪ੍ਰਤੀਕ ਹੈ।

ਭਾਰਤ ਨੇ ਲੰਮੇ ਸਮੇਂ ਤੋਂ ਆਪਣੀਆਂ ਫ਼ੌਜਾਂ ਨੂੰ ਅਤਿ-ਆਧੁਨਿਕ ਰੂਪ ਦੇਣ ਲਈ ਲੋੜੀਂਦੇ ਸਰੋਤ ਨਹੀਂ ਵਰਤੇ ਅਤੇ ਵਾਰ-ਵਾਰ ਨੁਕਸਾਨ ਪਹੁੰਚਾਉਣ ਦੀ ਪਾਕਿਸਤਾਨੀ ਨੀਤੀ ਨੂੰ ਨਾਕਾਮ ਕਰਨ ਦੀ ਸਮਰੱਥਾ ਪੈਦਾ ਕਰਨ ਦੀ ਬਜਾਏ ਇਹ ਅਤਿਵਾਦ ਵਿਰੋਧੀ ਕਾਰਵਾਈਆਂ ’ਤੇ ਕੇਂਦਰਿਤ ਰਿਹਾ ਹੈ। ਇਸ ਨੂੰ ਅਹਿਸਾਸ ਨਹੀਂ ਕਿ ਅਜਿਹੀ ਸਮਰੱਥਾ ਹੀ ਪਾਕਿਸਤਾਨ ਨੂੰ ਰੋਕੇਗੀ। ਫ਼ੌਜੀ ਬਜਟ ਕਈ ਸਾਲਾਂ ਤੋਂ ਜੀਡੀਪੀ ਦੇ 2 ਪ੍ਰਤੀਸ਼ਤ ਤੋਂ ਘੱਟ ਰਿਹਾ ਹੈ; ਚੀਨ ਆਪਣੀ ਜੀਡੀਪੀ ਦਾ 3 ਪ੍ਰਤੀਸ਼ਤ ਰੱਖਿਆ ਬਜਟ ’ਤੇ ਖਰਚ ਕਰ ਰਿਹਾ ਹੈ, ਇਸ ਦੀ ਜੀਡੀਪੀ ਭਾਰਤ ਤੋਂ ਪੰਜ ਗੁਣਾ ਜ਼ਿਆਦਾ ਹੈ।

ਭਾਰਤ ਦੀਆਂ ‘ਮੇਕ ਇਨ ਇੰਡੀਆ’ ਦੀਆਂ ਕੋਸ਼ਿਸ਼ਾਂ ਜ਼ਿਆਦਾਤਰ ਕਾਗਜ਼ਾਂ ’ਤੇ ਹੀ ਰਹੀਆਂ ਹਨ। ਇਹ ਹਥਿਆਰਾਂ ਤੇ ਰੱਖਿਆ ਸਾਜ਼ੋ-ਸਮਾਨ ਦਾ ਸਭ ਤੋਂ ਵੱਡਾ ਦਰਾਮਦਕਾਰ ਹੈ। ਛੋਟੇ ਹਥਿਆਰ ਵੀ ਦਰਾਮਦ ਕਰਨੇ ਪੈਂਦੇ ਹਨ ਹਾਲਾਂਕਿ ਕੁਝ ਹਲਕੀ ਤਕਨੀਕ ਵਾਲੇ ਖੇਤਰਾਂ ’ਚ ਫ਼ੌਜੀ ਸਾਜ਼ੋ-ਸਮਾਨ ਭਾਰਤ ਬਰਾਮਦ ਕਰਦਾ ਹੈ। ਕੁਝ ਰੂਸੀ ਐਂਟੀ-ਮਿਜ਼ਾਈਲ ਪ੍ਰਣਾਲੀ ਹੁਣ ਭਾਰਤ ਵਿੱਚ ਬਣਾਈ ਹੈ ਅਤੇ ਬਰਾਮਦ ਕੀਤੀ ਜਾ ਰਹੀ ਹੈ। ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀ ) ਤੇ ਇਸ ਖੇਤਰ ਦੀਆਂ ਹੋਰ ਸੰਸਥਾਵਾਂ ਸਾਰਥਕ ਨਤੀਜੇ ਪੈਦਾ ਕਰਨ ਵਿੱਚ ਅਸਫਲ ਰਹੀਆਂ ਹਨ। ਐੱਚਏਐੱਲ ਵੀ ਦਹਾਕਿਆਂ ਤੋਂ ਤੇਜਸ ਜਹਾਜ਼ ਨਾਲ ਜੂਝ ਰਿਹਾ ਹੈ ਅਤੇ ਇਸ ਦਾ ਇੰਜਣ ਅਜੇ ਵੀ ਬਾਹਰੋਂ ਮੰਗਵਾਇਆ ਜਾ ਰਿਹਾ ਹੈ। ਇਨ੍ਹਾਂ ਸੰਸਥਾਵਾਂ ਦੇ ‘ਸਾਇੰਸ ਆਡਿਟ’ ਦੀ ਮੰਗ ਨੂੰ ਕਈ ਵਾਰ ਨਜ਼ਰਅੰਦਾਜ਼ ਕੀਤਾ ਜਾ ਚੁੱਕਾ ਹੈ। ਹੁਣ ਸਮਾਂ ਆ ਗਿਆ ਹੈ ਕਿ ਇਨ੍ਹਾਂ ਦੇ ਕੰਮਕਾਜ ਵਿੱਚ ਸੁਧਾਰ ਕੀਤਾ ਜਾਵੇ ਅਤੇ ਕੁਝ ਉੱਚ ਤਕਨੀਕੀ ਫ਼ੌਜੀ ਸਾਜ਼ੋ-ਸਮਾਨ ਦੀ ਖੋਜ ਅਤੇ ਉਤਪਾਦਨ ਵਿੱਚ ਪ੍ਰਾਈਵੇਟ ਸਨਅਤ ਸ਼ਾਮਿਲ ਕੀਤੀ ਜਾਵੇ। ਲੇਜ਼ਰ ਤਕਨੀਕ ਦੇ ਖੇਤਰ ਵਿੱਚ ਭਾਰਤ ਨੇ ਚੰਗੀ ਤਰੱਕੀ ਕੀਤੀ ਲੱਗਦੀ ਹੈ। ਜੇ ਅਜਿਹਾ ਹੈ ਤਾਂ ਇਸ ਨੂੰ ਐਂਟੀ-ਡਰੋਨ ਪ੍ਰਣਾਲੀਆਂ ਆਦਿ ਨਾਲ ਜੋੜਨ ਦੀ ਲੋੜ ਹੈ।

ਭਾਰਤੀ ਫ਼ੌਜਾਂ ਦੀ ਸਥਿਤੀ ਕੁਝ ਹੱਦ ਤੱਕ ਨਿਰਾਸ਼ਾਜਨਕ ਹੈ। ਭਾਰਤੀ ਹਵਾਈ ਸੈਨਾ ਨੂੰ ਘੱਟੋ-ਘੱਟ 42 ਸਕੁਐਡਰਨਾਂ ਦੀ ਲੋੜ ਹੈ, ਪਰ ਇਸ ਵੇਲੇ 32 ਸਕੁਐਡਰਨ ਹੀ ਹਨ। 32 ਸਕੁਐਡਰਨਾਂ ਵਿੱਚੋਂ ਵੀ ਕਈਆਂ ਨੂੰ ਬਦਲਣ ਦੀ ਲੋੜ ਹੈ। ਭਾਰਤ ਕੋਲ ਅਜਿਹਾ ਕੋਈ ਜਹਾਜ਼ ਨਹੀਂ ਜੋ ਚੀਨ ਦੁਆਰਾ ਪਾਕਿਸਤਾਨ ਨੂੰ ਸਪਲਾਈ ਕੀਤੇ ਜਾ ਰਹੇ ਪੰਜਵੀਂ ਪੀੜ੍ਹੀ ਦੇ ਜਹਾਜ਼ ਨਾਲ ਮੇਲ ਖਾਂਦਾ ਹੋਵੇ।

ਭਾਰਤ ਨੂੰ ਰੱਖਿਆ ਬਜਟ ਤੇ ਡੀਆਰਡੀ ਦੇ ਫੰਡਾਂ ’ਚ ਮਹੱਤਵਪੂਰਨ ਵਾਧਾ ਕਰਨ ਦੀ ਲੋੜ ਹੈ। ਅਧਿਕਾਰੀ ਕਾਡਰ ਅਤੇ ਹੋਰ ਰੈਂਕਾਂ ਵਿੱਚ ਕਮੀਆਂ ਨੂੰ ਪੂਰਾ ਕਰਨਾ ਜ਼ਰੂਰੀ ਹੈ। ਅਗਨੀਵੀਰ ਯੋਜਨਾ ਨੂੰ ਨਵੀਂ ਅਤੇ ਨਿਰਪੱਖ ਨਜ਼ਰ ਨਾਲ ਦੇਖਿਆ ਜਾਵੇ ਤੇ ਜੇ ਇਹ ਫ਼ੌਜ ਦੇ ਹਿੱਤ ਵਿੱਚ ਨਹੀਂ ਤਾਂ ਇਸ ਨੂੰ ਖਾਰਜ ਕਰ ਦਿੱਤਾ ਜਾਵੇ।

ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲੀਆ ਸੰਘਰਸ਼ (ਅਪਰੇਸ਼ਨ ਸਿੰਧੂਰ), ਇਜ਼ਰਾਈਲ-ਇਰਾਨ ਮਿਜ਼ਾਈਲ ਜੰਗ ਤੇ ਬੰਬਾਰੀ, ਅਮਰੀਕਾ ਵੱਲੋਂ ਇਰਾਨ ਦੇ ਪਰਮਾਣੂ ਟਿਕਾਣਿਆਂ ’ਤੇ ਕੀਤੀ ਬੰਬਾਰੀ ਨੇ ਕੁਝ ਰੱਖਿਆ ਵਿਸ਼ਲੇਸ਼ਕਾਂ ਨੂੰ ਇਹ ਸਿੱਟਾ ਕੱਢਣ ਲਈ ਪ੍ਰੇਰਿਆ ਹੈ ਕਿ ਭਵਿੱਖੀ ਜੰਗਾਂ ਬਿਨਾਂ ਸੰਪਰਕ ਤੋਂ ਗਤੀਸ਼ੀਲ ਰੂਪ ਵਿੱਚ ਹੋਣਗੀਆਂ। ਇਹ ਗ਼ਲਤ ਧਾਰਨਾ ਹੈ। ਮੁਕੰਮਲ ਜੰਗ ਵਿੱਚ ਬਿਨਾਂ ਕਿਸੇ ਸੰਪਰਕ ਤੋਂ ਲੜਨ ਦਾ ਇਹ ਪੜਾਅ ਇੱਕ-ਦੋ ਦਿਨਾਂ ਵਿੱਚ ਖ਼ਤਮ ਹੋ ਜਾਵੇਗਾ, ਫਿਰ ਜ਼ਮੀਨੀ ਕਾਰਵਾਈਆਂ ਸ਼ੁਰੂ ਹੋਣਗੀਆਂ। ਇਸ ਪੜਾਅ ਦੌਰਾਨ ਮਿਜ਼ਾਈਲਾਂ, ਡਰੋਨ, ਏਆਈ, ਸਾਈਬਰ ਹਮਲੇ ਆਦਿ ਦੀ ਵਰਤੋਂ ਜਾਰੀ ਰਹੇਗੀ। ਹਵਾਈ ਸੈਨਾ ਦੀ ਭੂਮਿਕਾ ਵਧੇਰੇ ਪ੍ਰਸੰਗਿਕ ਹੋਵੇਗੀ।

ਪਾਕਿਸਤਾਨ ਨਾਲ ਕਿਸੇ ਵੀ ਭਵਿੱਖੀ ਜੰਗ ਵਿੱਚ ਚੀਨ ਦੇ ਸ਼ਾਮਿਲ ਹੋਣ ਦੀ ਉਮੀਦ ਨਹੀਂ, ਪਰ ਉਹ ਪਿਛੋਕੜ ’ਚ ਮੌਜੂਦ ਰਹੇਗਾ, ਪਾਕਿਸਤਾਨ ਨੂੰ ਹਰ ਸੰਭਵ ਸਹਾਇਤਾ ਦੇਵੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਪਾਕਿਸਤਾਨ ਵਿਰੁੱਧ ਕਾਰਵਾਈ ਲਈ ਭਾਰਤ ਤਿੱਬਤ ਸਰਹੱਦ ’ਤੇ ਮੌਜੂਦ ਆਪਣੇ ਸਰੋਤਾਂ ਨੂੰ ਨਾ ਵਰਤ ਸਕੇ। ਬੰਗਲਾਦੇਸ਼ ਤੋਂ ਭਾਰਤ ਵਿਰੁੱਧ ਕੁਝ ਕਾਰਵਾਈਆਂ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਨਤੀਜੇ ਵਜੋਂ ਭਾਰਤ ਤਿੱਬਤ ਸਰਹੱਦ ਤੋਂ ਇਲਾਵਾ ਬਰਮਾ ਤੇ ਬੰਗਲਾਦੇਸ਼ ਨਾਲ ਤਾਇਨਾਤ ਆਪਣੇ ਸਾਧਨਾਂ ਨੂੰ ਵੀ ਤਬਦੀਲ ਕਰਨ ਦੇ ਯੋਗ ਨਹੀਂ ਬਚੇਗਾ। ਇਸ ਲਈ ਲੋੜ ਹੈ ਕਿ ਇਸ ਬਦਲਦੀ ਹਾਲਤ ਮੁਤਾਬਿਕ ਭਾਰਤ ਦੀ ਫ਼ੌਜੀ ਸਮਰੱਥਾ ਨੂੰ ਵਿਕਸਿਤ ਕੀਤਾ ਜਾਵੇ।

ਸਾਡੇ ਕੋਲ ਸਮਾਂ ਨਹੀਂ ਬਚਿਆ ਤੇ ਦੇਸ਼ ਲਈ ਬਣ ਰਹੇ ਸੁਰੱਖਿਆ ਖ਼ਤਰਿਆਂ ਨੂੰ ਹੋਰ ਨਜ਼ਰਅੰਦਾਜ਼ ਕਰਨਾ ਵਿਨਾਸ਼ਕਾਰੀ ਸਾਬਿਤ ਹੋਵੇਗਾ। ਹਥਿਆਰਬੰਦ ਫ਼ੌਜਾਂ ਦੀ ਸਮਰੱਥਾ ਵਿਕਸਤ ਕਰਨ ਨੂੰ ਸਭ ਤੋਂ ਜ਼ਿਆਦਾ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

# ਅੱਜ ਦੇ ਭਾਰਤ ਦਾ ਭਵਿੱਖ

**ਸੁੱਚਾ ਸਿੰਘ ਖੱਟੜਾ**

ਭਾਰਤ ਦੇ ‘ਅੱਜ’ ਵਿੱਚ ਜੇਕਰ ਆਰਥਿਕ ਦਸ਼ਾ ਦੇ ਵੱਖੋ-ਵੱਖਰੇ ਅੰਗ ਜਿਵੇਂ ਮਹਿੰਗਾਈ, ਬੇਰੁਜ਼ਗਾਰੀ, ਘਟਦੀਆਂ ਆਮਦਨਾਂ, ਅਮੀਰੀ ਗਰੀਬੀ ਦਾ ਵਧਦਾ ਪਾੜਾ, ਦੇਸ਼ ਅੰਦਰਲੀ ਵਧਦੀ ਬੇਚੈਨੀ, ਅਸਫਲ ਵਿਦੇਸ਼ ਨੀਤੀ ਆਦਿ ਭਿਆਨਕ ਲਗਦੇ ਹਨ ਤਾਂ ਆਉਣ ਵਾਲੇ ‘ਕੱਲ੍ਹ’ ਨੂੰ ਹਾਲਤ ਕਿੱਥੇ ਪਹੁੰਚੇਗੀ? ਚਿੰਤਾ ਕਰਨ ਨੂੰ ਕਾਹਲ ਕੀਤੀ ਜਾ ਰਹੀ ਹੈ ਜਾਂ ਦੇਰ ਹੋ ਰਹੀ ਹੈ? ਹੁਣ ਇਹ ਫ਼ੈਸਲਾ ਕਰਨ ਦੀ ਘੜੀ ਹੈ।

ਭਾਰਤ ਦਾ ਬੀਤਿਆ ਕੱਲ੍ਹ ਭਾਵੇਂ ਕੋਈ ਬਹੁਤਾ ਸੁਖਾਵਾਂ ਨਹੀਂ ਸੀ ਪਰ ਆਜ਼ਾਦੀ ਸੰਗਰਾਮ ਦੌਰਾਨ ਉਣੇ ਸੁਫਨੇ ਇਸ ਦੇ ਟੀਚੇ ਸਨ, ਇਸ ਲਈ ਆਜ਼ਾਦੀ ਤੋਂ ਬਾਅਦ ਇੱਕ ਪਾਸੇ ਸੰਵਿਧਾਨ ਇਨ੍ਹਾਂ ਸੁਫਨਿਆਂ ਦੀ ਦੇਰ ਸਵੇਰ ਪ੍ਰਾਪਤੀ ਦੀ ਆਸ ਬੰਨ੍ਹਾਉਂਦਾ ਰਿਹਾ, ਦੂਜੇ ਪਾਸੇ ਪੰਜ ਸਾਲਾ ਯੋਜਨਾਵਾਂ ਨਾਲ ਵੱਡੇ-ਵੱਡੇ ਡੈਮ, ਪਬਲਿਕ ਸੈਕਟਰ ਵਿੱਚ ਕਾਰਖਾਨੇ, ਸਕੂਲਾਂ ਤੋਂ ਕਾਲਜਾਂ ਯੂਨੀਵਰਸਟੀਆਂ, ਖੋਜ



ਸੰਸਥਾਵਾਂ, ਸਿਹਤ ਸੰਭਾਲ ਢਾਂਚੇ ਆਦਿ ਅਨੇਕ ਸੁੱਖ-ਸਹੂਲਤਾਂ ਨੂੰ ਕੇਂਦਰ ਅਤੇ ਰਾਜ ਸਰਕਾਰ ਨੇ ਆਪੋ-ਆਪਣੇ ਖੇਤਰਾਂ ਵਿੱਚ ਲੋਕਾਂ ਤੱਕ ਪਹੁੰਚਾਉਣਾ ਸ਼ੁਰੂ ਕੀਤਾ। ਕਮੀਆਂ ਕਮਜ਼ੋਰੀਆਂ ਸਨ ਪਰ ਉਨ੍ਹਾਂ ਕਮੀਆਂ ਕਮਜ਼ੋਰੀਆਂ ਵਿਰੁੱਧ ਜੀ ਭਰ ਕੇ ਲਿਖਿਆ ਅਤੇ ਬੋਲਿਆ ਜਾਂਦਾ ਸੀ। ਲਿਖਣ ਅਤੇ ਬੋਲਣ ਨਾਲ ਲੋਕ ਰਾਏ ਬਣਦੀ ਜੋ ਸਰਕਾਰਾਂ ਬਦਲਣ ਤੱਕ ਜਾਂਦੀ।

ਆਜ਼ਾਦੀ ਤੋਂ ਡੇਢ ਦਹਾਕੇ ਦੌਰਾਨ ਮੁਲਕ ਅੰਦਰ ਅਜਿਹਾ ਤਬਕਾ ਉਭਰਨਾ ਸ਼ੁਰੂ ਹੋਇਆ ਜਿਹੜਾ ਉਪਰੋਕਤ ਅਦਾਰਿਆਂ ਤੇ ਸੇਵਾਵਾਂ ਵਿੱਚ ਘੁਸਪੈਠ ਕਰਦਾ ਹੈ ਅਤੇ ਸੁਰੱਖਿਅਤ ਰਹਿਣ ਲਈ ਪਹਿਲਾਂ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ, ਫਿਰ ਰਾਜਨੀਤੀ ਵਿੱਚ ਹੀ ਘੁਸਪੈਠ ਕਰ ਲੈਂਦਾ ਹੈ। ਇਹ ਤਬਕਾ ਸਰਮਾਏਦਾਰਾਂ ਦਾ ਸੀ ਜਿਹੜਾ ਇਕ ਪਾਸੇ ਕਿਰਤੀ ਵਰਗ ਦਾ ਸ਼ੋਸ਼ਣ ਕਰਦਾ ਹੈ, ਦੂਜੇ ਪਾਸੇ ਆਪਣੀ ਸਰਕਾਰ ਦਾ ਚੋਰ ਬਣਦਾ ਹੈ। ਨਤੀਜੇ ਵਜੋਂ ਲੋਕਾਂ ਦੀਆਂ ਉਮੀਦਾਂ ਅਤੇ ਪ੍ਰਾਪਤੀਆਂ ਵਿੱਚ ਵਧ ਰਹੇ ਪਾੜੇ ਨੇ ਅਜਿਹਾ ਲੋਕ ਰੋਹ ਪੈਦਾ ਕਰ ਦਿੱਤਾ ਕਿ ਲੋਕ ਲੁਭਾਉਣੇ ਨਾਅਰਿਆਂ ਦਾ ਸ਼ਿਕਾਰ ਹੋ ਕੇ ਭਾਰਤ ਆਪਣੇ ‘ਅੱਜ’ ਵਿੱਚ ਆ ਦਾਖ਼ਲ ਹੋ ਗਿਆ। ਪਿਛਲੇ ਗਿਆਰਾਂ ਸਾਲ ਦੇ ‘ਅੱਜ’ ਵਿੱਚੋਂ ਜੇਕਰ ਆਉਣ ਵਾਲੇ ‘ਕੱਲ੍ਹ’ ਦਾ ਰੂਪ ਦੇਖਣਾ ਹੈ ਤਾਂ ‘ਅੱਜ’ ਦੇ ਉੱਭਰ ਰਹੇ ਨੈਣ-ਨਕਸ਼ ਸਮਝਣੇ ਜ਼ਰੂਰੀ ਹਨ।

ਮੌਜੂਦਾ ਭਾਰਤ ਦੇ ਨੈਣ-ਨਕਸ਼ ਦੱਸਦੇ ਹਨ ਕਿ ਜੇ ਇਸੇ ਰਾਹ ਤੁਰਦੇ ਰਹੇ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਭਵਿੱਖ ਵਿੱਚ ਭਾਰਤ ਹਿੰਦੂ ਰਾਸ਼ਟਰ ਵਿੱਚ ਤਬਦੀਲ ਹੋ ਜਾਵੇ। ਮੌਜੂਦਾ ਸੰਵਿਧਾਨ ਇਸ ਦੇ ਰਾਹ ਵਿੱਚ ਰੁਕਾਵਟ ਹੈ। ਇਸੇ ਲਈ ਸੰਵਿਧਾਨ ਨੂੰ ਪਹਿਲਾਂ ਅਸਵੀਕਾਰ ਕਰੀ ਰੱਖਿਆ, ਹੁਣ ਬਦਲਣ ਦਾ ਪ੍ਰੋਗਰਾਮ ਹੈ। ਜੋ ਵੀ ਮਹਾਂ ਪੁਰਸ਼ਾਂ ਨੇ ਸੋਚਿਆ ਅਤੇ ਪ੍ਰਚਾਰਿਆ, ਉਸੇ ਦੀ ਸੇਧ ਵਿੱਚ ਰਾਜ ਦੀ ਕਾਰਗੁਜ਼ਾਰੀ ਸੰਵਿਧਾਨ ਵਿੱਚ ਤੈਅ ਕੀਤੀ ਗਈ ਹੈ। ਸਰਕਾਰ ਦੇ ਸਰੂਪ ਵਿੱਚ ਸਮੇਂ ਨਾਲ ਤਬਦੀਲੀਆਂ ਆਈਆਂ ਹਨ ਜਿਨ੍ਹਾਂ ਨੂੰ ਦੂਜੇ ਅਨੇਕ ਮੁਲਕਾਂ ਨੇ ਆਜ਼ਾਦ ਹੋਣ ਕਰ ਕੇ ਪਹਿਲਾਂ ਅਪਣਾ ਲਿਆ। ਭਾਰਤ ਦੇ ਸੰਵਿਧਾਨ ਦਾ ਮੂੰਹ ਮੱਥਾ ਭਾਰਤ ਦੀ ਇਤਿਹਾਸਕਤਾ ਅਤੇ ਸੰਸਾਰ ਦੇ ਦੂਜੇ ਮੁਲਕਾਂ ਦੇ ਸੰਵਿਧਾਨਾਂ ਦੇ ਸਫਲ ਅਮਲ ਨੂੰ ਦੇਖਦਿਆਂ ਬਣਿਆ ਹੈ। ਦੂਜੇ ਪਾਸੇ, ਖਾਸ ਏਜੰਡੇ ਵਾਲੇ ਰਾਸ਼ਟਰ ਦੇ ਪੰਜ ਤੱਤ-ਨਸਲ, ਧਰਮ, ਖੇਤਰ, ਭਾਸ਼ਾ ਤੇ ਸਭਿਆਚਾਰ, ਹੋਣਗੇ। ਇਹ ਆਰਐੱਸਐੱਸ ਦੇ ਦੂਜੇ ਸਰਸੰਘਚਾਲਕ ਮਾਧਵ ਸਦਾਸ਼ਿਵਰਾ ਗੋਲਵਾਲਕਰ ਦਾ ਸੁਫਨਾ ਹੈ ਜੋ ਨਾ ਇਤਿਹਾਸ ਨਾਲ ਮੇਲ ਖਾਂਦਾ ਹੈ ਅਤੇ ਨਾ ਹੀ ਵਿਕਾਸ ਕਰ ਚੁੱਕੇ ਸੰਸਾਰ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹੈ।

ਆਰਐੱਸਐੱਸ ਮੁਲਕ ਨੂੰ ‘ਭਾਰਤ ਮਾਤਾ’ ਕਹਿੰਦਾ ਹੈ ਪਰ ਭਾਰਤ ਮਾਤਾ ਜਦੋਂ ਅੰਗਰੇਜ਼ਾਂ ਦੀ ਗ਼ੁਲਾਮ ਸੀ ਤਾਂ ਆਰਐੱਸਐੱਸ ਨੇ ਇਸ ਦੀ ਗ਼ੁਲਾਮੀ ਤੋੜਨ ਲਈ ਕੁਝ ਨਹੀਂ ਕੀਤਾ ਸਗੋਂ ਗ਼ੁਲਾਮੀ ਲੰਮੀ ਕਰਨ ਲਈ ਅੰਗਰੇਜ਼ਾਂ ਦੀ ਮਦਦ ਕਰਦੇ ਰਹੇ। ਜਿਨ੍ਹਾਂ ਸੁਤੰਤਰਤਾ ਸੰਗਰਾਮੀਆਂ ਨੇ ਫਾਂਸੀਆਂ, ਕਾਲੇ ਪਾਣੀਆਂ ਅਤੇ ਜੇਲ੍ਹਾਂ ਦੇ ਦੁੱਖ ਹੰਢਾਏ, ਉਨ੍ਹਾਂ ਨੂੰ ਹੁਣ ਇਤਿਹਾਸ ਵਿੱਚੋਂ ਹਟਾਇਆ ਜਾਵੇਗਾ।

ਹੁਣ ਮੌਜੂਦਾ ਸੰਵਿਧਾਨ ਨੂੰ ਅਪੰਗ ਕੀਤਾ ਜਾ ਰਿਹਾ ਹੈ। ਸੰਵਿਧਾਨਕ ਸੰਸਥਾਵਾਂ ਨੂੰ ਨਿਰੋਲ ਆਪਣੇ ਹਿੱਤ ਲਈ ਵਰਤਣਾ ਇਸ ਦਿਸ਼ਾ ਵਿੱਚ ਹੀ ਅਗਲਾ ਕਦਮ ਹੈ। ਭਾਜਪਾ ਵੱਲੋਂ ਚੋਣ ਕਮਿਸ਼ਨ ਦੀ ਵਰਤੋਂ ਦੱਸਦੀ ਹੈ ਕਿ ਭਾਜਪਾ ਦੇ ਨਵੇਂ ਸੰਵਿਧਾਨ ਵਿੱਚ ਕੀ ਕੁਝ ਹੋਵੇਗਾ। ਸਰਕਾਰ ਵੱਲੋਂ ਪਬਲਿਕ ਸੈਕਟਰ ਅਤੇ ਮਿਸ਼ਰਤ ਆਰਥਿਕਤਾ ਦੀ ਥਾਂ ਕਾਰਪੋਰੇਟ ਆਰਥਿਕ ਢਾਂਚੇ ਦਾ ਬੋਲਬਾਲਾ ਹੋਵੇਗਾ। ਲੇਬਰ ਕਾਨੂੰਨ ਪਹਿਲਾਂ ਹੀ ਬਦਲ ਲਏ ਹਨ। ਖੇਤੀ ਖੇਤਰ ਵਿੱਚ ਨਿੱਜੀ ਸਰਗਰਮੀ ਦੀ ਥਾਂ ਕਾਰਪੋਰੇਟਾਂ ਰਾਹੀਂ ਕਿਸਾਨਾਂ ਨੂੰ ਕਿਸਾਨਾਂ ਦੇ ਖੇਤਾਂ ਵਿੱਚ ਹੀ ਮਜ਼ਦੂਰ ਬਣਾ ਦੇਣ ਦਾ ਮਨਸੂਬਾ ਹੈ।

ਕਹਿਣ ਨੂੰ ਮੌਜੂਦਾ ਸ਼ਾਸਕ ਪ੍ਰਾਚੀਨ ਭਾਰਤ ਤੋਂ ਪ੍ਰੇਰਨਾ ਲੈਣ ਦਾ ਦਾਅਵਾ ਕਰਦੇ ਹਨ ਪਰ ਇਹ ਸ਼ਾਸਕ ਵਰਗ ਭਾਰਤ ਦੀ ਸਮੂਹਿਕ ਮਾਨਸਿਕਤਾ ਵਿੱਚ ਪਿਛਾਖੜੀ ਸੋਚ ਲਈ ਤਰਕ ਵਿਹੂਣਾ ਮੋਹ ਪੈਦਾ ਕਰਦਾ ਹੈ। ਹਿੰਦੂਆਂ ਦੀਆਂ ਉਪਰਲੀਆਂ ਜਾਤਾਂ ਤੋਂ ਬਿਨਾਂ ਸਭ ਵਿਰੁੱਧ ਨਫ਼ਰਤ ਅਤੇ ਹਿੰਸਾ ਜਿਹੀਆਂ ਬਿਰਤੀਆਂ ਦਾ ਸਿਰਜਣ ਕਰਦਾ ਹੈ। ਇਸਲਾਮ ਅਤੇ ਇਸਾਈ ਕਿਉਂਕਿ ਭਾਰਤ ਤੋਂ ਬਾਹਰਲੇ ਧਰਮ ਹਨ, ਏਜੰਡੇ ਵਾਲੇ ਰਾਸ਼ਟਰ ਵਿੱਚ ਇਨ੍ਹਾਂ ਨੂੰ ਮੰਨਣ ਵਾਲੇ ਦੋਇਮ ਦਰਜੇ ਦੇ ਨਾਗਰਿਕ ਬਣ ਕੇ ਰਹਿਣਗੇ। ਸਿੱਖ, ਜੈਨ ਤੇ ਬੁੱਧ ਧਰਮ ਆਰ ਐੱਸ ਐੱਸ ਅਨੁਸਾਰ ਹਿੰਦੂ ਧਰਮ ਦਾ ਹਿੱਸਾ ਹਨ, ਇਨ੍ਹਾਂ ਨੂੰ ਆਪਣਾ ਸਭਿਆਚਾਰ ਅਤੇ ਰੀਤੀ ਰਿਵਾਜ ਹਿੰਦੂ ਧਰਮ ਅਨੁਸਾਰ ਹੀ ਬਣਾਉਣੇ ਪੈਣਗੇ। ਇਹ ਸਾਰਾ ਕੁਝ ਆਰ ਐੱਸ ਐੱਸ ਦੇ ਬਾਨੀਆਂ ਦੀਆਂ ਲਿਖਤਾਂ ਵਿੱਚ ਦਰਜ ਹੈ।

ਅੱਜ ਦਾ ਸ਼ਾਸਕ ਵਰਗ ਭਾਰਤੀ ਸਭਿਅਤਾ ਨੂੰ ਉਸ ਦੇ ਸਮੁੱਚ ਵਿੱਚ ਸਮਝਣ ਦੀ ਥਾਂ ਆਪਣੇ ਮਨਸੂਬੇ ਦੀ ਪੂਰਤੀ ਲਈ ਇਤਿਹਾਸ ਵਿੱਚੋਂ ਚੋਣਵੇਂ ਪ੍ਰਸੰਗ ਚੁੱਕਦਾ ਹੈ। ਜੇ ਭਾਰਤੀ ਇਤਿਹਾਸ ਨੂੰ ਇਸ ਦੇ ਸਮੁੱਚ ਵਿੱਚ ਪੜ੍ਹਿਆ ਜਾਵੇ ਤਾਂ ਪ੍ਰਾਚੀਨ ਭਾਰਤੀ ਹੁਕਮਰਾਨਾਂ ਵਿੱਚ ਉਹ ਸਭ ਕੁਝ ਦਿਸੇਗਾ ਜਿਸ ਤੋਂ ਉਨ੍ਹਾਂ ਨੂੰ ਪਾਕ ਸਾਫ ਪ੍ਰਚਾਰਿਆ ਜਾਂਦਾ ਹੈ। ਯੂਨਾਨੀ ਹਮਲਾਵਰਾਂ, ਗਜ਼ਨੀ ਦੇ ਸੁਲਤਾਨਾਂ ਅਤੇ ਮੁਗਲਾਂ ਨੂੰ ਭਾਰਤ ਉੱਤੇ ਹਮਲੇ ਕਰਨ ਲਈ ਭਾਰਤੀ ਰਾਜਿਆਂ ਨੇ ਹੀ ਸੱਦੇ ਦਿੱਤੇ ਸਨ। ਅੰਗਰੇਜ਼ਾਂ ਦਾ ਰਾਜ ਸਥਾਪਤ ਕਰਨ ਵਾਲਿਆਂ ਵਿੱਚ ਭਾਰਤੀ ਹੀ ਸਨ। ਮੁੱਕਦੀ ਗੱਲ, ਹਰ ਮੁਲਕ ਵਾਂਗ

**(ਬਾਕੀ ਅਗਲੇ ਸਫੇ ‘ਤੇ)**

# ਲੈਂਡ ਪੂਲਿੰਗ ਨੀਤੀ- ਪੰਜਾਬ ਸਰਕਾਰ ਦੇ ਕਦਮ ਦੀ ਆਲੋਚਨਾ ਹੋਣ ਦੇ ਕਾਰਨ

ਪ੍ਰੋ. ਮੇਹਰ ਮਾਣਕ

ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਲਿਆਂਦੀ ਹੈ ਜਿਸ ਦਾ ਮਕਸਦ ਪੰਜਾਬ ਦੇ ਵਿਕਾਸ ਵਿੱਚ ਭੂਮੀ ਮਾਲਕਾਂ, ਪ੍ਰਮੋਟਰਾਂ ਤੇ ਕੰਪਨੀਆਂ ਨੂੰ ਭਾਈਵਾਲ ਵਜੋਂ ਸ਼ਾਮਲ ਕਰਨਾ ਅਤੇ ਭੂਮੀ ਮਾਲਕਾਂ ਦੀ ਇਸ ਨੀਤੀ ਵਿੱਚ ਦਿਲਚਸਪੀ ਵਧਾਉਣਾ ਦੱਸਿਆ ਗਿਆ ਹੈ। ਇਸ ਤਹਿਤ ਸਰਕਾਰ ਸੂਬੇ ਦੇ 27 ਸ਼ਹਿਰਾਂ ਦੇ ਆਲੇ-ਦੁਆਲੇ ਅਰਬਨ ਅਸਟੇਟ ਵਿਕਸਤ ਕਰਨ ਲਈ 65533 ਏਕੜ ਜ਼ਮੀਨ ਦੀ ਕਾਗਜ਼ੀ ਨਿਸ਼ਾਨਦੇਹੀ ਕੀਤੀ ਹੈ ਅਤੇ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਸਰਕਾਰ ਨੇ 6 ਸਨਅਤੀ ਜ਼ੋਨ ਬਣਾਉਣ ਵਾਸਤੇ ਲੁਧਿਆਣਾ ਜ਼ਿਲ੍ਹੇ ਦੇ 32 ਪਿੰਡਾਂ ਦੀ 24511 ਏਕੜ ਜ਼ਮੀਨ ਐਕੁਆਇਰ ਕਰਨੀ ਹੈ। ਸਰਕਾਰ ਮੁਤਾਬਿਕ ਰੀਅਲ ਅਸਟੇਟ ਵਾਲੇ ਲੋਕਾਂ ਦੀ ਲੁੱਟ ਕਰਦੇ ਹਨ ਅਤੇ ਕਲੋਨੀਆਂ ਬਣਾ ਕੇ ਮਹਿੰਗੇ ਘਰ ਵੇਚਦੇ ਹਨ। ਇਹ ਕਲੋਨੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝੀਆਂ ਰਹਿ ਜਾਂਦੀਆਂ ਹਨ। ਇਸ ਕਰ ਕੇ ਸਰਕਾਰ ਆਪ ਜ਼ਮੀਨ ਐਕੁਆਇਰ ਕਰ ਕੇ ਆਪਣੀ ਦੇਖ-ਰੇਖ ਵਿੱਚ ਕਲੋਨੀਆਂ ਵਿਕਸਿਤ ਕਰੇਗੀ। ਸਵਾਲ ਹੈ: ਕਲੋਨਾਈਜ਼ਰਾਂ ਨੂੰ ਖੁੱਲ੍ਹ ਕਿਸ ਨੇ ਅਤੇ ਕਿਉਂ ਦਿੱਤੀ? ਕੀ ਸਰਕਾਰ ਇਨ੍ਹਾਂ ਖਿਲਾਫ ਕਾਰਵਾਈ ਕਰ ਕੇ ਕਲੋਨੀਆਂ ਦੀ ਵਿਗੜੀ ਹਾਲਤ ਸੁਧਾਰ ਨਹੀਂ ਸਕਦੀ? ਦੂਜਾ, ਪੰਜਾਬ ਦੇ ਬਾਸ਼ਿੰਦਿਆਂ ਕੋਲ ਰਿਹਾਇਸ਼ ਦੀ ਕੋਈ ਸਮੱਸਿਆ ਨਹੀਂ। ਜੇ ਕਲੋਨੀਆਂ ਦਾ ਪਸਾਰਾ ਅਤੇ ਖਿਲਾਰਾ ਬਹੁਤ ਦੇਰ ਤੋਂ ਲਗਾਤਾਰ ਰਿਹਾ ਹੈ ਤਾਂ ਦੇਖਣ ਦੀ ਜ਼ਰੂਰਤ ਹੈ ਕਿ ਇਹ ਕਿਉਂ ਅਤੇ ਕਿਨ੍ਹਾਂ ਲੋਕਾਂ ਲਈ ਹੋ ਰਿਹਾ ਹੈ। ਇਸ ਦੇ ਆਰਥਿਕ ਅਤੇ ਸਮਾਜਿਕ ਪਹਿਲੂ ਕੀ ਹਨ? ਜੇ 43533 ਏਕੜ ਜ਼ਮੀਨ ਐਕੁਆਇਰ ਕੀਤੀ ਜਾਂਦੀ ਹੈ ਤਾਂ ਇਸ ਨਾਲ ਜਿੱਥੇ ਤਕਰੀਬਨ 14000 ਪਰਿਵਾਰਾਂ ਦਾ ਉਜਾੜਾ ਹੋਵੇਗਾ, ਨਾਲ ਹੀ ਸੂਬੇ ਅੰਦਰ ਝੋਨੇ ਦੀ ਡੇਢ ਲੱਖ ਟਨ ਪੈਦਾਵਾਰ ਵੀ ਘਟੇਗੀ ਅਤੇ ਕਾਮਾ ਵਰਗ ਲਈ ਕੰਮ ਦੇ ਮੌਕੇ ਵੀ ਮਨਫੀ ਹੋਣਗੇ।

ਸਰਕਾਰ ਅਨੁਸਾਰ, ਇਹ 27 ਸ਼ਹਿਰਾਂ ਵਿੱਚ ਇਹ ਨੀਤੀ ਲਾਗੂ ਕਰੇਗੀ। ਕੀ ਪਹਿਲਾਂ ਹੀ ਸੂਬੇ ਅੰਦਰ ਸ਼ਹਿਰਾਂ ਦੀ ਘਾਟ ਹੈ? ਜੇ ਅਸੀਂ ਪਹਿਲਾਂ ਹੀ ਵਸਦੇ ਸ਼ਹਿਰਾਂ ਨੂੰ ਸਾਫ-ਸੁਥਰਾ ਅਤੇ ਬੁਨਿਆਦੀ ਸਹੂਲਤਾਂ ਨੂੰ ਪੂਰਾ ਨਹੀਂ ਕਰ ਸਕੇ ਤਾਂ ਸ਼ਹਿਰਾਂ ਦੇ ਹੋਰ ਪਸਾਰੇ ਨਾਲ ਕਿਸ ਤਰ੍ਹਾਂ ਦਾ ਵਿਕਾਸ ਹੋਵੇਗਾ?

ਇਸ ਨੀਤੀ ਵਿੱਚ ਕਿਹਾ ਗਿਆ ਹੈ ਕਿ ਇੱਕ ਕਿੱਲਾ ਜ਼ਮੀਨ ਦੇਣ ਬਦਲੇ 1000 ਗਜ਼ ਦਾ ਰਿਹਾਇਸ਼ੀ ਪਲਾਟ ਅਤੇ 200 ਗਜ਼ ਦਾ ਵਪਾਰਕ ਪਲਾਟ ਦਿੱਤਾ ਜਾਵੇਗਾ। ਮੀਡੀਆ ਵਿੱਚ ਆਈ ਜਾਣਕਾਰੀ ਮੁਤਾਬਿਕ, ਵਿਕਸਿਤ ਹੋਣ ਪਿੱਛੋਂ ਇੱਕ ਕਿੱਲੇ ਦੀ ਕੀਮਤ ਮਾਰਕੀਟ ਰੇਟ ਤੋਂ ਵਧ ਕੇ ਚਾਰ ਕਰੋੜ ਵੀਹ ਲੱਖ ਰੁਪਏ ਹੋ ਜਾਵੇਗੀ। ਨੀਤੀ ਵਿੱਚ ਕਿਹਾ ਗਿਆ ਹੈ ਕਿ 50 ਏਕੜ ਦੇ ਏਰੀਏ ਦੇ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਲਈ ਸਬੰਧਿਤ ਕਿਸਾਨ ਨੂੰ 60:40 ਦੇ ਅਨੁਪਾਤ ਅਨੁਸਾਰ ਇੱਕ ਕਿੱਲੇ ਪਿੱਛੇ ਇੱਕ ਕਰੋੜ ਰੁਪਏ ਦਾ ਵਿਕਾਸ ਖਰਚਾ ਵੀ ਦੇਣਾ ਪਵੇਗਾ। ਜੇ ਤਜਰਬਿਆਂ ਨੂੰ ਆਧਾਰ ਬਣਾਈਏ ਤਾਂ ਏਰੀਏ ਨੂੰ ਵਿਕਸਤ ਕਰਨ ਲਈ ਪਤਾ ਨਹੀਂ ਕਿੰਨਾ ਕੁ ਵਕਤ ਲੱਗੇਗਾ। ਸ਼ਹਿਰ ਨੇੜਲੀਆਂ ਜ਼ਮੀਨਾਂ ਦੇ ਰੇਟ ਦੀ ਗੱਲ ਕਰੀਏ ਤਾਂ ਇਹ ਕਿਤੇ ਦੇ ਕਿਤੇ ਜਾ ਚੁੱਕੇ ਹਨ।

**ਹੁਣ ਸਵਾਲ ਹੈ:** ਕੀ ਜ਼ਮੀਨਾਂ ਐਕੁਆਇਰ ਕਰਨ ਨਾਲ ਪੇਂਡੂ ਅਰਥਚਾਰੇ ਦਾ ਮੂੰਹ-ਮੁਹਾਂਦਰਾ ਸੁਧਰੇਗਾ? ਜੇ ਨਹੀਂ ਤਾਂ ਸਰਕਾਰ ਦੀ ਕੀ ਮਜਬੂਰੀ ਹੈ ਕਿ ਉਹ ਖੇਤੀ ਅਰਥਚਾਰੇ ਨੂੰ ਉੱਨਤ ਕਰਨ ਦੀ ਥਾਂ ਅਜਿਹੀਆਂ ਨੀਤੀਆਂ ਲੈ ਕੇ ਆਵੇ? ਇਸ ਦਾ ਇੱਕ ਅਹਿਮ ਪਹਿਲੂ ਇਹ ਵੀ ਹੈ ਕਿ ਛੋਟਾ ਕਿਸਾਨ ਜੋ ਅੱਜ ਇੱਕ ਕਿੱਲੇ, ਭਾਵ 4840 ਗਜ਼ ਦਾ ਮਾਲਕ ਹੈ, ਸਿਰਫ 1200 ਗਜ਼ ਦਾ ਮਾਲਕ ਬਣ ਕੇ ਰਹਿ ਜਾਵੇਗਾ। ਸਰਕਾਰ ਇਹ ਵੀ ਕਹਿ ਰਹੀ ਹੈ ਕਿ ਕਿਸਾਨ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਐਕੁਆਇਰ ਨਹੀਂ ਕੀਤੀ ਜਾਵੇਗੀ ਪਰ ਅਸਾਵੇਂ ਸਮਾਜਾਂ ਵਿੱਚ ਸਹਿਮਤੀ ਦੇ ਮੌਕੇ ਬਣਾਉਣ ਲਈ ਅਨੇਕ ਦਿੱਖ-ਅਦਿੱਖ ਦਬਾਵਾਂ ਰਾਹੀਂ ਹਾਲਾਤ ਪੈਦਾ ਹੋਣੇ ਸੁਭਾਵਿਕ ਹਨ। ਸਵਾਲ ਇਹ ਵੀ ਹੈ ਕਿ ਨੋਟੀਫਿਕੇਸ਼ਨ ਤੋਂ ਬਾਅਦ ਕੀ ਕਿਸਾਨ ਆਪਣੀ ਜ਼ਮੀਨ ਨੂੰ ਆਪਣੀ ਮਰਜ਼ੀ ਮੁਤਾਬਿਕ ਕਿਸੇ ਹੋਰ ਕੋਲ ਵੇਚ ਜਾਂ ਗਹਿਣੇ ਧਰ ਸਕਦਾ ਹੈ? ਜੇ ਨਹੀਂ ਤਾਂ ਫਿਰ ਸਹਿਮਤੀ ਅਸਹਿਮਤੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।



ਇਸ ਨੀਤੀ ਤਹਿਤ ਜਿਸ ਕਿਸਾਨ ਦੀ ਇੱਕ ਏਕੜ ਜ਼ਮੀਨ ਲੈਂਡ ਪੂਲਿੰਗ ਵਿੱਚ ਆਈ, ਉਸ ਨੂੰ ਤੀਜੇ ਹਿੱਸੇ ਤੋਂ ਘੱਟ, ਕਿਸੇ ਹੋਰ ਥਾਂ ਵਿਕਸਤ ਜ਼ਮੀਨ ਮੁਆਵਜ਼ੇ ਦੇ ਰੂਪ ਵਿੱਚ ਮਿਲੇਗੀ ਪਰ ਜਿਸ ਕਿਸਾਨ ਦੀ ਜ਼ਮੀਨ ਨੌਂ ਏਕੜ ਐਕੁਆਇਰ ਹੋਵੇਗੀ, ਉਸ ਨੂੰ ਤੀਜਾ ਹਿੱਸਾ ਮਿਲੇਗਾ। ਵੱਡੇ ਕਿਸਾਨਾਂ ਦਾ ਸਮੂਹ ਜੋ ਪੰਜਾਹ ਏਕੜ ਜ਼ਮੀਨ ਦੇਵੇਗਾ, ਉਸ ਨੂੰ ਅੱਧ ਤੋਂ ਵੱਧ ਜ਼ਮੀਨ ਮਿਲੇਗੀ। ਇਉਂ ਇਹ ਨੀਤੀ ਵੱਡੇ ਅਤੇ ਛੋਟਿਆਂ ਵਿੱਚ ਫ਼ਰਕ ਕਰਦੀ ਹੈ ਜਦਕਿ ਸੂਬੇ ਅੰਦਰ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਜਿਨ੍ਹਾਂ ਦੀ ਹੋਂਦ ਅਤੇ ਰੋਜ਼ੀ-ਰੋਟੀ ਖੇਤੀ ਅਰਥਚਾਰੇ ਨਾਲ ਜੁੜੀ ਹੋਈ ਹੈ। ਨੀਤੀ ਤਹਿਤ ਉਨ੍ਹਾਂ ਬਹੁਗਿਣਤੀ ਕਿਸਾਨਾਂ ਦਾ ਉਜਾੜਾ ਤੈਅ ਹੈ ਜਿਨ੍ਹਾਂ ਕੋਲ ਕੋਈ ਬਦਲਵਾਂ ਆਮਦਨ ਸਾਧਨ ਨਹੀਂ। ਨੀਤੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਾਜੈਕਟ ਪੂਰਾ ਹੋਣ ’ਤੇ ਹਰ ਕਿਸਾਨ ਨੂੰ 30,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਸਾਲਾਂ ਲਈ ਸਾਲਾਨਾ ਗੁਜ਼ਾਰਾ ਭੱਤਾ ਮਿਲੇਗਾ ਹਾਲਾਂਕਿ ਅੱਜ ਕੱਲ੍ਹ ਜ਼ਮੀਨ ਦਾ ਠੇਕਾ ਲੱਖ-ਲੱਖ ਰੁਪਏ ਸਾਲਾਨਾ ਨੂੰ ਜਾ ਢੁੱਕਿਆ ਹੈ। ਉਂਝ ਵੀ, ਤਜਰਬਾ ਦੱਸਦਾ ਹੈ ਕਿ ਬਹੁਗਿਣਤੀ ਪ੍ਰਾਜੈਕਟ ਕਦੀ ਸਮੇਂ ਸਿਰ ਨੇਪਰੇ ਨਹੀਂ ਚੜ੍ਹਦੇ। ਜੇ ਅਜਿਹੇ ਪ੍ਰਾਜੈਕਟ ਸਿਰੇ ਚੜ੍ਹ ਵੀ ਜਾਂਦੇ ਹਨ ਤਾਂ ਇਸ ਨੇ ਪਿੰਡ ਦੀ ਖੂਬਸੂਰਤ ਇਕਾਈ ਦਾ ਜਿੱਥੇ ਮਲੀਆਮੇਟ ਕਰਨਾ ਹੈ, ਉੱਥੇ ਇਸ ਨੇ ਨਵੀਆਂ ਸਮਾਜਿਕ ਪਰਤਾਂ ਅਤੇ ਸਫਬੰਦੀਆਂ ਨੂੰ ਜਨਮ ਦੇਣਾ ਹੈ। ਪਿੰਡਾਂ ਵਿੱਚ ਬਹੁਗਿਣਤੀ ਛੋਟੇ ਅਤੇ ਗਰੀਬ ਕਿਸਾਨਾਂ ਦੀ ਹੈ, ਇਸ ਕਰ ਕੇ ਪੇਂਡੂ ਵਸੋਂ ਦੇ ਵੱਡੇ ਸਮਾਜਿਕ ਹਿੱਸੇ ਨੇ ਆਰਥਿਕ ਤੰਗੀ, ਸਮਾਜਿਕ, ਸਭਿਆਚਾਰਕ ਅਤੇ ਮਾਨਸਿਕ ਉਲਝਣ ਭਰੇ ਸੰਕਟਾਂ ਦਾ ਸ਼ਿਕਾਰ ਹੋਣਾ ਹੈ। ਵੱਡੀਆਂ ਕੌਮੀ ਸੜਕਾਂ ਰਾਹੀਂ ਜੁੜ ਕੇ ਇਹ ਮਾਡਲ ਵੱਡੇ ਘਰਾਣਿਆਂ ਦੇ ਹਿੱਤ ਪੂਰਦਾ ਹੋਇਆ ਜਿੱਥੇ ਕਿਸਾਨੀ ਦੀ ਬਹੁ ਵਸੋਂ ਨੂੰ ਉਜਾੜੇਗਾ, ਉੱਥੇ ਆਮ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ, ਕਾਰੀਗਰਾਂ ਅਤੇ ਰੋਜ਼ੀ-ਰੋਟੀ ਦੇ ਆਹਰ ਲੱਗੇ ਹੋਰ ਲੋਕਾਂ ਨੂੰ ਵਿਹਲਾ ਕਰ ਦੇਵੇਗਾ। ਇਸ ਵਿਚ ਅਨਪੜ੍ਹ, ਬੇਜ਼ਮੀਨੇ ਅਤੇ ਗੈਰ-ਕਾਰੀਗਰ ਕਾਮਿਆਂ ਲਈ ਕੋਈ ਥਾਂ ਨਹੀਂ।

ਇਹ ਨੀਤੀ ਲੋਕਾਂ ਦੇ ਮੁੜ ਵਸੇਵੇ ਅਤੇ ਮੁਆਵਜ਼ੇ ਦੇ ਮਸਲੇ ਬਾਰੇ ਚੁੱਪ ਹੈ। ਜੇ ਕਿਸਾਨਾਂ ਨੂੰ ਤੁਰੰਤ, ਨਗਦੀ, ਖੁੱਲ੍ਹੇ ਪੈਸੇ ਦੇ ਵੀ ਦਿੱਤੇ ਜਾਣ ਤਾਂ ਉਹ ਕੁਝ ਅਰਸੇ ਬਾਅਦ ਅਣਕਿਆਸੀ ਕੰਗਾਲੀ ਦਾ ਸ਼ਿਕਾਰ ਹੋ ਜਾਣਗੇ। ਇਹ ਹਕੀਕਤ ਹੈ ਕਿ ਕਿਸਾਨ ਬਹੁਤ ਸਿੱਧਾ ਸਾਦਾ ਹੈ, ਇਸ ਕਰ ਕੇ ਕਿਸਾਨੀ ਦੀ ਬਹੁ ਵਸੋਂ ਨੂੰ ਤਾਂ ਲੰਮੇ ਨਫੇ ਲਈ ਪੈਸੇ ਵੀ ਖਰਚਣੇ ਨਹੀਂ ਆਉਂਦੇ। ਨਾਲੇ ਨਵੇਂ ਬਦਲਵੇਂ ਹਾਲਾਤ ਵਿੱਚ ਉਹ ਤਾਂ ਕੀ, ਚੰਗੇ-ਚੰਗੇ ਵਪਾਰੀ ਵੀ ਅਸਾਵੇਂ ਮੁਕਾਬਲੇ ਦੇ ਇਸ ਦੌਰ ਵਿੱਚ ਦਿ ਕੱਦ ਮੰਡੀ ਤਾਕਤਾਂ ਸਾਹਮਣੇ ਟਿਕ ਨਹੀਂ ਸਕਣਗੇ। ਇਸ ਤੋਂ ਵੀ ਅਗਾਂਹ ਦਾ ਮਸਲਾ ਇਹ ਹੈ ਕਿ ਜੇ ਇੱਦਾਂ ਹੀ ਸਨਅਤੀ ਜ਼ੋਨ ਵਿਕਸਿਤ ਕਰਨ ਲਈ ਉਪਜਾਊ ਜ਼ਮੀਨਾਂ ਐਕੁਆਇਰ ਕਰਦੇ ਜਾ ਗੇ ਤਾਂ ਅੰਨ-ਦਾਣਾ ਅਤੇ ਸਬਜ਼ੀਆਂ ਖਾਣ ਲਈ ਫ਼ਸਲਾਂ ਕਿੱਥੇ ਬੀਜਾਂਗੇ? ਪੰਜਾਬ ਅੰਦਰ ਖੇਤੀ ਅਧੀਨ ਰਕਬਾ ਪਹਿਲਾਂ ਹੀ ਤੇਜ਼ੀ ਨਾਲ ਘਟ ਰਿਹਾ ਹੈ।

ਲੰਘੇ ਦਹਾਕੇ ਦੌਰਾਨ ਸੂਬੇ ਵਿੱਚ 4 ਲੱਖ ਏਕੜ ਦੇ ਕਰੀਬ ਖੇਤੀ ਯੋਗ ਰਕਬਾ ਉਸਰ ਰਹੀਆਂ ਕਲੋਨੀਆਂ ਅਤੇ ਸੜਕਾਂ ਦੇ ਜਾਲ ਨੇ ਖਪਾ ਲਿਆ ਹੈ। ਸਰਕਾਰ ਨੇ ਹੁਣ ਲੁਧਿਆਣੇ ਨੇੜਲੇ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਅਰਬਨ ਅਸਟੇਟ ਅਧੀਨ ਲਿਆਉਣ ਦੀ ਯੋਜਨਾ ਬਣਾਈ ਹੈ। ਭਾਰਤ ਸਰਕਾਰ 60 ਹਜ਼ਾਰ ਏਕੜ ਜ਼ਮੀਨ ਹਾਈਵੇਅ ਬਣਾਉਣ ਲਈ ਐਕੁਆਇਰ ਕਰ ਚੁੱਕੀ ਹੈ। ਰੇਲਵੇ ਵੀ ਮਾਲ ਗੱਡੀਆਂ ਲਈ ਨਵੀਆਂ ਰੇਲ ਪਟੜੀਆਂ ਵਿਛਾਉਣ ਲਈ ਜ਼ਮੀਨ ਐਕੁਆਇਰ ਕਰ ਸਕਦਾ ਹੈ। ਖੇਤੀ ਯੋਗ ਜ਼ਮੀਨ ਉੱਤੇ ਅਰਬਨ ਅਸਟੇਟ ਅਤੇ ਪ੍ਰਾਈਵੇਟ ਕਲੋਨੀਆਂ ਦਾ ਵਾਧਾ ਬਾਦਸਤੂਰ ਜਾਰੀ ਹੈ। ਪੰਜਾਬ ਦੀ ਬਹੁ ਵਸੋਂ ਦਾ ਵਸੇਵਾ, ਸਮਾਜਿਕ ਹੋਂਦ, ਰੁਤਬਾ, ਮਾਣ ਤੇ ਸਨਮਾਨ ਖੇਤੀ ਨਾਲ ਨੇੜਿਉਂ ਜੁੜੇ ਹੋਏ ਹਨ। ਜ਼ਮੀਨ ਖਿਸਕਣਾ ਉਨ੍ਹਾਂ ਲਈ ਪੈਰਾਂ ਹੇਠੋਂ ਜ਼ਮੀਨ ਖਿਸਕਣ ਬਰਾਬਰ ਹੈ।

ਮਨਿਸਟਰੀ ਆਫ ਸਟੈਟਿਕਸ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ ਦੀ ਤਾਜ਼ਾ ਰਿਪੋਰਟ ਮੁਤਾਬਿਕ, 2011-12 ਤੋਂ 2023-24 ਦੌਰਾਨ ਪੰਜਾਬ ਦੇ ਅਨਾਜ ਉਤਪਾਦਨ ਦਾ ਕੌਮੀ ਹਿੱਸਾ 11.93% ਤੋਂ ਘਟ ਕੇ 11.01% ਰਹਿ ਗਿਆ ਹੈ। ਇਸੇ ਸਮੇਂ ਦੌਰਾਨ ਮੱਧ ਪ੍ਰਦੇਸ਼ ਨੇ 47,000 ਕਰੋੜ ਅਤੇ ਉੱਤਰ ਪ੍ਰਦੇਸ਼ ਨੇ 74,000 ਕਰੋੜ ਦੇ ਅਨਾਜ ਪੈਦਾ ਕਰ ਕੇ ਪੰਜਾਬ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਦਾ ਕਾਰਨ ਹੈ ਕਿ ਪੰਜਾਬ ਪਹਿਲਾਂ ਹੀ ਕਣਕ ਝੋਨੇ ਦੇ ਚੱਕਰ ਵਿੱਚ ਉਲਝਿਆ ਹੈ। ਬਹੁਤ ਸਾਰੇ ਕਾਰਨਾਂ ਕਰ ਕੇ ਪੰਜਾਬ ਬਾਕੀਆਂ ਸੂਬਿਆਂ ਨਾਲੋਂ ਮੁਕਾਬਲਤਨ ਪਿੱਛੇ ਰਹਿ ਗਿਆ ਹੈ। ਇਨ੍ਹਾਂ ਕਾਰਨਾਂ ਵਿੱਚ ਝੋਨੇ ਕਣਕ ਦੇ ਫ਼ਸਲੀ ਚੱਕਰ ਦੀ ਲਗਾਤਾਰਤਾ, ਭੂਗੋਲਿਕ ਵਿਸ਼ਾਲ ਖੇਤਰ ਦਾ ਪਹਿਲਾਂ ਹੀ ਕਾਸ਼ਤ ਅਧੀਨ ਆ ਜਾਣਾ, ਫ਼ਸਲੀ ਘਣਤਾ ਦੇ ਅੰਨ੍ਹੇ ਵਾਧੇ ਦੇ ਨਾਲੋ-ਨਾਲ ਧਰਤੀ ਦੀ ਉਪਜਾਊ ਸ਼ਕਤੀ ਘਟਣਾ, ਕੁਦਰਤੀ ਤੇ ਆਰਥਿਕ ਵਸੀਲਿਆਂ ਦਾ ਘਟਣਾ ਆਦਿ ਸ਼ਾਮਿਲ ਹਨ।

ਖੇਤੀਬਾੜੀ ਸੂਬਾ ਹੋਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਖੇਤੀ ਬਾਰੇ ਕੋਈ ਨੀਤੀ ਨਹੀਂ ਬਣਾਈ। ਮੌਜੂਦਾ ਸਰਕਾਰ ਨੇ ਪ੍ਰੋ. ਸੁਖਪਾਲ ਸਿੰਘ ਦੀ ਅਗਵਾਈ ਵਿੱਚ ਖੇਤੀ ਨੀਤੀ ਲਈ ਕਮੇਟੀ ਬਣਾਈ। ਕਮੇਟੀ ਨੇ ਵੱਖ-ਵੱਖ ਖੇਤਰਾਂ ਦੇ ਹਾਲਾਤ ਸਮਝ ਕੇ ਵੰਨ-ਸਵੰਨੀਆਂ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਖੋਜ, ਪਸਾਰ, ਮਿਆਰੀ ਪੈਦਾਵਾਰ, ਮੁੱਲ ਵਾਧਾ ਅਤੇ ਮੰਡੀਕਰਨ ਵੱਲ ਧਿਆਨ ਦੇਣ ਦੀ ਸਿਫਾਰਸ਼ ਕੀਤੀ। ਕਮੇਟੀ ਨੇ ਜਨਤਕ ਖੇਤਰ ਦੀਆਂ ਸੰਸਥਾਵਾਂ ਦੀ ਅਗਵਾਈ, ਸਬੰਧਿਤ ਵਿਸ਼ਾ ਮਾਹਿਰਾਂ ਨੂੰ ਦੇਣ ਦੇ ਨਾਲ-ਨਾਲ ਕਿਸਾਨਾਂ ਨੂੰ ਰਾਹਤ ਦੇਣ ਲਈ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਹੋਰ ਸਹਿਕਾਰੀ ਬੈਂਕਾਂ ਰਾਹੀਂ ਯਕਮੁਸ਼ਤ ਨਿਬੇੜਾ ਕਰਨ ਦੀ ਸਕੀਮ ਸ਼ੁਰੂ ਕਰਨ ਲਈ ਕਿਹਾ। ਖੇਤ ਮਜ਼ਦੂਰਾਂ ਦੀ ਰਜਿਸਟਰੇਸ਼ਨ ਲਾਜ਼ਮੀ ਕਰਨ ਅਤੇ ਮਗਨਰੇਗਾ ਸਕੀਮ ਅਧੀਨ ਰੁਜ਼ਗਾਰ ਵਧਾਉਣ ਦੀ ਤਜਵੀਜ਼ ਦਿੱਤੀ। ਕਮੇਟੀ ਨੇ ਖੇਤੀ ਨੀਤੀ ਵਿੱਚ ਪੇਂਡੂ ਖੇਤਰ ਨੂੰ ਬਚਾਉਣ ਲਈ ਹੋਰ ਵੀ ਬਹੁਤ ਸਾਰੇ ਸੁਝਾਅ ਦਿੱਤੇ। ਸੰਯੁਕਤ ਕਿਸਾਨ ਮੋਰਚੇ ਨੇ ਸਰਕਾਰ ਨਾਲ 3 ਮਾਰਚ 2025 ਵਾਲੀ ਮੀਟਿੰਗ ਤੋਂ ਇਲਾਵਾ 8 ਜੁਲਾਈ 2025 ਨੂੰ ਚੰਡੀਗੜ੍ਹ ਵਿੱਚ ਕਤੀ ਆਪਣੀ ਮੀਟਿੰਗ ਵਿੱਚ ਇਹ ਨੀਤੀ ਲਾਗੂ ਕਰਨ ਦੀ ਮੰਗ ਦੁਹਰਾਈ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਆਮ ਸਹਿਮਤੀ ਵਾਲੀ ਇਹ ਖੇਤੀ ਨੀਤੀ ਲਾਗੂ ਕਰਨ ਦੀ ਥਾਂ ਨਵੀਂ ਲੈਂਡ ਪੂਲਿੰਗ ਨੀਤੀ ਲੈ ਆਈ। ਅੱਜ ਪੰਜਾਬ ਦਾ ਸਮੁੱਚਾ ਅਰਥਚਾਰਾ ਅਤੇ ਸਰਕਾਰ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੇ ਹਨ। ਇਸ ਕਰ ਕੇ ਪੰਜਾਬ ਸਰਕਾਰ ਨੂੰ ਹਾਲਾਤ ਦੇ ਮੱਦੇਨਜ਼ਰ ਲੈਂਡ ਪੂਲਿੰਗ ਨੀਤੀ ਦੀ ਥਾਂ ਤਰਜੀਹੀ ਤੌਰ ’ਤੇ ਪੇਂਡੂ ਵਿਕਾਸ ਕੇਂਦਰਿਤ ਨਵੀਂ ਖੇਤੀ ਨੀਤੀ ਤੁਰੰਤ ਲਾਗੂ ਕਰਨੀ ਚਾਹੀਦੀ ਹੈ।

# ਅੱਜ ਦੇ ਭਾਰਤ ਦਾ ਭਵਿੱਖ

**(ਸਫਾ 14 ਦੀ ਬਾਕੀ)**

ਭਾਰਤ ਦੇ ਇਤਿਹਾਸ ਵਿੱਚ ਵੀ ਚੰਗਾ ਮਾੜਾ ਸਭ ਕੁਝ ਹੈ। ਇਤਿਹਾਸ ਨੂੰ ਸਮੁੱਚ ਵਿੱਚ ਪੜ੍ਹਨ ਨਾਲ ਹੀ ਸ਼ਖ਼ਸੀਅਤ ਦਾ ਸਾਵਾਂ ਅਤੇ ਬੁੱਧ ਪੂਰਨ ਵਿਕਾਸ ਹੋ ਸਕਦਾ ਹੈ ਪਰ ਇਹ ਸਭ ਕੁਝ ਅੱਜ ਦੇ ਸ਼ਾਸਕਾਂ ਨੂੰ ਪ੍ਰਵਾਨ ਨਹੀਂ।

‘ਕੱਲ੍ਹ’ ਦੇ ਭਾਰਤ ਲਈ ਉੱਭਰ ਰਹੇ ਨੈਣ-ਨਕਸ਼ ਦੱਸਦੇ ਹਨ ਕਿ ਉਸ ‘ਕੱਲ੍ਹ’ ਨੂੰ ਬੋਲਣ ਤੇ ਸੋਚਣ ਦੀ ਸੁਤੰਤਰਤਾ ਨਹੀਂ ਹੋਵੇਗੀ। ਜਿਸ ਢੰਗ ਨਾਲ ਬੁੱਧੀਜੀਵੀਆਂ, ਵਿਚਾਰਕਾਂ, ਕਲਾਕਾਰਾਂ, ਸਿਆਸੀ ਆਗੂਆਂ ਅਤੇ ਕਾਰਕੁਨਾਂ ਨੂੰ ਉਨ੍ਹਾਂ ਦੇ ਸੁਤੰਤਰ ਵਿਚਾਰਾਂ ਕਰ ਕੇ ਫੜ-ਫੜ ਜੇਲ੍ਹੀਂ ਸੁੱਟਿਆ ਜਾ ਰਿਹਾ ਹੈ, ਉਸ ਤੋਂ ਆਉਣ ਵਾਲੇ ਕੱਲ੍ਹ ਦਾ ਚਿਹਰਾ ਮੋਹਰਾ ਕਿਆਸਿਆ ਜਾ ਸਕਦਾ ਹੈ। ਉਦੋਂ ਤੱਕ ਤਾਂ ਕਾਨੂੰਨ ਬਦਲ ਕੇ ਮੌਜੂਦਾ ਨਿਆਂ ਪਾਲਿਕਾ ਦੇ ਬੂਹੇ ਉੱਕਾ ਹੀ ਬੰਦ ਮਿਲਿਆ ਕਰਨਗੇ।

ਵਿਰੋਧ ਤੋਂ ਬਚਾਉ ਲਈ ਯੂਨੀਵਰਸਿਟੀਆਂ, ਕਾਲਜਾਂ ਅਤੇ ਹਰ ਤਰ੍ਹਾਂ ਦੀਆਂ ਵਿਦਿਅਕ ਤੇ ਖੋਜ ਸੰਸਥਾਵਾਂ ਵਿੱਚ ਕੱਟੜ ਕਾਰਕੁਨ ਭਰਤੀ ਕੀਤੇ ਜਾ ਚੁੱਕੇ ਹਨ। ਪ੍ਰਸ਼ਾਸਨਿਕ ਸੇਵਾਵਾਂ ਵਿੱਚ ਵੀ ਇਹੀ ਹਾਲ ਹੈ। ਭਿਆਨਕ ਗੱਲ ਇਹ ਹੈ ਕਿ ਸੁਰੱਖਿਆ ਬਲ ਅਤੇ ਸੁਰੱਖਿਆ ਬਲਾਂ ਦੇ ਅਧਿਕਾਰੀਆਂ ਤੱਕ ਨੂੰ ਇਸ ਮਨਸੂਬੇ ਦੀ ਲਪੇਟ ਵਿੱਚ ਲਿਆਂਦਾ ਜਾ ਰਿਹਾ ਹੈ। ਇਸ ਸਭ ਕੁਝ ਨੂੰ ਪੱਕੇ ਪੈਰੀਂ ਕਰਨ ਲਈ ਮਨਸੂਬਾ ਸਕੂਲ ਸਿਲੇਬਸ ਤੱਕ ਉਤਾਰ ਦਿੱਤਾ ਗਿਆ ਹੈ। ਰਾਜ ਸਰਕਾਰਾਂ ਟਾਵੇਂ-ਟੱਲੇ ਵਿਰੋਧ ਦੇ ਹੱਲ ਲਈ ਸਰਕਾਰ ਨੇ ਕੇਂਦਰੀ ਗਰਾਂਟਾਂ ਆਪਣੀਆਂ ਨੀਤੀਆਂ ਨਾਲ ਜੋੜ ਦਿੱਤੀਆਂ ਹਨ। ਨੀਤੀ ਲਾਗੂ ਹੋਵੇਗੀ ਤਾਂ ਗਰਾਂਟ ਮਿਲੇਗੀ। ਸਿੱਖਿਆ ਖੇਤਰ ਵਿੱਚ ਗਰਾਂਟਾਂ ਪਹਿਲਾਂ ਵੀ ਆਉਂਦੀਆਂ ਸਨ ਪਰ ਉਹ ਕੇਂਦਰੀ ਨੀਤੀਆਂ ਲਾਗੂ ਕਰਨ ਦੀਆਂ ਸ਼ਰਤਾਂ ਨਾਲ ਬੱਝੀਆਂ ਨਹੀਂ ਹੁੰਦੀਆਂ ਸਨ। ਕੌਮੀ ਸਿੱਖਿਆ ਨੀਤੀ-2020 (ਪ੍ਰੀ-ਪ੍ਰਾਇਮਰੀ ਤੋਂ ਯੂਨੀਵਰਸਿਟੀ ਤੱਕ) ਇਸੇ ਦਿਸ਼ਾ ਅਤੇ ਮੰਤਵ ਦੀ ਪੂਰਤੀ ਲਈ ਹੈ। ਬੁੱਧੀਜੀਵੀਆਂ, ਸਿਆਸੀ ਪਾਰਟੀਆਂ ਅਤੇ ਸੁਤੰਤਰਤਾ ਪ੍ਰੇਮੀਆਂ ਨੂੰ ਚਿੰਤਾ ਹੋਣੀ ਚਾਹੀਦੀ ਹੈ ਕਿ ਕੁਝ ਸਾਲਾਂ ਵਿੱਚ ਦੇਸ਼ ਦੀ ਆਬਾਦੀ ਵਿੱਚ ਨਾਗਰਿਕਾਂ ਦਾ ਵੱਡਾ ਹਿੱਸਾ ਅਜਿਹਾ ਮਿਲਣਾ ਸ਼ੁਰੂ ਹੋ ਜਾਵੇਗਾ ਜਿਹੜਾ ਖਾਸ ਢੰਗ ਨਾਲ ਤਿਆਰ ਕੀਤੇ ਭਾਰਤ ਦੇ ਲੰਗੜੇ ਇਤਿਹਾਸ ਨੂੰ ਪਿਆਰ ਕਰਨ ਵਾਲਾ ਹੋਵੇਗਾ। ਆਬਾਦੀ ਦੀ ਪੁਰਾਣੀ ਪੀੜ੍ਹੀ ਜਾ ਚੁੱਕੀ ਹੋਵੇਗੀ ਅਤੇ ਨਵੀਆਂ ਪੀੜ੍ਹੀਆਂ ਦੇਸ਼ ਭਗਤਾਂ ਨੂੰ ਚਰਿੱਤਰਹੀਣ ਅਤੇ ਦੇਸ਼ ਵਿਰੋਧੀਆਂ ਵਜੋਂ ਯਾਦ ਕਰਨਗੀਆਂ। ਇਸ ਲਈ ਅਜਿਹਾ ਕਾਲ-ਕਲੂਟਾ ‘ਕੱਲ੍ਹ’ ਰੋਕਣ ਲਈ ਮੁਲਕ ਦਾ ‘ਅੱਜ’ ਸੰਵਾਰਨਾ ਜ਼ਰੂਰੀ ਹੈ।

# ਦਿੱਲੀ ਦੇ ਸਕੂਲਾਂ ’ਚ ਘਟ ਰਿਹਾ ਹੈ ਪੰਜਾਬੀ ਪ੍ਰਤੀ ਲਗਾਅ

ਪ੍ਰਕਾਸ਼ ਸਿੰਘ ਗਿੱਲ


ਸਕੂਲ ਵਿਦਿਆਰਥੀ ਲਈ ਇਹੋ ਜਿਹੀ ਜਗ੍ਹਾ ਹੁੰਦੀ ਹੈ ਜਿੱਥੇ ਉਸ ਦਾ ਪੂਰੀ ਤਰ੍ਹਾਂ ਵਿਕਾਸ ਹੁੰਦਾ ਹੈ। ਗੱਲ ਕਰੀਏ ਭਾਸ਼ਾ ਦੀ ਤਾਂ ਭਾਸ਼ਾ ਮਾਹਿਰਾਂ ਦਾ ਮੰਨਣਾ ਹੈ ਕਿ ਸਿਆਣੇ ਮਨੁੱਖ ਦੇ ਮੁਕਾਬਲੇ ਕੋਈ ਵੀ ਬੱਚਾ ਕਿੰਨੀਆਂ ਵੀ ਭਾਸ਼ਾਵਾਂ ਚਾਹੇ, ਸਿੱਖ ਸਕਦਾ ਹੈ। ਇਸ ਕਰਕੇ ਸਰਕਾਰ ਵੱਲੋਂ ਸਿੱਖਿਆ ਸੰ-ਸਥਾਵਾਂ ਨੂੰ ਆਪਣੇ ਇੱਥੇ ਭਾਸ਼ਾਵਾਂ ਪੜ੍ਹਨ ਲਈ ਸਹੂਲਤ ਦਿੱਤੀ ਗਈ ਹੈ। ਸਰਕਾਰ ਤਾਂ ਸਹੂਲਤ ਦੇ ਰਹੀ ਹੈ, ਕੀ ਅਸੀਂ ਸੱਚਮੁੱਚ ਆਪਣੇ ਬੱਚਿਆਂ ਨੂੰ ਭਾਸ਼ਾਵਾਂ ਨਾਲ ਜੋੜ ਰਹੇ ਹਾਂ? ਅੱਜ ਸਾਡੇ ਕੋਲ ਭਾਸ਼ਾ ਦੇ ਨਾਂ ’ਤੇ ਅੰਗਰੇਜ਼ੀ ਅਤੇ ਹਿੰਦੀ ਦੀ ਗੱਲ ਹੀ ਪ੍ਰਮੁੱਖਤਾ ਨਾਲ ਸਾਹਮਣੇ ਆਉਂਦੀ ਹੈ। ਗੱਲ ਕਰਦੇ ਹਾਂ ਦੇਸ਼ ਦੀ ਰਾਜਧਾਨੀ ਦਿੱਲੀ ਬਾਰੇ। ਦਿੱਲੀ ਇਕ ਬਹੁ-ਭਾਸ਼ਾਈ ਸ਼ਹਿਰ ਹੈ ਜਿੱਥੇ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਮੁੱਖ ਰੂਪ ਵਿਚ ਵਰਤੀ ਜਾਂਦੀ ਹੈ। ਭਾਵੇਂ ਦਿੱਲੀ ਵਿਚ ਇਸ ਸਮੇਂ ਸਰਕਾਰੀ ਪੱਧਰ ’ਤੇ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਹੋਇਆ ਹੈ। ਇਸ ਕਰਕੇ ਦਿੱਲੀ ਦੇ ਸਰਕਾਰੀ, ਗ਼ੈਰ-ਸਰਕਾਰੀ ਅਤੇ ਪਬਲਿਕ ਸਕੂਲਾਂ ਦੇ ਨਾਲ-ਨਾਲ ਕਾਲਜਾਂ ਵਿਚ ਪੰਜਾਬੀ ਪੜ੍ਹਨ ਦੀ ਸਹੂਲਤ ਦਿੱਤੀ ਹੋਈ ਹੈ। ਸਰਕਾਰ ਨੇ ਤਾਂ ਆਪਣਾ ਕੰਮ ਕਰ ਦਿੱਤਾ। ਕੀ ਅਸੀਂ ਸੱਚਮੁੱਚ ਇਸ ਦਾ ਲਾਭ ਉਠਾ ਰਹੇ ਹਾਂ। ਮੈਂ ਆਪ ਵੀ ਇਕ ਵਿੱਦਿਅਕ ਅਦਾਰੇ ਨਾਲ ਜੁੜਿਆ ਹੋਇਆ ਹਾਂ। ਇਸ ਕਰਕੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨਾਲ ਵਾਹ ਪੈਂਦਾ ਰਹਿੰਦਾ ਹੈ।

ਅੱਜ ਵੇਖਣ ਵਾਲੀ ਗੱਲ ਇਹ ਹੈ ਕਿ ਦਿੱਲੀ ਵਿਚ ਸਕੂਲਾਂ ਤੇ ਕਾਲਜਾਂ ’ਚ ਵਿਦਿਆਰਥੀਆਂ ਦੀ ਪੰਜਾਬੀ ਭਾਸ਼ਾ ਨੂੰ ਪੜ੍ਹਨ ਦੀ ਰੁਚੀ ਦਿਨ-ਪ੍ਰਤੀ-ਦਿਨ ਘਟਦੀ ਜਾ ਰਹੀ ਹੈ। ਸਕੂਲਾਂ, ਕਾਲਜਾਂ ਵਿਚ ਅਧਿਆਪਕ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਉਣਾ ਚਾਹੁੰਦੇ ਹਨ ਪਰ ਕੀ ਵਿਦਿਆਰਥੀ ਤੇ ਕੀ ਉਨ੍ਹਾਂ ਦੇ ਮਾਪੇ, ਪੰਜਾਬੀ ਭਾਸ਼ਾ ਵੱਲੋਂ ਮੂੰਹ ਮੋੜ ਰਹੇ ਹਨ। ਦੂਜੇ ਪਾਸੇ ਅਨੇਕ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਕਾਰਜਸ਼ੀਲ ਹਨ। ਇਸ ਦੇ ਬਾਵਜੂਦ ਵਿਦਿਆਰਥੀਆਂ ਵਿਚ ਪੰਜਾਬੀ ਭਾਸ਼ਾ ਨੂੰ ਪੜ੍ਹਨ ਲਈ ਉਤਸ਼ਾਹ ਘਟਦਾ ਜਾ ਰਿਹਾ ਹੈ। ਇਸ ਦੇ ਕਿਹੜੇ ਮੂਲ ਕਾਰਨ ਹਨ, ਆਓ, ਉਨ੍ਹਾਂ ਬਾਰੇ ਗੱਲ ਕਰੀਏ ਤੇ ਵੇਖੀਏ ਕਿ ਵਿਦਿਆਰਥੀ ਪੰਜਾਬੀ ਭਾਸ਼ਾ ਕਿਉਂ ਨਹੀਂ ਪੜ੍ਹਨਾ ਚਾਹੁੰਦੇ? ਮੂਲ ਕਾਰਨ ਹਨ ਵਿਦਿਆਰਥੀ ਦੇ ਆਲੇ-ਦੁਆਲੇ ਬਹੁ-ਭਾਸ਼ਾਈ ਵਾਤਾਰਵਨ ਦਾ ਹੋਣਾ। ਪੰਜਾਬੀ ਭਾਸ਼ਾ ਘਰੇਲੂ, ਸਮਾਜਿਕ ਤੇ ਰੋਜ਼ਾਨਾ ਦੇ ਵਰਤੋਂ-ਵਿਹਾਰ ਤੋਂ ਹਟ ਰਹੀ ਹੈ। ਮਾਪੇ ਆਪਣਿਆਂ ਬੱਚਿਆਂ ਨੂੰ ਜੀਵਨ ਵਿਚ ਅੱਗੇ ਵਧਣ ਲਈ ਅੰਗਰੇਜ਼ੀ ਤੇ ਹਿੰਦੀ ਭਾਸ਼ਾ ਪੜ੍ਹਨ ਵੱਲ ਪ੍ਰੇਰਿਤ ਕਰਦੇ ਹਨ। ਪੰਜਾਬੀ ਭਾਸ਼ਾ ਨੂੰ ਘਰੋਗੀ ਭਾਸ਼ਾ ਵਜੋਂ ਜਾਣਿਆ ਜਾਂਦਾ ਹੈ। ਰੁਚੀਹੀਣ ਪਾਠਕ੍ਰਮ ਹੈ।

ਪਾਠਕ੍ਰਮ ਨੂੰ ਨਵੇਂ ਢੰਗ ਨਾਲ ਅਪਡੇਟ ਨਾ ਕਰਨਾ। ਜਮਾਤ ਵਿਚ ਪੜ੍ਹਾਏ ਜਾਣ ਵਾਲੇ ਪਾਠ ਮੂਲ ਜੀਵਨ ਨਾਲ ਨਾ ਜੁੜਨੇ। ਪੰਜਾਬੀ ਪੜ੍ਹਨ ਵਾਲੇ ਬੱਚਿਆਂ ਨੂੰ ਕਈ ਵਾਰ ਦੂਜਿਆਂ ਵੱਲੋਂ ਹਾਸੇ ਜਾਂ ਭੇਦਭਾਵ ਭਰੀ ਨਜ਼ਰ ਨਾਲ ਵੇਖਣਾ। ਨੌਜਵਾਨ ਬੱਚੇ ਪੰਜਾਬੀ ਸੱਭਿਆਚਾਰ (ਜਿਵੇਂ ਲੋਕ-ਸੰਗੀਤ, ਗਿੱਧਾ, ਵਿਰਸਾ) ਨਾਲ ਨਹੀਂ ਜੁੜ ਰਹੇ। ਟੀਵੀ, ਸਿਨੇਮਾ, ਮੀਡੀਆ ਵਿਚ ਵੀ ਪੰਜਾਬੀ ਦੀ ਥਾਂ ਹੋਰ ਭਾਸ਼ਾਵਾਂ ਦਾ ਰਾਜ ਹੋਣਾ। ਪੰਜਾਬੀ ਭਾਸ਼ਾ ਦਾ ਰੁਜ਼ਗਾਰ ਦੀ ਭਾਸ਼ਾ ਨਾ ਬਣ ਸਕਣਾ ਆਦਿ। ਇਹੋ ਜਿਹੇ ਕਾਰਨ ਹਨ ਜਿਨ੍ਹਾਂ ਕਰਕੇ ਵਿਦਿਆਰਥੀ ਪੰਜਾਬੀ ਭਾਸ਼ਾ ਨਾਲ ਸਾਂਝ ਨਹੀਂ ਪਾ ਰਿਹਾ। ਵਿਦਿਆਰਥੀ ਤੇ ਮਾਪੇ ਪੰਜਾਬੀ ਪੜ੍ਹਨ ਵੱਲੋਂ ਮੂੰਹ ਮੋੜ ਰਹੇ ਹਨ। ਹੁਣ ਗੱਲ ਕਰਦੇ ਹਾਂ ਕਿ ਉਹ ਕਿਹੜੇ ਤਰੀਕੇ ਹਨ ਜਿਨ੍ਹਾਂ ਸਦਕਾ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਪੜ੍ਹਨ ਲਈ ਪ੍ਰੇਰਿਤ ਕੀਤਾ ਜਾ ਸਕੇ। ਕੁਝ ਸੁਝਾਅ ਇਹ ਹਨ-ਪੰਜਾਬੀ ਭਾਸ਼ਾ ਦੇ ਪਾਠਕ੍ਰਮ ਨੂੰ ਆਧੁਨਿਕ ਬਣਾਉਣਾ। ਨਵੀਆਂ ਕਵਿਤਾਵਾਂ, ਕਹਾਣੀਆਂ, ਨਾਟਕ ਅਤੇ ਸਮਕਾਲੀ ਵਿਸ਼ਿਆਂ ਨੂੰ ਪਾਠਕ੍ਰਮ ਵਿਚ ਸ਼ਾਮਲ ਕਰਨਾ। ਜਮਾਤ ’ਚ ਵੱਧ ਤੋਂ ਵੱਧ ਗਤੀਵਿਧੀਆਂ ਕਰਾਉਣਾ ਭਾਵ ਐਕਟਿਵ ਲਰਨਿੰਗ ਜਿਵੇਂ ਰੋਲ ਪਲੇ, ਡਰਾਮਾ, ਵੀਡੀਓ ਲੈਸਨਾਂ ਦੀ ਵਰਤੋਂ ਕਰਨਾ। ਸਕੂਲਾਂ ਤੇ ਕਾਲਜਾਂ ਵਿਚ ਸੱਭਿਆਚਾਰਕ ਸਰਗਰਮੀਆਂ ਵੱਧ ਤੋਂ ਵੱਧ ਕਰਾਉਣਾ।

ਪੰਜਾਬੀ ਦਿਵਸ, ਕਵੀ ਦਰਬਾਰ, ਗਿੱਧਾ/ਭੰਗੜਾ ਮੁਕਾਬਲੇ, ਪੰਜਾਬੀ ਬੋਲੀ ਦੇ ਦਿਹਾੜੇ ’ਤੇ ਵਿਸ਼ੇਸ਼ ਪ੍ਰੋਗਰਾਮ ਕਰਨਾ। ਮਾਪੇ ਘਰਾਂ ’ਚ ਬੱਚਿਆਂ ਨਾਲ ਪੰਜਾਬੀ ਬੋਲਣ, ਪੰਜਾਬੀ ਕਿਤਾਬਾਂ ਪੜ੍ਹਨ ਤੇ ਗੁਰਬਾਣੀ/ਸੱਭਿਆਚਾਰ ਨਾਲ ਜੋੜਨ ਲਈ ਉਤਸ਼ਾਹਤ ਹੋਣ।

# 114 ਸਾਲ ਦੇ ਮੈਰਾਥਨ ਦੌੜਾਕ ਫੌਜਾ ਸਿੰਘ ਦੀ ਮੌਤ



ਮਸ਼ਹੂਰ ਬਜ਼ੁਰਗ ਦੌੜਾਕ 114 ਸਾਲਾ ਫੌਜਾ ਸਿੰਘ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੀ ਮੌਤ ਦੀ ਪੁਸ਼ਟੀ ਉਨ੍ਹਾਂ ਦੇ ਪੁੱਤਰ ਹਰਵਿੰਦਰ ਸਿੰਘ ਵੱਲੋਂ ਕੀਤੀ ਗਈ ਹੈ। ਪਰਿਵਾਰ ਮੁਤਾਬਕ ਫੌਜਾ ਸਿੰਘ ਸੋਮਵਾਰ ਦੁਪਹਿਰ ਕਰੀਬ ਤਿੰਨ ਕੁ ਵਜੇ ਘਰੋਂ ਨਿਕਲ ਕੇ ਜਲੰਧਰ ਪਠਾਨਕੋਟ ਰਾਸ਼ਟਰੀ ਰਾਜ ਮਾਰਗ ਦੇ ਦੂਜੇ ਪਾਸੇ ਇੱਕ ਢਾਬੇ ਵੱਲ ਨੂੰ ਜਾ ਰਹੇ ਸਨ ਤੇ ਜਲੰਧਰ ਤੋਂ ਪਠਾਨਕੋਟ ਵੱਲ ਜਾ ਰਹੀ ਇੱਕ ਗੱਡੀ ਨੇ ਟੱਕਰ ਮਾਰ ਦਿੱਤੀ। ਉਨ੍ਹਾਂ ਨੇ ਅੱਗੇ ਦੱਸਿਆ, "ਟੱਕਰ ਵੱਜਣ ਤੋਂ ਬਾਅਦ ਫੌਜਾ ਸਿੰਘ ਸੜਕ ਉੱਤੇ ਡਿੱਗ ਗਏ। ਜਿਨ੍ਹਾਂ ਨੂੰ ਲੋਕਾਂ ਨੇ ਚੁੱਕ ਕੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਜਿੱਥੇ ਉਨ੍ਹਾਂ ਦੀ ਮਰ੍ਹਮ ਪੱਟੀ ਕੀਤੀ ਗਈ।" "ਕੁਝ ਦੇਰ ਬਾਅਦ ਫੌਜਾ ਸਿੰਘ ਵੱਲੋਂ ਦਿਲ 'ਚ ਘਬਰਾਹਟ ਮਹਿਸੂਸ ਹੋਣ 'ਤੇ ਜਦੋਂ ਉਨ੍ਹਾਂ ਦਾ ਚੈੱਕਅਪ ਕੀਤਾ ਜਾ ਰਿਹਾ ਸੀ ਤਾਂ ਉਨ੍ਹਾਂ ਦੀ ਮੌਤ ਹੋ ਗਈ।" ਉਨ੍ਹਾਂ ਦੇ ਪਾਸਪੋਰਟ ਦੇ ਮੁਤਾਬਕ, ਉਨ੍ਹਾਂ ਦਾ ਜਨਮ 1 ਅਪ੍ਰੈਲ 1911 ਨੂੰ ਹੋਇਆ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਅਕਾਊਂਟ ਐਕਸ ਉੱਤੇ ਫੌਜਾ ਸਿੰਘ ਦੀ ਮੌਤ 'ਤੇ ਸੰਵੇਦਨਾ ਪ੍ਰਗਟ ਕਰਦਿਆਂ ਇੱਕ ਪੋਸਟ ਸਾਂਝੀ ਕੀਤੀ ਹੈ। ਉਨ੍ਹਾਂ ਲਿਖਿਆ, "ਫੌਜਾ ਸਿੰਘ ਜੀ ਆਪਣੇ ਵਿਲੱਖਣ ਵਿਅਕਤੀਤਵ ਅਤੇ ਭਾਰਤ ਦੇ ਨੌਜਵਾਨਾਂ ਨੂੰ ਤੰਦਰੁਸਤੀ ਦੇ ਇੱਕ ਬਹੁਤ ਅਹਿਮ ਵਿਸ਼ੇ 'ਤੇ ਪ੍ਰੇਰਿਤ ਕਰਨ ਦੇ ਆਪਣੇ ਤਰੀਕੇ ਕਾਰਨ ਅਸਾਧਾਰਨ ਵਿਅਕਤੀਤਵ ਦੇ ਮਾਲਕ ਸਨ।" "ਉਹ ਇੱਕ ਬੇਮਿਸਾਲ ਐਥਲੀਟ ਸੀ, ਜੋ ਬੇਹੱਦ ਦ੍ਰਿੜ ਇਰਾਦੇ ਦਾ ਮਾਲਕ ਸੀ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਦੁਖੀ ਹਾਂ। ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਿਵਾਰ ਅਤੇ ਦੁਨੀਆ ਭਰ 'ਚ ਵਸਦੇ ਉਨ੍ਹਾਂ ਦੇ ਅਣਗਿਣਤ ਪ੍ਰਸ਼ੰਸਕਾਂ ਨਾਲ ਹਨ।"

### ਫੌਜਾ ਸਿੰਘ ਨੇ ਕਿਵੇਂ ਇਤਿਹਾਸ ਰਚਿਆ?

ਕੁਝ ਦਿਨ ਪਹਿਲਾਂ ਫੌਜਾ ਸਿੰਘ ਨੇ ਕਿਹਾ ਸੀ, "ਮੈਂ ਸੈਰ ਲਈ ਅੱਜ ਵੀ ਪਿੰਡ ਦੇ ਆਲੇ-ਦੁਆਲੇ ਗੇੜਾ ਮਾਰਦਾ ਹਾਂ ਤਾਂ ਜੋ ਮੇਰੀਆਂ ਲੱਤਾਂ ਮਜ਼ਬੂਤ ਰਹਿਣ। ਇਨਸਾਨ ਨੇ ਆਪਣਾ ਸਰੀਰ ਆਪ ਹੀ ਕਾਇਮ ਰੱਖਣਾ ਹੁੰਦਾ ਹੈ।" ਭਾਰਤੀ ਮੈਰਾਥਨ ਦੌੜਾਕ ਫੌਜਾ ਸਿੰਘ ਨੇ ਆਪਣੇ ਸਰੀਰ ਦੀ ਮਜ਼ਬੂਤੀ ਦਾ ਕਾਰਨ ਦੱਸਦਿਆਂ ਇਹ ਦਲੀਲ ਦਿੱਤੀ ਸੀ। ਉਹ ਜਲੰਧਰ ਦੇ ਪਿੰਡ ਬਿਆਸ ਵਿੱਚ ਆਪਣੇ ਜੱਦੀ ਘਰ ਵਿੱਚ ਰਹਿ ਰਹੇ ਸਨ। ਫੌਜਾ ਸਿੰਘ ਦੌੜ, ਚੰਗੀ ਸਿਹਤ ਅਤੇ ਅਨੁਸ਼ਾਸਨ ਵਾਲੀ ਜ਼ਿੰਦਗੀ ਜੀਣ ਦੀ ਦੁਨੀਆਂ ਪੱਧਰ 'ਤੇ ਇੱਕ ਵੱਡੀ ਮਿਸਾਲ ਸਨ। ਉਹ ਸ਼ਾਕਾਹਾਰੀ ਸਨ ਪਰ ਅਲਸੀ ਦੀਆਂ ਪਿੰਨੀਆਂ ਆਪਣੀ ਖ਼ੁਰਾਕ ਵਿੱਚ ਜ਼ਰੂਰ ਰੱਖਦੇ ਸਨ।



ਸਾਲ 1911 ਵਿੱਚ ਜਨਮੇ ਫੌਜਾ ਸਿੰਘ ਦੋ ਵਿਸ਼ਵ ਜੰਗਾਂ ਦੇ ਗਵਾਹ ਬਣੇ ਅਤੇ ਉਨ੍ਹਾਂ ਨੇ ਭਾਰਤ-ਪਾਕਿਸਤਾਨ ਵੰਡ ਦੀ ਪੀੜ੍ਹ ਵੀ ਹੰਢਾਈ ਹੈ।

ਫੌਜਾ ਸਿੰਘ ਨੇ ਸਾਲ 2004 ਵਿੱਚ ਉਸ ਵੇਲੇ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਜਦੋਂ ਉਹ ਇੱਕ ਕੌਮਾਂਤਰੀ ਕੰਪਨੀ ਦੇ ਇਸ਼ਤਿਹਾਰ ਵਿੱਚ ਫੁੱਟਬਾਲ ਆਈਕਨ ਡੇਵਿਡ ਬੇਖਮ ਅਤੇ ਮਹਾਨ ਮੁੱਕੇਬਾਜ਼ੀ ਮੁਹੰਮਦ ਅਲੀ ਨਾਲ ਦਿਖਾਈ ਦਿੱਤੇ। ਇਸ ਦੇ ਨਾਲ ਹੀ ਉਹ 2010 ਵਿੱਚ ਉਸੇ ਕੰਪਨੀ ਦੇ ਨਵੇਂ ਪੋਸਟਰ ਬੁਆਏ ਬਣੇ ਅਤੇ ਉਨ੍ਹਾਂ ਨੇ ਬੇਖਮ ਦੀ ਥਾਂ ਲੈ ਲਈ ਸੀ। ਫੌਜਾ ਸਿੰਘ ਨੇ ਸਾਲ 2000 ਵਿੱਚ 'ਲੰਡਨ ਮੈਰਾਥਨ' ਵਿੱਚ ਆਪਣੀ ਮੈਰਾਥਨ ਦੌੜ ਦੀ ਸ਼ੁਰੂਆਤ ਕੀਤੀ ਸੀ। 89 ਸਾਲ ਦੀ ਉਮਰ ਤੋਂ ਇੱਕ ਮਹੀਨਾ ਪਹਿਲਾਂ, ਫੌਜਾ ਸਿੰਘ ਨੇ 6 ਘੰਟੇ 54 ਮਿੰਟ ਵਿੱਚ ਇਹ ਦੌੜ ਪੂਰੀ ਕੀਤੀ ਸੀ। ਉਹ 100 ਸਾਲ ਦੀ ਉਮਰ ਤੱਕ ਮੈਰਾਥਨ ਦੌੜਦੇ ਰਹੇ ਅਤੇ ਉਨ੍ਹਾਂ ਨੇ ਕਈ ਵਿਸ਼ਵ ਰਿਕਾਰਡ ਆਪਣੇ ਨਾਮ ਕੀਤੇ। ਉਨ੍ਹਾਂ ਨੇ 2011 ਟੋਰਾਂਟੋ ਵਾਟਰਫਰੰਟ ਮੈਰਾਥਨ ਵਿੱਚ 8 ਘੰਟੇ, 25 ਮਿੰਟ ਅਤੇ 17 ਸਕਿੰਟ ਵਿੱਚ ਦੌੜ ਪੂਰੀ ਕੀਤਾ ਸੀ। 2012 ਵਿੱਚ ਉਨ੍ਹਾਂ ਨੇ ਲੰਡਨ ਲੰਪਿਕ ਦੌਰਾਨ ਮਸ਼ਾਲ ਮੈਰਾਥਨ ਦੌੜੀ ਸੀ। ਉਨ੍ਹਾਂ ਨੇ 2013 ਵਿੱਚ ਹਾਂਗਕਾਂਗ ਵਿੱਚ ਦੌੜੀ 10 ਕਿਲੋਮੀਟਰ ਦੀ ਦੌੜ 1 ਘੰਟਾ, 32 ਮਿੰਟ ਅਤੇ 28 ਸਕਿੰਟਾਂ ਵਿੱਚ ਪੂਰੀ ਕੀਤੀ ਜਿਸ ਤੋਂ ਬਾਅਦ ਉਨ੍ਹਾਂ ਨੇ ਮੈਰਥਨ ਦੌੜ ਨੂੰ ਅਲਵਿਦਾ ਕਹਿ ਦਿੱਤਾ।

### ਇੰਗਲੈਂਡ ਦੀ ਰਾਣੀ ਨਾਲ ਮੁਲਾਕਾਤਾਂ

ਫੌਜਾ ਸਿੰਘ ਨੇ ਇੰਗਲੈਂਡ ਦੀ ਰਾਣੀ ਨਾਲ ਆਪਣੀ ਇੱਕ ਫੋਟੋ ਜੱਦੀ ਘਰ ਦੀ ਕੰਧ 'ਤੇ ਲਗਾਈ ਹੋਈ ਹੈ। ਆਪਣੀਆਂ ਅਦਭੁੱਤ ਯਾਦਾਂ ਬਾਰੇ ਦੱਸਦਿਆਂ ਉਹ ਕਹਿੰਦੇ ਸਨ, "ਮੈਂ ਰਾਣੀ (ਮਹਾਰਾਣੀ ਐਲਿਜ਼ਾਬੈਥ II) ਨੂੰ ਤਿੰਨ ਵਾਰ ਮਿਲਿਆ।" ਰਾਣੀ ਨਾਲ ਕੰਧ 'ਤੇ ਲੱਗੀ ਫੋਟੋ ਵੱਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਦੱਸਿਆ ਸੀ, "ਰਾਣੀ ਨੇ ਮੈਨੂੰ ਆਪਣੇ ਮਹਿਲ-ਬਕਿੰਘਮ ਪੈਲੇਸ ਵਿੱਚ ਵੀ ਬੁਲਾਇਆ।"



### ਪੁੱਤਰ ਨੂੰ ਮਿਲਣ ਦੀ ਤਾਂਘ

ਇਸ ਸਮੇਂ ਉਹ ਆਪਣੇ ਸਭ ਤੋਂ ਛੋਟੇ ਪੁੱਤਰ ਹਰਵਿੰਦਰ ਸਿੰਘ ਨਾਲ ਆਪਣੇ ਪਿੰਡ ਬਿਆਸ ਵਿੱਚ ਰਹਿ ਰਹੇ ਸਨ। ਹਲਾਂਕਿ ਫੌਜਾ ਸਿੰਘ ਨੂੰ ਉਮੀਦ ਸੀ ਕਿ ਉਹ ਆਪਣੇ ਵੱਡੇ ਪੁੱਤਰ ਸੁਖਜਿੰਦਰ ਸਿੰਘ ਨੂੰ ਮਿਲਣ ਲਈ ਆਖਰੀ ਵਾਰ ਲੰਡਨ ਜਾਣਗੇ। ਉਹ ਕਹਿੰਦੇ ਸਨ, "ਮੈਂ ਆਪਣੀ ਜ਼ਿੰਦਗੀ ਦੇ ਆਖ਼ਰੀ ਪੜਾਅ 'ਤੇ ਹਾਂ, ਇਸ ਲਈ ਕੁਝ ਸਥਿਰ ਨਹੀਂ ਹੈ ਪਰ ਮੈਨੂੰ ਉਮੀਦ ਹੈ ਕਿ ਮੈਂ ਇਸ ਸਾਲ ਦੇ ਅੰਤ ਤੱਕ ਲੰਡਨ ਜਾਵਾਂਗਾ ਤਾਂ ਜੋ ਉੱਥੇ ਆਪਣੇ ਪਰਿਵਾਰ ਅਤੇ ਆਪਣੇ ਕੋਚ ਹਰਮੰਦਰ ਸਿੰਘ ਨੂੰ ਮਿਲ ਸਕਾਂ।"

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਫੌਜਾ ਸਿੰਘ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੋਸ਼ਲ ਮੀਡੀਆ ਅਕਾਊਂਟ ਐਕਸ ਉੱਤੇ ਇੱਕ ਪੋਸਟ ਵਿੱਚ ਉਨ੍ਹਾਂ ਲਿਖਿਆ, "ਉੱਘੇ ਪੰਜਾਬੀ ਸਿੱਖ ਦੌੜਾਕ ਫੌਜਾ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਸੁਣ ਕੇ ਬੇਹੱਦ ਦੁੱਖ ਹੋਇਆ।" "ਆਪਣੀਆਂ ਲੰਬੀਆਂ ਦੌੜਾਂ ਦੀ ਬਦੌਲਤ ਪੂਰੀ ਦੁਨੀਆ ਵਿੱਚ ਸਿੱਖ ਕੌਮ ਦਾ ਨਾਮ ਰੌਸ਼ਨ ਕਰਨ ਵਾਲੇ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਦੌੜਾਕ ਫੌਜਾ ਸਿੰਘ ਹਮੇਸ਼ਾ ਸਾਡੇ ਦਿਲਾਂ ਅਤੇ ਚੇਤਿਆਂ 'ਚ ਜਿਉਂਦੇ ਰਹਿਣਗੇ।" ਉਨ੍ਹਾਂ ਲਿਖਿਆ, "ਪਰਿਵਾਰ ਤੇ ਚਾਹੁੰਣ ਵਾਲਿਆਂ ਨਾਲ ਦਿਲੋਂ ਹਮਦਰਦੀ ਹੈ।"

### ਪਤਨੀ ਅਤੇ ਪੁੱਤਰ ਦੀ ਮੌਤ ਦਾ ਸਦਮਾ

ਸਾਲ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਆਪਣੀ ਪਤਨੀ ਗਿਆਨ ਕੌਰ ਦੀ ਮੌਤ ਤੋਂ ਬਾਅਦ, ਫੌਜਾ ਸਿੰਘ ਆਪਣੇ ਵੱਡੇ ਪੁੱਤਰ ਸੁਖਜਿੰਦਰ ਸਿੰਘ ਨਾਲ ਰਹਿਣ ਲਈ ਲੰਡਨ ਚਲੇ ਗਏ ਸਨ। ਪਰ ਇਸ ਤੋਂ ਥੋੜ੍ਹੇ ਸਮੇਂ ਬਾਅਦ ਹੀ ਜ਼ਿੰਦਗੀ ਨੇ ਇੱਕ ਹੋਰ ਦੁਖਦਾਈ ਮੋੜ ਲੈ ਲਿਆ ਜਦੋਂ ਫੌਜਾ ਦੇ ਛੋਟੇ ਪੁੱਤਰ ਕੁਲਦੀਪ ਦੀ ਇੱਕ ਹਾਦਸੇ ਵਿੱਚ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਮੌਤ ਹੋ ਗਈ ਸੀ। ਇਸ ਸਦਮੇ ਨੇ ਉਨ੍ਹਾਂ ਨੂੰ ਤੋੜ ਕੇ ਰੱਖ ਦਿੱਤਾ ਸੀ। ਉਹ ਆਪਣੇ ਆਪ ਨੂੰ ਆਪਣੇ ਘਰ ਤੱਕ ਸੀਮਤ ਰੱਖਣ ਲੱਗੇ ਅਤੇ ਅਕਸਰ ਘੰਟਿਆਂ ਬੱਧੀ ਸ਼ਮਸ਼ਾਨਘਾਟ ਦੇ ਨੇੜੇ ਬੈਠੇ ਰਹਿੰਦੇ ਜਿੱਥੇ ਉਨ੍ਹਾਂ ਦੇ ਪੁੱਤਰ ਦਾ ਅੰਤਿਮ ਸਸਕਾਰ ਕੀਤਾ ਗਿਆ ਸੀ। ਫੌਜਾ ਸਿੰਘ ਦੱਸਦੇ ਸਨ, "ਪਿੰਡ ਦੇ ਲੋਕਾਂ ਨੂੰ ਮੇਰੀ ਚਿੰਤਾ ਸੀ ਅਤੇ ਡਰ ਸੀ ਕਿ ਇਹ ਸਥਿਤੀ ਮੈਨੂੰ ਅਸਥਿਰਤਾ ਵੱਲ ਲੈ ਜਾਵੇਗੀ। ਉਨ੍ਹਾਂ ਨੇ ਮੇਰੇ ਪਰਿਵਾਰ ਨੂੰ ਸਲਾਹ ਦਿੱਤੀ ਕਿ ਉਹ ਮੈਨੂੰ ਇੰਗਲੈਂਡ ਵਾਪਸ ਲੈ ਜਾਣ।" ਫੌਜਾ ਸਿੰਘ ਦੇ ਛੇ ਬੱਚੇ ਸਨ, ਜਿਨ੍ਹਾਂ ਵਿੱਚ ਤਿੰਨ ਧੀਆਂ ਅਤੇ ਤਿੰਨ ਪੁੱਤਰ ਸ਼ਾਮਿਲ ਹਨ। ਫਿਲਹਾਲ, ਉਨ੍ਹਾਂ ਦਾ ਇੱਕ ਪੁੱਤਰ ਅਤੇ ਦੋ ਧੀਆਂ ਹੁਣ ਇਸ ਦੁਨੀਆਂ ਵਿੱਚ ਨਹੀਂ ਹਨ।

### ਲੰਡਨ ਵਾਪਸੀ ਤੇ ਮੈਰਾਥਨ ਦੀ ਸ਼ੁਰੂਆਤ

ਘਰ ਵਿੱਚ ਬੈਠੇ-ਬੈਠੇ ਅੱਕ ਜਾਣ ਕਾਰਨ ਫੌਜਾ ਸਿੰਘ ਨੇ ਹੌਲੀ-ਹੌਲੀ ਜੌਗਿੰਗ ਵੱਲ ਰੁੱਖ ਕੀਤਾ ਸੀ ਅਤੇ ਇਹੋ ਇੱਕ ਸ਼ੁਰੂਆਤ ਸੀ ਜੋ ਉਨ੍ਹਾਂ ਦੀ ਜ਼ਿੰਦਗੀ ਬਦਲਣ ਵਾਲੀ ਸਾਬਤ ਹੋਈ ਸੀ। ਲੰਡਨ ਵਿੱਚ ਇੱਕ ਵਾਰੀ ਗੁਰਦੁਆਰਾ ਸਾਹਿਬ ਜਾਣ ਸਮੇਂ ਫੌਜਾ ਸਿੰਘ ਦੀ ਮੁਲਾਕਾਤ ਵੱਡੀ ਉਮਰ ਦੇ ਕੁਝ ਬੁਜ਼ੁਰਗਾਂ ਨਾਲ ਹੋਈ ਜੋ ਦੌੜਦੇ ਸਨ। ਉਨ੍ਹਾਂ ਵਿੱਚ ਕੋਚ ਹਰਮੰਦਰ ਸਿੰਘ ਵੀ ਸੀ, ਜਿਸ ਨੇ ਫੌਜਾ ਸਿੰਘ ਨੂੰ ਦੌੜ ਦੀ ਦੁਨੀਆ ਤੋਂ ਜਾਣੂ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਦੱਸਿਆ ਸੀ, "ਜਵਾਨੀ ਵਿੱਚ ਤਾਂ ਮੈਨੂੰ 'ਮੈਰਾਥਨ' ਵਰਗਾ ਸ਼ਬਦ ਵੀ ਨਹੀਂ ਪਤਾ ਸੀ। ਮੈਂ ਕਦੇ ਸਕੂਲ ਨਹੀਂ ਗਿਆ, ਨਾ ਹੀ ਕਿਸੇ ਖੇਡ ਨਾਲ ਕੋਈ ਸਬੰਧ ਸੀ। ਮੈਂ ਤਾਂ ਇੱਕ ਕਿਸਾਨ ਸੀ ਅਤੇ ਜ਼ਿੰਦਗੀ ਦਾ ਲੰਮਾਂ ਸਮਾਂ ਖੇਤਾਂ ਵਿੱਚ ਹੀ ਗੁਜ਼ਾਰਿਆ ਸੀ। ਇੰਗਲੈਂਡ ਆ ਕੇ ਹੀ ਮੈਂ ਦੌੜ ਨਾਲ ਜੁੜਿਆ।"

ਬੋਲਦੇ-ਬੋਲਦੇ ਉਹ ਥੋੜ੍ਹਾ ਰੁਕ ਜਾਂਦੇ ਸਨ ਅਤੇ ਆਪਣੇ ਮ੍ਰਿਤਕ ਪੁੱਤ ਨੂੰ ਯਾਦ ਕਰਦੇ ਹੋਏ ਕਹਿੰਦੇ ਸਨ, "ਜੇ ਮੇਰੀ ਹਰਮੰਦਰ ਸਿੰਘ ਨਾਲ ਮੁਲਾਕਾਤ ਨਾ ਹੁੰਦੀ, ਤਾਂ ਮੈਂ ਕਦੇ ਮੈਰਾਥਨ ਨਾ ਦੌੜਦਾ। ਅੱਜ ਲੋਕ ਮੈਨੂੰ ਮੇਰੀਆਂ ਉਪਲੱਬਧੀਆਂ ਕਰਕੇ ਮਿਲਦੇ ਹਨ।" "ਮੈਨੂੰ ਮੈਰਾਥਨਾਂ, ਸਮਾਰੋਹਾਂ ਅਤੇ ਫੰਕਸ਼ਨਾਂ ਵਿੱਚ ਬੁਲਾਇਆ ਜਾਂਦਾ ਹੈ। ਮੈਰਾਥਨ ਦੀ ਦੁਨੀਆ ਵਿੱਚ ਆਉਣ ਤੋਂ ਪਹਿਲਾਂ ਵੀ ਮੈਂ ਹੀ ਫੌਜਾ ਸਿੰਘ ਸੀ ਪਰ ਇਸ ਦੌੜ ਨੇ ਮੇਰੀ ਜ਼ਿੰਦਗੀ ਨੂੰ ਇੱਕ ਮਕਸਦ ਦਿੱਤਾ ਅਤੇ ਮੈਨੂੰ ਦੁਨੀਆਂ ਭਰ ਵਿੱਚ ਮਾਣ-ਸਨਮਾਨ ਦਵਾਇਆ।" ਫੌਜਾ ਸਿੰਘ ਨੇ ਦੱਸਿਆ ਸੀ, "ਉਸ ਸਮੇਂ ਲੰਡਨ ਵਿੱਚ ਮੈਂ ਅਕਸਰ ਗੁਰਦੁਆਰਾ ਸਾਹਿਬ ਜਾਂਦਾ ਸੀ ਜਿੱਥੇ ਮੇਰੀ ਖੁਰਾਕ ਦਾ ਧਿਆਨ ਰੱਖਿਆ ਜਾਂਦਾ ਸੀ। ਉੱਥੇ ਮੈਨੂੰ ਹਰ ਕੋਈ ਉਤਸ਼ਾਹਿਤ ਕਰਦਾ ਸੀ।"

### ਮੈਰਾਥਨ ਦੌਰਾਨ ਪੱਗ ਨੂੰ ਕਿਵੇਂ ਮਨਜ਼ੂਰੀ ਮਿਲੀ?

ਮੈਰਾਥਨ ਦੌੜਾਂ ਦੌਰਾਨ ਸੱਭਿਆਚਾਰਕ ਮਾਣ ਅਤੇ ਇਸ ਲਈ ਲੜਾਈ ਦੇ ਪਲ ਵੀ ਆਏ ਸਨ। ਆਪਣੀ ਪਹਿਲੀ ਮੈਰਾਥਨ ਤੋਂ ਪਹਿਲਾਂ ਫੌਜਾ ਸਿੰਘ ਨੂੰ ਕਿਹਾ ਗਿਆ ਸੀ ਕਿ ਉਹ ਦੌੜਦੇ ਸਮੇਂ ਆਪਣੀ ਪੱਗ ਨਹੀਂ ਬੰਨ੍ਹ ਸਕਦੇ। ਧਿਕਾਰੀਆਂ ਨੇ ਉਨ੍ਹਾਂ ਨੂੰ ਦੱਸਿਆ ਕਿ ਸਿੱਖ ਦੌੜਾਕਾਂ ਨੂੰ ਸਿਰਫ਼ ਪਟਕਾ ਬੰਨਣ ਦੀ ਇਜਾਜ਼ਤ ਹੈ ਪਰ ਪੂਰੀ ਪੱਗ ਨਹੀਂ। ਹਲਾਂਕਿ ਫੌਜਾ ਸਿੰਘ ਦ੍ਰਿੜ ਰਹੇ। ਉਹ ਕਹਿੰਦੇ ਸਨ, "ਮੈਨੂੰ ਕਹਿੰਦੇ ਪੱਗ ਬੰਨ ਕੇ ਦੌੜਨ ਨਹੀਂ ਦੇਣ। ਬਿਲਕੁੱਲ ਨਹੀਂ ਦੌੜਨ ਦੇਣਾ.. ਮੈਂ ਕਿਹਾ ਕਿ ਭਾਵੇਂ ਮੇਰੇ ਸਿਰ ਉਪਰ ਵਾਲ ਨਹੀਂ, ਮੇਰੇ ਮੂੰਹ 'ਤੇ ਦਾੜੀ ਹੈ, ਮੈਂ ਇਸ ਦੌੜ ਤੋਂ ਕੀ ਲੈਣਾ ਹੈ? ਮੈਂ ਕਿਹਾ ਮੈਂ ਦੌੜਨਾ ਹੀ ਨਹੀਂ।" "ਫਿਰ ਉਹ ਕਹਿੰਦੇ ਚਲੋ ਪੱਗ ਮਨਜ਼ੂਰ ਹੈ। ਇਸ ਤੋਂ ਬਾਅਦ ਢੋਲ ਵੱਜ ਗਏ ਅਤੇ ਤਸਵੀਰਾਂ ਲੱਗ ਗਈਆਂ ਕਿ ਪੱਗ ਮਨਜ਼ੂਰ ਹੋ ਗਈ। ਹੁਣ ਸੋਹਣੇ ਪੱਗਾਂ ਵਾਲੇ ਸਿੱਖ ਦੌੜਦੇ ਹਨ। ਇਸ ਵਿੱਚ ਮੇਰਾ ਕੁਝ ਨਹੀਂ, ਸਭ ਰੱਬ ਨੇ ਕੀਤਾ।"

# ਭਿਖਾਰੀ ਬੱਚਿਆਂ ਦਾ ਡੀਐੱਨਏ ਕਰਵਾਉਣ ਦੀ ਪਹਿਲਕਦਮੀ

ਪੰਜਾਬ ਅੱਜ ਕਈ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ’ਚੋਂ ਇਕ ਮੁੱਖ ਸਮੱਸਿਆ ਹੈ ਬੱਚਿਆਂ ਵੱਲੋਂ ਭੀਖ ਮੰਗਣ ਦੀ। ਇਸ ਨੂੰ ਹੱਲ ਕਰਨ ਲਈ ਕਈ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਪਰ ਹਾਲ ਹੀ ਵਿਚ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਵਿਭਾਗ ਨੇ ਭੀਖ ਮੰਗਣ ਵਾਲੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਡੀਐੱਨਏ ਟੈਸਟ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਇਸ ਬਾਰੇ ਡਿਪਟੀ ਕਮਿਸ਼ਨਰਾਂ ਨੂੰ ‘ਆਪ੍ਰੇਸ਼ਨ ਜੀਵਨ ਜੋਤ’ ਤਹਿਤ ਅਜਿਹੇ ਬੱਚਿਆਂ ਦਾ ਪਤਾ ਲਗਾਉਣ ਲਈ ਕਿਹਾ ਗਿਆ ਹੈ ਜਿਨ੍ਹਾਂ ’ਤੇ ਸ਼ੱਕ ਹੋਵੇ। ਇਹ ਮੁੱਦਾ ਨਾ ਸਿਰਫ਼ ਸਮਾਜਿਕ ਤੇ ਕਾਨੂੰਨੀ ਸਵਾਲ ਖੜ੍ਹੇ ਕਰਦਾ ਹੈ ਸਗੋਂ ਨੈਤਿਕ ਤੇ ਮਨੁੱਖੀ ਅਧਿਕਾਰਾਂ ਨਾਲ ਜੁੜੇ ਮਸਲਿਆਂ ਨੂੰ ਵੀ ਉਭਾਰਦਾ ਹੈ।

ਪੰਜਾਬ ਦੇ ਸ਼ਹਿਰੀ ਤੇ ਪੇਂਡੂ ਖੇਤਰਾਂ ਵਿਚ ਭੀਖ ਮੰਗਣ ਵਾਲੇ ਬੱਚਿਆਂ ਦੀ ਗਿਣਤੀ ’ਚ ਵਾਧਾ ਹੋਣ ਨਾਲ ਸਰਕਾਰ ਅਤੇ ਸਮਾਜਿਕ ਸੰਗਠਨਾਂ ਦਾ ਧਿਆਨ ਇਸ ਸਮੱਸਿਆ ਵੱਲ ਗਿਆ ਹੈ। ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਧਾਰਮਿਕ ਅਸਥਾਨਾਂ ਅਤੇ ਬਾਜ਼ਾਰਾਂ ’ਚ ਬੱਚਿਆਂ ਨੂੰ ਭੀਖ ਮੰਗਦੇ ਦੇਖਣਾ ਆਮ ਗੱਲ ਹੈ। ਕਈ ਮਾਮਲਿਆਂ ਵਿਚ ਇਹ ਬੱਚੇ ਸੰਗਠਿਤ ਗਿਰੋਹਾਂ ਵੱਲੋਂ ਕੰਟਰੋਲ ਕੀਤੇ ਜਾਂਦੇ ਹਨ ਜਿਹੜੇ ਉਨ੍ਹਾਂ ਨੂੰ ਤਸਕਰੀ, ਸ਼ੋਸ਼ਣ ਅਤੇ ਅਪਰਾਧਕ ਸਰਗਰਮੀਆਂ ’ਚ ਸ਼ਾਮਲ ਕਰਦੇ ਹਨ। ਅਜਿਹੇ ਮਾਮਲਿਆਂ ਵਿਚ ਇਹ ਪਤਾ ਲਗਾਉਣਾ ਮੁਸ਼ਕਲ ਹੁੰਦਾ ਹੈ ਕਿ ਕੀ ਇਹ ਬੱਚੇ ਆਪਣੇ ਅਸਲੀ ਪਰਿਵਾਰਾਂ ਨਾਲ ਹਨ ਜਾਂ ਨਹੀਂ। ਡੀਐੱਨਏ ਟੈਸਟਿੰਗ ਦਾ ਸੁਝਾਅ ਇਸ ਸਮੱਸਿਆ ਨੂੰ ਹੱਲ ਕਰਨ ਦੀ ਦਿਸ਼ਾ ’ਚ ਇਕ ਨਵੀਂ ਪਹਿਲਕਦਮੀ ਵਜੋਂ ਸਾਹਮਣੇ ਆਇਆ ਹੈ। ਇਸ ਪਿੱਛੇ ਮਕਸਦ ਬੱਚਿਆਂ ਦੀ ਪਛਾਣ ਅਤੇ ਉਨ੍ਹਾਂ ਦੇ ਜੈਨੇਟਿਕ ਮਾਪਿਆਂ ਨੂੰ ਸਥਾਪਤ ਕਰਨਾ ਹੈ। ਇਹ ਟੈਸਟਿੰਗ ਬੱਚਿਆਂ ਦੀ ਤਸਕਰੀ ਨੂੰ ਰੋਕਣ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਅਸਲੀ ਪਰਿਵਾਰਾਂ ਨਾਲ ਮੁੜ ਜੋੜਨ ਵਿਚ ਮਦਦ ਕਰ ਸਕਦੀ ਹੈ। ਇਹ ਸੰਗਠਿਤ ਭੀਖ ਮੰਗਣ ਦੇ ਗਿਰੋਹਾਂ ਦੀ ਪਛਾਣ ਕਰਨ ’ਚ ਮਦਦ ਕਰ ਸਕਦੀ ਹੈ।

ਅਜਿਹੇ ਗਿਰੋਹ ਅਕਸਰ ਬੱਚਿਆਂ ਨੂੰ ਅਗਵਾ ਕਰ ਕੇ ਜਾਂ ਗ਼ਰੀਬ ਪਰਿਵਾਰਾਂ ਤੋਂ ਖ਼ਰੀਦ ਕੇ ਭੀਖ ਮੰਗਣ ਲਈ ਮਜਬੂਰ ਕਰਦੇ ਹਨ। ਪੰਜਾਬ ’ਚ ਖ਼ਾਸ ਤੌਰ ’ਤੇ ਸਰਹੱਦੀ ਖੇਤਰਾਂ ਵਿਚ ਬੱਚਿਆਂ ਦੀ ਤਸਕਰੀ ਇਕ ਵੱਡੀ ਸਮੱਸਿਆ ਹੈ। ਡੀਐੱਨਏ ਡਾਟਾਬੇਸ ਦੀ ਵਰਤੋਂ ਕਰ ਕੇ ਗੁਮਸ਼ੁਦਾ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਮੁੜ ਮਿਲਾਇਆ ਜਾ ਸਕਦਾ ਹੈ। ਡੀਐੱਨਏ ਟੈਸਟਿੰਗ ਇਕ ਸੰਵੇਦਨਸ਼ੀਲ ਪ੍ਰਕਿਰਿਆ ਹੈ ਅਤੇ ਇਸ ਨੂੰ ਬਿਨਾਂ ਸਹਿਮਤੀ ਦੇ ਕਰਨਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ



ਸਕਦੀ ਹੈ। ਟੈਸਟਿੰਗ ਦੀ ਲਾਗਤ ਤੇ ਸਰੋਤਾਂ ਦਾ ਸੀਮਤ ਹੋਣਾ ਵੀ ਇਕ ਵੱਡੀ ਚੁਣੌਤੀ ਹੈ। ਡੀਐੱਨਏ ਡਾਟਾਬੇਸ ਦੀ ਸੁਰੱਖਿਆ ਤੇ ਦੁਰਵਰਤੋਂ ਦਾ ਖ਼ਤਰਾ ਵੀ ਹੈ। ਡੀਐੱਨਏ ਟੈਸਟਿੰਗ ਨੂੰ ਇਕ ਪ੍ਰਭਾਵਸ਼ਾਲੀ ਔਜ਼ਾਰ ਵਜੋਂ ਵਰਤਣ ਲਈ ਸਰਕਾਰ ਤੇ ਸਮਾਜ ਨੂੰ ਮਿਲ ਕੇ ਕਈ ਠੋਸ ਕਦਮ ਚੁੱਕਣ ਦੀ ਲੋੜ ਹੈ। ਸਭ ਤੋਂ ਪਹਿਲਾਂ ਇਸ ਪ੍ਰਕਿਰਿਆ ਨੂੰ ਨੈਤਿਕ ਤੇ ਕਾਨੂੰਨੀ ਮਾਪਦੰਡਾਂ ਦੇ ਅਧੀਨ ਕੀਤਾ ਜਾਣਾ ਚਾਹੀਦਾ ਹੈ। ਇਹ ਸਿਰਫ਼ ਉਨ੍ਹਾਂ ਮਾਮਲਿਆਂ ’ਚ ਹੀ ਕੀਤੀ ਜਾਣੀ ਚਾਹੀਦੀ ਹੈ ਜਿੱਥੇ ਸੰਗਠਿਤ ਅਪਰਾਧ ਜਾਂ ਤਸਕਰੀ ਦਾ ਸ਼ੱਕ ਹੋਵੇ।

ਡੀਐੱਨਏ ਟੈਸਟਿੰਗ ਦੇ ਨਾਲ-ਨਾਲ ਸਿੱਖਿਆ, ਰੁਜ਼ਗਾਰ ਤੇ ਸਮਾਜਿਕ ਸੁਧਾਰਾਂ ’ਤੇ ਧਿਆਨ ਦੇਣ ਨਾਲ ਹੀ ਪੰਜਾਬ ਨੂੰ ਭੀਖ ਮੰਗਣ ਤੋਂ ਮੁਕਤ ਕੀਤਾ ਜਾ ਸਕਦਾ ਹੈ ਤੇ ਖ਼ੁਸ਼ਹਾਲ ਸੂਬਾ ਬਣਾਇਆ ਜਾ ਸਕਦਾ ਹੈ। ਇਸ ਦਿਸ਼ਾ ’ਚ ਸਮੂਹਿਕ ਯਤਨ ਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਅਹਿਮ ਹੈ ਤਾਂ ਜੋ ਹਰ ਬੱਚੇ ਨੂੰ ਸੁਰੱਖਿਅਤ ਤੇ ਸਨਮਾਨਜਨਕ ਜੀਵਨ ਜਿਉਣ ਦਾ ਮੌਕਾ ਮਿਲ ਸਕੇ।

# ਪੰਜਾਬ ਵਿਧਾਨ ਸਭਾ ਵਿੱਚ ਬੇਅਦਬੀ ਸਬੰਧੀ ਇਕ ਹੋਰ ਬਿਲ

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਬੇਅਦਬੀ ਸਬੰਧੀ ਬਿੱਲ ਪੇਸ਼ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਅੱਜ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਈ ਪੰਜਾਬ ਕੈਬਨਿਟ ਦੀ ਬੈਠਕ ਵਿੱਚ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ-2025' ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਹਾਲਾਂਕਿ, ਵਿਧਾਨ ਸਭਾ ਸੈਸ਼ਨ ਵਿੱਚ ਇਸ ਬਿੱਲ ਉੱਤੇ ਚਰਚਾ ਹੋਣੀ ਬਾਕੀ ਹੈ। ਦਰਅਸਲ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਾਲ 2015 ਤੋਂ ਬਾਅਦ ਤੀਜੀ ਅਜਿਹੀ ਸੂਬਾ ਸਰਕਾਰ ਹੈ, ਜਿਸ ਨੇ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਸਬੰਧੀ ਮਾਮਲਿਆਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਨਵਾਂ ਕਾਨੂੰਨ ਬਣਾਉਣ ਦੀ ਤਿਆਰੀ ਕੀਤੀ ਹੈ।

**ਬਿੱਲ ਦੇ ਖਰੜੇ ਵਿੱਚ ਕੀ-ਕੀ ਹੈ**

ਬਿੱਲ ਦੇ ਖਰੜੇ ਮੁਤਾਬਕ, ਪਵਿੱਤਰ ਗ੍ਰੰਥ ਤੋਂ ਉਨ੍ਹਾਂ ਦਾ ਮਤਲਬ ਹੈ ਕਿ ਕੋਈ ਵੀ ਗ੍ਰੰਥ ਜਿਸ ਨੂੰ ਸਬੰਧਤ ਧਾਰਮਿਕ ਸੰਪ੍ਰਦਾਵਾਂ ਵੱਲੋਂ ਪਵਿੱਤਰ ਅਤੇ ਸੁੱਚਾ ਮੰਨਿਆ ਜਾਂਦਾ ਹੈ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਜਾਂ ਉਸ ਦੇ ਭਾਗ ਜਿਸ ਵਿੱਚ ਪੋਥੀਆਂ ਅਤੇ ਗੁਟਕਾ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ਼ ਅਤੇ ਪਵਿੱਤਰ ਬਾਈਬਲ ਸ਼ਾਮਲ ਹੋ ਸਕਦੇ ਹਨ। ਇਸ ਦੇ ਤਹਿਤ 'ਅਪਰਾਧ' ਤੋਂ ਭਾਵ ਹੈ ਕਿਸੇ



ਵੀ ਧਾਰਮਿਕ ਗ੍ਰੰਥ ਜਾਂ ਉਸ ਦੇ ਭਾਗ ਦੀ ਕੋਈ ਬੇਅਦਬੀ, ਨੁਕਸਾਨ, ਤਬਾਹੀ, ਰੂਪ ਵਿਗਾੜਨਾ, ਕਰੂਪ ਕਰਨਾ, ਰੰਗ ਉਤਾਰਨਾ, ਗੰਦਾ ਕਰਨਾ, ਗਾਲਣਾ, ਸਾੜਨਾ, ਤੋੜਨਾ ਜਾਂ ਪਾੜਨਾ ਸ਼ਾਮਲ ਹੈ।

**ਖਰੜੇ ਮੁਤਾਬਕ ਸਜ਼ਾ**

ਖਰੜੇ ਮੁਤਾਬਕ ਇਸ ਐਕਟ ਅਧੀਨ ਕੀਤਾ ਗਿਆ ਅਪਰਾਧ ਗ਼ੈਰ-ਜ਼ਮਾਨਤੀ, ਗ਼ੈਰ-ਸਮਝੌਤਾਯੋਗ ਅਤੇ ਸੈਸ਼ਨ ਅਦਾਲਤ ਵੱਲੋਂ ਵਿਚਾਰਯੋਗ ਹੋਵੇਗਾ। ਇਸ ਦੇ ਨਾਲ ਹੀ ਇਸ ਸਬੰਧੀ ਅਪਰਾਧ ਦੀ ਤਫ਼ਤੀਸ਼ ਉੱਪ ਕਪਤਾਨ ਪੁਲਿਸ (ਡੀਐੱਸਪੀ) ਦੇ ਰੈਂਕ ਅਤੇ ਉਸ ਤੋਂ ਉਪਰਲੇ ਰੈਂਕ ਦੇ ਅਧਿਕਾਰੀ ਵੱਲੋਂ ਕੀਤੀ ਜਾਵੇਗੀ। ਇਸ ਐਕਟ ਅਧੀਨ ਜੇਕਰ ਕੋਈ ਅਪਰਾਧ ਕਰਦਾ ਹੈ ਤਾਂ ਉਸ ਲਈ ਘੱਟੋ-ਘੱਟ 10 ਸਾਲ ਦੀ ਸਜ਼ਾ ਅਤੇ ਉਮਰ ਕੈਦ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ 5 ਲੱਖ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਜੇਕਰ ਕੋਈ ਵਿਅਕਤੀ ਅਜਿਹੇ ਕਾਰੇ ਲਈ ਉਕਸਾਏ ਜਾਣ ਜਾਂ ਪ੍ਰੇਰਿਤ ਕਰਨ ਜਾਂ ਸਹਾਇਤਾ ਕਰਨ ਸਬੰਧੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਲਈ ਵੀ ਸਜ਼ਾ ਦਾ ਪ੍ਰਾਵਧਾਨ ਹੈ। ਜੇਕਰ ਵਿਅਕਤੀ ਵੱਲੋਂ ਕੀਤਾ ਅਪਰਾਧ ਐਕਟ ਅਧੀਨ ਆਉਂਦਾ ਹੈ ਤਾਂ ਉਸ ਲਈ ਵੀ ਤਿੰਨ ਸਾਲ ਤੋਂ ਪੰਜ ਸਾਲ ਦੀ ਸਜ਼ਾ ਅਤੇ ਤਿੰਨ ਲੱਖ ਰੁਪਏ ਤੱਕ ਜੁਰਮਾਨੇ ਦੀ ਤਜਵੀਜ਼ ਹੈ।

**ਬੇਅਦਬੀ ਦਾ ਮੁੱਦਾ ਇੰਨਾ ਅਹਿਮ ਕਿਉਂ**

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪੰਜਾਬ ਲਈ ਭਾਵਨਾਤਮਕ ਅਤੇ ਸਿਆਸੀ ਮੁੱਦਾ ਹੈ। ਸਿੱਖ ਧਰਮ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਜੀਵਤ ਗੁਰੂ ਮੰਨਿਆ ਜਾਂਦਾ ਹੈ। ਇਸ ਲਈ ਉਨ੍ਹਾਂ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੀ ਬੇਅਦਬੀ ਦੀ ਘਟਨਾ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਲਿਆ ਜਾਂਦਾ ਹੈ। 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹ ਮੁੱਦਾ ਸਭ ਤੋਂ ਅਹਿਮ ਰਿਹਾ ਹੈ।

ਦਰਅਸਲ ਅਕਤੂਬਰ 2015 ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨੇ ਸੂਬੇ ਦੇ ਰਾਜਨੀਤਿਕ ਬਿਰਤਾਂਤ ਨੂੰ ਬਦਲ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਖੁਦ ਨੂੰ ਸਿੱਖਾਂ ਦੀ ਨੁਮਾਇੰਦਾ ਸਿਆਸੀ ਜਮਾਤ ਵਜੋਂ ਪੇਸ਼ ਕਰਦਾ ਹੈ, ਇਸ ਲਈ ਉਨ੍ਹਾਂ ਦੇ ਰਾਜ ਵਿੱਚ ਬੇਅਦਬੀ ਦੀਆਂ ਘਟਨਾਵਾਂ ਹੋਣੀਆਂ ਅਤੇ ਇਨਸਾਫ਼ ਲਈ ਲੜ ਰਹੇ ਲੋਕਾਂ ਉਤੇ ਗੋਲੀਬਾਰੀ ਹੋਣ ਦੀ ਘਟਨਾ ਨੇ ਅਕਾਲੀ ਦਲ ਖ਼ਿਲਾਫ਼ ਸਿਆਸੀ ਹਵਾ ਦਾ ਰੁਖ ਬਦਲ ਦਿੱਤਾ। ਪੰਜਾਬ ਵਿੱਚ ਇਹ ਪ੍ਰਭਾਵ ਗਿਆ ਕਿ ਸਿੱਖਾਂ ਦੀ ਪਾਰਟੀ ਦੇ ਰਾਜ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਅਤੇ ਸਿੱਖਾਂ ਨੂੰ ਅਕਾਲੀ ਦਲ ਇਨਸਾਫ ਨਹੀਂ ਦੁਆ ਸਕੀ। ਇਹ ਅਕਾਲੀ ਦਲ ਲਈ ਇੱਕ ਵੱਡਾ ਸਿਆਸੀ ਝਟਕਾ ਸੀ ਅਤੇ ਉਹ ਸਿਆਸੀ ਤੌਰ ਉਤੇ ਹਸ਼ੀਏ 'ਤੇ ਆ ਗਈ। ਇਸ ਤੋਂ ਉਭਰਨ ਲਈ ਉਹ ਅਜੇ ਵੀ ਸੰਘਰਸ਼ ਕਰ ਰਹੀ ਹੈ। 2017 ਤੋਂ ਲੈ ਕੇ ਹੁਣ ਤੱਕ ਪੰਜਾਬ ਦੀ ਹਰ ਸਰਕਾਰ ਨੇ ਬੇਅਦਬੀ ਲਈ ਸਖ਼ਤ ਸਜ਼ਾ ਦੇਣ ਵਾਲਾ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਸਬੰਧ ਵਿੱਚ ਹੁਣ ਇੱਕ ਹੋਰ ਨਵੀਂ ਕੋਸ਼ਿਸ ਹੋ ਰਹੀ ਹੈ।

**ਅਕਾਲੀ ਸਰਕਾਰ ਸਮੇਂ ਪਾਸ ਕੀਤਾ ਕਾਨੂੰਨ ਕਿਉਂ ਨਹੀਂ ਹੋਇਆ ਪ੍ਰਵਾਨ**

ਮਾਰਚ 2016 ਵਿੱਚ ਤਤਕਾਲੀ ਸ਼੍ਰੋਮਣੀ ਅਕਾਲੀ ਦਲ-ਬੀਜੇਪੀ ਸਰਕਾਰ ਨੇ ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ, 2016 ਅਤੇ ਅਪਰਾਧਿਕ ਪ੍ਰਕਿਰਿਆ ਸੰਹਿਤਾ (ਪੰਜਾਬ ਸੋਧ) ਬਿੱਲ 2016 ਪਾਸ ਕੀਤਾ ਸੀ, ਜਿਸ ਵਿੱਚ ਸਿਰਫ਼ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਉਮਰ ਕੈਦ ਦੀ ਸਜ਼ਾ ਦੀ ਸਿਫ਼ਾਰਸ਼ ਕੀਤੀ ਗਈ ਸੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਕਾਨੂੰਨੀ ਮਾਹਰ ਅਰਸ਼ਦੀਪ ਸਿੰਘ ਕਲੇਰ ਦਾ ਕਹਿਣਾ ਹੈ ਕਿ ਮਾਰਚ 2016 ਵਿੱਚ ਉਸ ਸਮੇਂ ਦੀ ਅਕਾਲੀ ਸਰਕਾਰ ਨੇ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਸੱਦ ਕੇ ਆਈ.ਪੀ.ਸੀ. ਦੀ ਧਾਰਾ 295 ਏ ਵਿੱਚ ਸੋਧ ਕਰਕੇ 295 ਏ ਏ ਕਰਨ ਅਤੇ ਦੋ ਸਾਲ ਦੀ ਸਜ਼ਾ ਨੂੰ ਦਸ ਸਾਲ ਤੱਕ ਕਰਨ ਦੀ ਤਜਵੀਜ਼ ਰੱਖੀ ਸੀ। ਕਲੇਰ ਦਾ ਕਹਿਣਾ ਹੈ ਕਿ ਦੋਵੇਂ ਬਿੱਲ ਪਾਸ ਕਰਕੇ ਕੇਂਦਰ ਸਰਕਾਰ ਨੂੰ ਅੰਤਿਮ ਪ੍ਰਵਾਨਗੀ ਲਈ ਭੇਜੇ ਗਏ ਸਨ ਪਰ ਕੇਂਦਰ ਨੇ ਇਨ੍ਹਾਂ ਬਿੱਲਾਂ ਨੂੰ ਕੁਝ ਜ਼ਰੂਰੀ ਸੋਧ ਲਈ ਫਿਰ ਤੋਂ ਪੰਜਾਬ ਸਰਕਾਰ ਨੂੰ ਭੇਜ ਦਿੱਤਾ। "ਉਦੋਂ ਤੱਕ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਆ ਚੁੱਕੀ ਸੀ, ਜਿਸ ਕਾਰਨ ਅਕਾਲੀ ਸਰਕਾਰ ਵਲੋਂ ਪਾਸ ਕਾਨੂੰਨ ਅੰਤਿਮ ਪੜਾਅ ਤੱਕ ਨਹੀਂ ਪਹੁੰਚ ਸਕੇ।" ਕੇਂਦਰ ਨੇ ਬਿੱਲ ਇਹ ਕਹਿੰਦੇ ਹੋਏ ਵਾਪਸ ਕਰ ਦਿੱਤੇ ਸਨ ਕਿ "ਸੰਵਿਧਾਨ ਦੇ ਧਰਮ ਨਿਰਪੱਖ ਹੋਣ ਕਾਰਨ ਸਾਰੇ ਧਰਮਾਂ ਨਾਲ ਬਰਾਬਰ ਵਿਵਹਾਰ ਕਰਨ ਦੀ ਲੋੜ ਹੈ ਅਤੇ ਪੰਜਾਬ ਸਰਕਾਰ ਜਾਂ ਤਾਂ ਬਿੱਲ ਵਾਪਸ ਲਵੇ ਜਾਂ ਪ੍ਰਸਤਾਵਿਤ ਸੋਧ ਵਿੱਚ ਸਾਰੇ ਧਰਮਾਂ ਨੂੰ ਸ਼ਾਮਲ ਕਰੇ।" ਅਰਸ਼ਦੀਪ ਸਿੰਘ ਕਲੇਰ ਦਾ ਕਹਿਣਾ ਹੈ, "ਬੇਅਦਬੀ ਦੇ ਖ਼ਿਲਾਫ਼ ਸਖਤ ਕਾਨੂੰਨ ਬਣਨਾ ਚਾਹੀਦਾ ਹੈ ਪਰ ਇਹ ਵਿਧਾਨ ਸਭਾ ਦੇ ਸੈਸ਼ਨ ਤੱਕ ਹੀ ਨਹੀਂ ਸਗੋਂ ਇਸ ਨੂੰ ਕੇਂਦਰ ਦੀ ਪ੍ਰਵਾਨਗੀ ਵੀ ਮਿਲਣੀ ਜ਼ਰੂਰੀ ਹੈ।" ਅਕਾਲੀ ਸਰਕਾਰ ਦੇ ਸੱਤਾ ਤੋਂ ਲਾਂਭੇ ਹੋਣ ਤੋਂ ਕਰੀਬ ਇੱਕ ਸਾਲ ਬਾਅਦ ਸੂਬੇ ਦੀ ਨਵੀਂ ਕੈਪਟਨ ਅਮਰਿੰਦਰ ਸਰਕਾਰ ਨੇ ਇਸ ਕਾਨੂੰਨ ਨੂੰ ਕੇਂਦਰੀ ਸਲਾਹ ਮੁਤਾਬਕ ਸੋਧਿਆ ਅਤੇ ਨਵਾਂ ਬਿੱਲ ਵਿਧਾਨ ਸਭਾ ਵਿੱਚ ਪਾਸ ਕਰਵਾਇਆ।

**ਕਾਂਗਰਸ ਸਰਕਾਰ ਵੱਲੋਂ ਪਾਸ ਕਾਨੂੰਨ ਵਿੱਚ ਕਿਹੜੀ ਅੜਚਨ ਆਈ**

2018 ਵਿੱਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵੱਲੋਂ ਬੇਅਦਬੀ ਦੇ ਅਪਰਾਧਾਂ ਵਿਰੁੱਧ ਸਖ਼ਤ ਸਜ਼ਾ ਦੀ ਵਿਵਸਥਾ ਕਰਨ ਵਾਲੇ ਦੋ ਬਿੱਲ ਪਾਸ ਕੀਤੇ ਗਏ ਸਨ ਪਰ ਇਨ੍ਹਾਂ ਦੋਵਾਂ ਬਿੱਲਾਂ ਨੂੰ ਹੀ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲ ਸਕੀ ਸੀ। ਕਾਂਗਰਸ ਦੇ ਸ਼ਾਸਨ ਦੌਰਾਨ ਪੰਜਾਬ ਵਿਧਾਨ ਸਭਾ ਨੇ 2018 ਵਿੱਚ ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ, 2018 ਅਤੇ ਅਪਰਾਧਿਕ ਪ੍ਰਕਿਰਿਆ ਜ਼ਾਬਤਾ (ਪੰਜਾਬ ਸੋਧ) ਬਿੱਲ 2018 ਪਾਸ ਕੀਤੇ ਸਨ, ਜਿਸ ਵਿੱਚ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਗੁਰੂ ਗ੍ਰੰਥ ਸਾਹਿਬ, ਭਗਵਤ ਗੀਤਾ, ਪਵਿੱਤਰ ਕੁਰਾਨ ਅਤੇ ਪਵਿੱਤਰ ਬਾਈਬਲ ਦੇ ਸਨਮਾਨ ਨੂੰ ਠੇਸ ਪਹੁੰਚਾਉਣ, ਨੁਕਸਾਨ ਪਹੁੰਚਾਉਣ ਜਾਂ ਬੇਅਦਬੀ ਕਰਨ ਵਾਲੇ ਲਈ ਉਮਰ ਕੈਦ ਤੱਕ ਦੀ ਸਜ਼ਾ ਨਿਰਧਾਰਤ ਕੀਤੀ ਗਈ ਸੀ ਪਰ ਇਹ ਕਾਨੂੰਨ ਵੀ ਕੇਂਦਰ ਤੋਂ ਪਾਸ ਨਹੀਂ ਹੋ ਸਕਿਆ।

ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ, 2018 ਕਾਨੂੰਨ ਆਈਪੀਸੀ ਵਿੱਚ ਸੋਧ ਦੀ ਮੰਗ ਕਰਦਾ ਸੀ ਇਸ ਵਿੱਚ ਨਵੀਂ ਧਾਰਾ 295 ਏਏ ਜੋੜਨ ਦੀ ਵਕਾਲਤ ਕੀਤੀ ਗਈ ਸੀ। ਪਹਿਲਾਂ ਤੋਂ ਮੌਜੂਦ ਕਾਨੂੰਨ 295 ਏ ਵਿੱਚ ਦੋਸ਼ੀ ਨੂੰ ਤਿੰਨ ਸਾਲ ਦੀ ਸਜ਼ਾ ਦੀ ਵਿਵਸਥਾ ਸੀ। ਬਾਅਦ ਵਿੱਚ ਇਸ ਕਾਨੂੰਨ ਵਿੱਚ ਸੋਧ ਕਰਕੇ ਅਤੇ ਨਵੀਂ ਧਾਰਾ ਜੋੜ ਕੇ (ਕਿਸੇ ਵੀ ਵਰਗ ਦੇ ਧਰਮ ਦਾ ਅਪਮਾਨ ਕਰਨ ਜਾਂ ਪਵਿੱਤਰ ਸਥਾਨ ਨੂੰ ਨੁਕਸਾਨ ਪਹੁੰਚਾਉਣ) ਦੇ ਤਹਿਤ ਸਜ਼ਾ ਨੂੰ ਤਿੰਨ ਸਾਲ ਤੋਂ ਵਧਾ ਕੇ ਦਸ ਸਾਲ ਦੀ ਕੈਦ ਕਰਨ ਦੀ ਵੀ ਮੰਗ ਕੀਤੀ ਗਈ ਸੀ।

ਕਾਨੂੰਨੀ ਜਾਣਕਾਰ ਮੰਨਦੇ ਹਨ ਕਿ ਕਾਂਗਰਸ ਸਰਕਾਰ ਵਲੋਂ ਪਾਸ ਕੀਤੇ ਗਏ 2018 ਦੇ ਬੇਅਦਬੀ ਬਿੱਲਾਂ ਨੂੰ ਇਸ ਕਰਕੇ ਪ੍ਰਵਾਨਗੀ ਨਹੀਂ ਮਿਲੀ ਕਿਉਂਕਿ ਉਹ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.) ਦੀਆਂ ਧਰਾਵਾਂ ਦੇ ਮੁਤਾਬਕ ਸੀ, ਜਦਕਿ ਦੇਸ਼ ਵਿੱਚ ਹੁਣ ਬੀਐੱਨਐੱਸ ਲਾਗੂ ਹੋ ਚੁੱਕਾ ਹੈ ਅਤੇ ਇਸ ਕਰਕੇ ਕਾਨੂੰਨ ਦੀਆਂ ਧਾਰਾਵਾਂ ਨੂੰ ਬੀਐੱਨਐੱਸ ਦੇ ਉਪਬੰਧਾਂ ਦੇ ਮੁਤਾਬਕ ਨਵੇਂ ਸਿਰਿ ਂ ਤੈਅ ਕਰਕੇ ਮੁੜ ਤੋਂ ਕਾਨੂੰਨ ਬਣਾਉਣ ਲਈ ਆਖਿਆ ਗਿਆ ਹੈ।

# ਵਿਗੜ ਰਹੀ ਪੰਜਾਬ ਦੀ ਕਾਨੂੰਨ-ਵਿਵਸਥਾ

ਪੰਜਾਬ ਪਿਛਲੇ ਕੁਝ ਸਮੇਂ ਤੋਂ ਅਪਰਾਧਕ ਸਰਗਰਮੀਆਂ ਦੇ ਵਾਧੇ ਕਾਰਨ ਸੁਰਖੀਆਂ ਵਿਚ ਹੈ। ਲੰਘੇ ਕੱਲ੍ਹ ਅਬੋਹਰ ਵਿਚ ਵਾਪਰੀ ਇਕ ਘਟਨਾ ਨੇ ਪੂਰੇ ਸੂਬੇ ’ਚ ਸਨਸਨੀ ਫੈਲਾ ਦਿੱਤੀ ਹੈ। ਇੱਥੋਂ ਦੇ ਭਗਤ ਸਿੰਘ ਚੌਕ ’ਚ ਇਕ ਪ੍ਰਸਿੱਧ ਕੱਪੜਾ ਵਪਾਰੀ ਤੇ ਫੈਸ਼ਨ ਡਿਜ਼ਾਈਨਰ ਸੰਜੇ ਵਰਮਾ ਦੀ ਦਿਨ-ਦਿਹਾੜੇ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਨੇ ਨਾ ਸਿਰਫ਼ ਸਥਾਨਕ ਵਪਾਰੀ ਵਰਗ ’ਚ ਦਹਿਸ਼ਤ ਫੈਲਾਈ ਸਗੋਂ ਪੰਜਾਬ ਦੀ ਕਾਨੂੰਨ ਵਿਵਸਥਾ ’ਤੇ ਵੀ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ। ਘਟਨਾ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਇਕ ਸਮੂਹ ਨੇ ਸੋਸ਼ਲ ਮੀਡੀਆ ’ਤੇ ਇਕ ਪੋਸਟ ਰਾਹੀਂ ਲਈ। ਹਾਲਾਂਕਿ, ਪੁਲਿਸ ਇਸ ਪੋਸਟ ਦੀ ਸੱਚਾਈ ਦੀ ਜਾਂਚ ਕਰ ਰਹੀ ਹੈ ਪਰ ਪੁਲਿਸ ਨੇ ਕੁਝ ਨੌਜਵਾਨਾਂ ਨੂੰ ਪੁੱਛਗਿੱਛ ਲਈ ਹਿਰਾਸਤ ’ਚ ਲਿਆ ਹੈ। ਧਰ, ਪੁਲਿਸ ਨੇ ਇਸ ਮਾਮਲੇ ’ਚ ਖ਼ੁਫ਼ੀਆ ਜਾਣਕਾਰੀ ਦੇ ਆਧਾਰ ’ਤੇ ਇਕ ਅਪਰਾਧੀ ਨੂੰ ਗ੍ਰਿਫ਼ਤਾਰ ਕੀਤਾ ਅਤੇ ਮੰਗਲਵਾਰ ਨੂੰ ਮੁਕਾਬਲੇ ’ਚ ਦੋ ਹੋਰਾਂ ਨੂੰ ਢੇਰ ਕਰ ਦਿੱਤਾ,



ਹਾਲਾਂਕਿ ਇਸ ’ਚ ਇਕ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਿਆ। ਅਜਿਹਾ ਨਹੀਂ ਹੈ ਕਿ ਸੂਬੇ ਵਿਚ ਇਹ ਇਸ ਤਰ੍ਹਾਂ ਦੀ ਕੋਈ ਪਹਿਲੀ ਵਾਰਦਾਤ ਹੈ।

ਇਹ ਵਰਤਾਰਾ ਆਮ ਹੈ। ਹਾਲੇ ਕੁਝ ਦਿਨ ਪਹਿਲਾਂ ਹੀ ਮੋਗਾ ’ਚ ਇਕ ਡਾਕਟਰ ’ਤੇ ਕਾਤਲਾਨਾ ਹਮਲਾ ਹੋਇਆ, ਜਲੰਧਰ ’ਚ ਇਕ ਘਰ ’ਤੇ ਪੈਟਰੋਲ ਬੰਬ ਨਾਲ ਹਮਲਾ ਕੀਤਾ ਗਿਆ ਅਤੇ ਅਜਿਹੀਆਂ ਹੋਰ ਵੀ ਕਈ ਮਿਲਦੀਆਂ-ਜੁਲਦੀਆਂ ਘਟਨਾਵਾਂ ਨੇ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਬਹੁਤ ਸਾਰੇ ਸ਼ੰਕੇ ਪੈਦਾ ਕਰ ਦਿੱਤੇ ਹਨ। ਅਜਿਹੀਆਂ ਘਟਨਾਵਾਂ ਸੂਬੇ ਦੀ ਸੁਰੱਖਿਆ ਤੇ ਸਮਾਜਿਕ ਢਾਂਚੇ ਲਈ ਚੁਣੌਤੀ ਬਣ ਰਹੀਆਂ ਹਨ। ਅਬੋਹਰ ਦੀ ਇਸ ਘਟਨਾ ਨੇ ਪੰਜਾਬ ’ਚ ਵਧ ਰਹੀਆਂ ਫਿਰੌਤੀ ਦੀਆਂ ਵਾਰਦਾਤਾਂ ’ਤੇ ਵੀ ਚਾਨਣਾ ਪਾਇਆ।

ਗੈਂਗਸਟਰ ਸਮੂਹਾਂ ਨੇ ਵਪਾਰੀਆਂ, ਉਦਯੋਗਪਤੀਆਂ ਤੇ ਪ੍ਰਸਿੱਧ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਸੋਸ਼ਲ ਮੀਡੀਆ ’ਤੇ ਅਪਰਾਧੀ ਸਮੂਹ ਆਪਣੀਆਂ ਸਰਗਰਮੀਆਂ ਦੀ ਜ਼ਿੰਮੇਵਾਰੀ ਲੈਂਦੇ ਹਨ ਅਤੇ ਫਿਰੌਤੀ ਦੀਆਂ ਮੰਗਾਂ ਭੇਜਦੇ ਹਨ ਜਿਸ ਨਾਲ ਸਮਾਜ ਵਿਚ ਡਰ ਵਾਲਾ ਮਾਹੌਲ ਬਣ ਰਿਹਾ ਹੈ। ਪੰਜਾਬ ਦੇ ਸਿਆਸੀ ਨੇਤਾਵਾਂ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਤੇ ਸੂਬੇ ਵਿਚ ‘ਜੰਗਲ ਰਾਜ’ ਦੀ ਸਥਿਤੀ ਦਾ ਦੋਸ਼ ਲਾਇਆ। ਇਸ ਦੇ ਨਾਲ ਹੀ ਉਨ੍ਹਾਂ ਗੈਂਗਸਟਰਾਂ ਦੀ ਵਧਦੀਆਂ ਸਰਗਰਮੀਆਂ ਤੇ ਨਸ਼ਿਆਂ ਦੀ ਸਮੱਸਿਆ ਨੂੰ ਉਜਾਗਰ ਕੀਤਾ।

ਵਿਰੋਧੀ ਧਿਰ ਨੇ ਸਰਕਾਰ ’ਤੇ ਨਿਸ਼ਾਨਾ ਵਿੰਨ੍ਹਦੇ ਹੋਏ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਤੱਕ ਕੀਤੀ ਹੈ। ਫਿਰੌਤੀ ਦੀਆਂ ਵਾਰਦਾਤਾਂ ਤੇ ਅਜਿਹੀਆਂ ਹੱਤਿਆਵਾਂ ਨੇ ਵਪਾਰੀਆਂ ’ਚ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਇਸ ਨਾਲ ਸੂਬੇ ਦੀ ਆਰਥਿਕ ਸਥਿਤੀ ’ਤੇ ਵੀ ਮਾੜਾ ਅਸਰ ਪੈ ਸਕਦਾ ਹੈ ਕਿਉਂਕਿ ਵਪਾਰੀ ਤੇ ਉਦਯੋਗਪਤੀ ਸੂਬੇ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ।


ਪੰਜਾਬ ਵਿਚ ਵਧ ਰਹੀਆਂ ਫਿਰੌਤੀ ਦੀਆਂ ਵਾਰਦਾਤਾਂ ਸੂਬੇ ਦੀ ਸਮਾਜਿਕ ਤੇ ਆਰਥਿਕ ਸਥਿਰਤਾ ਲਈ ਵੱਡੀ ਪਰੇਸ਼ਾਨੀ ਪੈਦਾ ਕਰ ਰਹੀਆਂ ਹਨ।

ਇਸ ਸਿਲਸਿਲੇ ਵਿਚ ਵਧ ਰਹੀਆਂ ਅਜਿਹੀਆਂ ਵਾਰਦਾਤਾਂ ਦੀ ਡੂੰਘਾਈ ਨਾਲ ਪੜਚੋਲ ਕਰਨ ਦੀ ਲੋੜ ਹੈ। ਅਜਿਹੇ ਵਿਚ ਜ਼ਰੂਰੀ ਹੋ ਜਾਂਦਾ ਹੈ ਕਿ ਸੂਬਾ ਸਰਕਾਰ ਅਪਰਾਧੀ ਸਮੂਹਾਂ ਵਿਰੁੱਧ ਸਖ਼ਤ ਕਾਰਵਾਈ ਕਰੇ। ਪੁਲਿਸ ਤੰਤਰ ਨੂੰ ਮਜ਼ਬੂਤ ਕਰਨ ਅਤੇ ਸਮਾਜ ’ਚ ਵਿਸ਼ਵਾਸ ਬਹਾਲ ਕਰਨ ਲਈ ਵੀ ਠੋਸ ਕਦਮ ਚੁੱਕਣ ਦੀ ਲੋੜ ਹੈ। ਇਸ ਦੇ ਨਾਲ ਹੀ ਸਮਾਜ ਤੇ ਸਰਕਾਰ ਨੂੰ ਮਿਲ ਕੇ ਕੰਮ ਕਰਨ ਦੀ ਵੀ ਜ਼ਰੂਰਤ ਹੈ ਤਾਂ ਜੋ ਪੰਜਾਬ ਦੀ ਸ਼ਾਂਤੀ ਤੇ ਖ਼ੁਸ਼ਹਾਲੀ ਨੂੰ ਬਰਕਰਾਰ ਰੱਖਿਆ ਜਾ ਸਕੇ।

# ਮੂੰਹ ਵੀ ਦਿੰਦਾ ਹੈ ਦਿਲ ਦੇ ਦੌਰੇ ਦੇ ਸੰਕੇਤ

ਅੱਜਕੱਲ੍ਹ ਦੀ ਭੱਜਦੌੜ ਭਰੀ ਜ਼ਿੰਦਗੀ 'ਚ ਲੋਕ ਆਪਣੀ ਸਿਹਤ ਦਾ ਸਹੀ ਤਰੀਕੇ ਨਾਲ ਖਿਆਲ ਨਹੀਂ ਰੱਖ ਪਾ ਰਹੇ ਹਨ। ਮੋਟਾਪਾ, ਡਾਇਬਿਟੀਜ਼ ਤੇ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵਧ ਗਿਆ ਹੈ। ਸਾਡੇ ਸਰੀਰ 'ਚ ਜੇ ਕੋਈ ਵੀ ਬਿਮਾਰੀ ਹੁੰਦੀ ਹੈ ਤਾਂ ਉਸ ਦੇ ਕੁਝ ਸੰਕੇਤ ਸਾਨੂੰ ਪਹਿਲਾਂ ਹੀ ਮਿਲਣ ਲੱਗਦੇ ਹਨ। ਜਿਵੇਂ ਕਿ ਜਦੋਂ ਦਿਲ ਕਮਜ਼ੋਰ ਜਾਂ ਬਿਮਾਰ ਹੁੰਦਾ ਹੈ ਤਾਂ ਉਸ ਦੇ ਲੱਛਣ ਸਿਰਫ਼ ਛਾਤੀ 'ਚ ਦਰਦ ਜਾਂ ਥਕਾਵਟ ਤਕ ਹੀ ਸੀਮਤ ਨਹੀਂ ਰਹਿੰਦੇ।

ਕਈ ਵਾਰ ਦਿਲ ਨਾਲ ਜੁੜੀ ਸਮੱਸਿਆ ਦਾ ਸੰਕੇਤ ਸਾਡਾ ਮੂੰਹ ਵੀ ਦਿੰਦਾ ਹੈ। ਮੂੰਹ ਦੇ ਅੰਦਰ ਕੁਝ ਅਜਿਹੇ ਬਦਲਾਅ ਹੋਣ ਲੱਗਦੇ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਭਾਰੀ ਪੈ ਸਕਦਾ ਹੈ। ਅਕਸਰ ਲੋਕ ਮਸੂੜਿਆਂ 'ਚੋਂ ਖ਼ੂਨ ਆਉਣਾ, ਮੂੰਹ 'ਚੋਂ ਬਦਬੂ ਆਉਣਾ ਜਾਂ ਦੰਦਾਂ ਦਾ ਕਮਜ਼ੋਰ ਹੋਣ ਵਰਗੀਆਂ ਸਮੱਸਿਆਵਾਂ ਨੂੰ ਮਾਮੂਲੀ ਸਮਝ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ। ਪਰ ਵਰਣਨਯੋਗ ਹੈ ਕਿ ਕਈ ਵਾਰ ਇਹ ਲੱਛਣ ਦਿਲ ਦੀ ਕਿਸੇ ਗੰਭੀਰ ਬਿਮਾਰੀ ਨਾਲ ਜੁੜੇ ਹੋ ਸਕਦੇ ਹਨ। ਅੱਜ ਦਾ ਸਾਡਾ ਲੇਖ ਵੀ ਇਸੇ ਵਿਸ਼ੇ 'ਤੇ ਹੈ। ਅਸੀਂ ਤੁਹਾਨੂੰ ਮੂੰਹ 'ਚ ਨਜ਼ਰ ਆਉਣ ਵਾਲੇ ਕੁਝ ਲੱਛਣਾਂ ਬਾਰੇ ਦੱਸਣ ਜਾ ਰਹੇ ਹਾਂ ਜੋ ਦਿਲ ਦੀ ਬਿਮਾਰੀ ਦੀ ਵੱਲ ਇਸ਼ਾਰਾ ਕਰਦੇ ਹਨ। ਆ ਜਾਣੀਏ ਵਿਸਤਾਰ ਨਾਲ -




**ਮਸੂੜਿਆਂ 'ਚੋਂ ਖ਼ੂਨ ਆਉਣਾ**

ਜੇ ਤੁਹਾਡੇ ਮਸੂੜੇ ਲਾਲ ਹੋ ਗਏ ਹਨ ਜਾਂ ਵਾਰ-ਵਾਰ ਖ਼ੂਨ ਆ ਰਿਹਾ ਹੈ ਤਾਂ ਤੁਹਾਨੂੰ ਸਾਵਧਾਨ ਹੋ ਜਾਣ ਦੀ ਲੋੜ ਹੈ। ਇਹ ਦਿਲ ਦੀ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ। ਅਜਿਹੇ ਬੈਕਟੀਰੀਆ ਖ਼ੂਨ 'ਚ ਜਾ ਕੇ ਦਿਲ ਦੀਆਂ ਨਸਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

**ਦੰਦਾਂ ਦਾ ਹਿਲਣਾ ਜਾਂ ਡਿੱਗਣਾ**

ਜੇ ਤੁਹਾਡੇ ਦੰਦ ਬਿਨਾਂ ਕਿਸੇ ਕਾਰਨ ਹਿੱਲਣ ਲੱਗੇ ਹਨ ਜਾਂ ਫਿਰ ਡਿੱਗ ਜਾਂਦੇ ਹਨ ਤਾਂ ਇਹ ਸਰੀਰ 'ਚ ਲੰਬੇ ਸਮੇਂ ਤੋਂ ਚੱਲ ਰਹੀ ਸੋਜਿਸ਼ ਦਾ ਅਸਰ ਹੋ ਸਕਦਾ ਹੈ। ਇਸ ਨਾਲ ਦਿਲ ਦੇ ਦੌਰੇ ਜਾਂ ਸਟ੍ਰੋਕ ਦਾ ਖ਼ਤਰਾ ਵੱਧ ਜਾਂਦਾ ਹੈ।

**ਮੂੰਹ ਤੋਂ ਬਦਬੂ ਆਉਣਾ**

ਜੇ ਬ੍ਰਸ਼ ਕਰਨ ਦੇ ਬਾਵਜੂਦ ਤੁਹਾਡੇ ਮੂੰਹ ਤੋਂ ਬਦਬੂ ਆਉਂਦੀ ਹੈ ਤਾਂ ਸਮਝ ਲ ਕਿ ਤੁਹਾਡਾ ਸਰੀਰ ਤੁਹਾਨੂੰ ਕੁਝ ਸੰਕੇਤ ਦੇ ਰਿਹਾ ਹੈ। ਇਹ ਸਰੀਰ 'ਚ ਅੰਦਰੂਨੀ ਸੋਜਿਸ਼ ਦਾ ਸੰਕੇਤ ਹੋ ਸਕਦਾ ਹੈ, ਜੋ ਦਿਲ ਲਈ ਖਤਰਨਾਕ ਹੈ।

**ਜਬਾੜਿਆਂ 'ਚ ਦਰਦ ਹੋਣਾ**

ਜੇ ਹੇਠਲੇ ਜਬਾੜੇ 'ਚ ਅਚਾਨਕ ਤੇਜ਼ ਦਰਦ ਹੋਣ ਲੱਗੇ ਜੋ ਛਾਤੀ ਜਾਂ ਗਰਦਨ ਤਕ ਫੈਲ ਰਿਹਾ ਹੋਵੇ ਤਾਂ ਇਸ ਨੂੰ ਹਲਕੇ ਵਿਚ ਨਹੀਂ ਲੈਣਾ ਚਾਹੀਦਾ। ਖਾਸ ਕਰਕੇ ਔਰਤਾਂ 'ਚ ਇਹ ਦਿਲ ਦੇ ਦੌਰੇ ਦਾ ਸ਼ੁਰੂਆਤੀ ਲੱਛਣ ਹੋ ਸਕਦਾ ਹੈ।


# ਬਹੁਤ ਵੱਡੀ ਚੁਣੌਤੀ ਬਣੀ ਤੁਹਾਡੇ ਹੱਥ ਵਿਚ ਪਕੜੇ ਮੋਬਾਇਲ ਦੀ ਰੱਖਿਆ

ਮੌਜੂਦਾ ਸਮੇਂ ਸੂਚਨਾ ਤਕਨੀਕੀ ਸਾਧਨਾਂ ਨੇ ਜਿੱਥੇ ਸਾਡੇ ਲਈ ਗਿਆਨ ਅਤੇ ਸੰਚਾਰ ਦੇ ਨਵੇਂ ਰਾਹ ਖੋਲ੍ਹੇ ਹਨ, ਉੱਥੇ ਹੀ ਇਸ ਦੀ ਹੱਦ ਤੋਂ ਵੱਧ ਵਰਤੋਂ ਪੂਰੀ ਦੁਨੀਆ ਵਿੱਚ ਇੱਕ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਸ ਹੀ ਸੰਦਰਭ ਵਿਚ 'ਡਿਜੀਟਲ ਡੀਟੌਕਸ' ਸ਼ਬਦ ਵਰਤਮਾਨ ਸਮੇਂ ਬਹੁਤ ਚਰਚਾ ਵਿੱਚ ਬਣਿਆ ਹੋਇਆ ਹੈ। ਜੇਕਰ ਇਸ ਟਰਮ ਦੇ ਅਰਥਾਂ ਬਾਰੇ ਗੱਲ ਕਰੀਏ ਤਾਂ ਇਸ ਤੋਂ ਭਾਵ ਉਸ ਸਮੇਂ ਦੇ ਅੰਤਰਾਲ ਤੋਂ ਲਿਆ ਜਾਂਦਾ ਹੈ, ਜਦੋਂ ਕੋਈ ਵਿਅਕਤੀ ਜਾਣ-ਬੁੱਝ ਕੇ ਡਿਜੀਟਲ ਉਪਕਰਨਾਂ ਅਤੇ ਆਨਲਾਈਨ ਮੰਚਾਂ ਦੀ ਵਰਤੋਂ ਨੂੰ ਘਟਾਉਂਦਾ ਜਾਂ ਖ਼ਤਮ ਕਰਦਾ ਹੈ, ਤਾਂ ਜੋ ਮਨ ਅਤੇ ਸਰੀਰ ਨੂੰ ਤਕਨੀਕ ਦੀ ਨਿਰੰਤਰ ਉਤੇਜਨਾ ਤੋਂ ਨਿਜਾਤ ਮਿਲ ਸਕੇ। ਇਸ ਵਿੱਚ ਸੋਸ਼ਲ ਮੀਡੀਆ, ਈਮੇਲ, ਸਮਾਰਟ ਫੋਨ, ਕੰਪਿਊਟਰ ਅਤੇ ਇੱਥੋਂ ਤੱਕ ਕਿ ਆਮ ਤੌਰ 'ਤੇ ਇੰਟਰਨੈੱਟ ਤੋਂ ਵੀ ਬਰੇਕ ਲੈਣਾ ਸ਼ਾਮਲ ਹੋ ਸਕਦਾ ਹੈ। ਇਸ ਦਾ ਸਮਾਂ ਹਫ਼ਤੇ ਵਿੱਚ ਇੱਕ ਦਿਨ, ਮਹੀਨੇ ਵਿੱਚ ਇੱਕ ਹਫ਼ਤਾ, ਕਿਸੇ ਵੇਲੇ ਪੂਰਾ ਮਹੀਨਾ ਜਾਂ ਇਸ ਤੋਂ ਵੀ ਵੱਧ ਹੋ ਸਕਦਾ ਹੈ।

ਡਿਜੀਟਲ ਦੁਨੀਆ ਤੋਂ ਭਾਵ ਉਨ੍ਹਾਂ ਸਾਧਨਾਂ ਜਾਂ ਉਪਕਰਨਾਂ ਤੋਂ ਹੈ ਜਿਨ੍ਹਾਂ ਜ਼ਰੀਏ ਅਸੀਂ ਇੰਟਰਨੈੱਟ/ਨੈੱਟਵਰਕ ਉਪਰ ਸੰਚਾਰ/ਕੰਮਕਾਜ ਕਰਦੇ ਹਾਂ। ਹੁਣ ਤੁਹਾਡੇ ਮਨ ਅੰਦਰ ਇਹ ਸਵਾਲ ਜ਼ਰੂਰ ਉੱਠਦੇ ਹੋਣਗੇ ਕਿ ਅਜਿਹਾ ਕੀ ਹੋ ਗਿਆ ਕਿ ਸਾਨੂੰ ਇਨ੍ਹਾਂ ਉਪਕਰਨਾਂ/ਸਾਧਨਾਂ ਤੋਂ ਬਗੈਰ ਸਮਾਂ ਬਿਤਾਉਣ ਦੀ ਲੋੜ ਮਹਿਸੂਸ ਹੋ ਰਹੀ ਹੈ? ਇਸ ਦੇ ਉੱਤਰ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਸਮੇਂ ਦੁਨੀਆ ਦੇ ਬਹੁਤ ਸਾਰੇ ਅਧਿਐਨਾਂ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆ ਰਹੀ ਹੈ ਕਿ ਦੁਨੀਆ ਦੀ ਇੱਕ ਵੱਡੀ ਗਿਣਤੀ ਇਨ੍ਹਾਂ ਉਪਕਰਨਾਂ ਖ਼ਾਸ ਤੌਰ 'ਤੇ ਸਮਾਰਟ ਫੋਨ, ਸੋਸ਼ਲ ਮੀਡੀਆ ਦੀ ਲਤ ਦਾ ਸ਼ਿਕਾਰ ਹੋ ਗਈ ਹੈ। ਸਵੇਰੇ ਸ਼ਾਮ ਫੋਨ 'ਤੇ ਸੋਸ਼ਲ ਮੀਡੀਆ ਉੱਪਰ ਸਮਾਂ ਬਿਤਾਉਣਾ ਇੱਕ ਆਮ ਵਰਤਾਰਾ ਬਣ ਗਿਆ ਹੈ। ਹੁਣ ਸਾਡੀ ਸਵੇਰ ਸੋਸ਼ਲ ਮੀਡੀਆ ਉੱਪਰ ਉਂਗਲਾਂ ਦੇ ਟੱਚ ਨਾਲ ਹੀ ਸ਼ੁਰੂ ਹੁੰਦੀ ਹੈ ਅਤੇ ਅੱਖਾਂ ਵਿੱਚ ਰਾਤ ਨੂੰ ਨੀਂਦ ਆਉਣ ਤੱਕ ਇਹ ਉਂਗਲਾਂ ਸਮਾਰਟ ਫੋਨ ਉੱਪਰ ਹੀ ਹੁੰਦੀਆਂ ਹਨ, ਜਿਸ ਨਾਲ ਸਾਡੇ ਸਰੀਰ ਅਤੇ ਦਿਮਾਗ ਉੱਪਰ ਕਈ ਨਕਾਰਾਤਮਕ ਪ੍ਰਭਾਵ ਪੈ ਰਹੇ ਹਨ ਜਿਵੇਂ ਤਣਾਅ, ਉਦਾਸੀ, ਚਿੰਤਾ, ਇਕੱਲਾਪਨ, ਨੀਂਦ ਵਿੱਚ ਵਿਘਨ, ਖਾਣ-ਪੀਣ ਦੀਆਂ ਆਦਤਾਂ ਵਿੱਚ ਵਿਗਾੜ, ਆਪਣੇ ਆਲੇ-ਦੁਆਲੇ ਲੋਕਾਂ ਨਾਲ ਘੱਟ ਗੱਲਬਾਤ, ਪੜ੍ਹਾਈ ਅਤੇ ਕੰਮਕਾਜ ਵਿੱਚ ਨੁਕਸਾਨ ਆਦਿ।

ਕਰੋਨਾ ਕਾਲ ਦੌਰਾਨ ਤਾਂ ਇਸ ਦੀ ਵਰਤੋਂ ਹੋਰ ਵੀ ਵਧ ਗਈ ਹੈ। ਜਿਵੇਂ ਕਿਸੇ ਇਨਸਾਨ ਨੂੰ ਨਸ਼ੇ ਦੀ ਲਤ ਲੱਗ ਜਾਂਦੀ ਹੈ ਉਵੇਂ ਹੀ ਅੱਜ ਦੇ ਸਮੇਂ ਬੱਚੇ/ਨੌਜਵਾਨ ਇਨ੍ਹਾਂ ਸਾਧਨਾਂ ਦੀ ਹੱਦ ਤੋਂ ਵੱਧ ਵਰਤੋਂ ਦੀ ਲਤ ਦੇ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਹੀ ਰੁਝਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਡਿਜੀਟਲ ਡੀਟੌਕਸ' ਦਾ ਅਭਿਆਸ ਅੱਜ-ਕੱਲ੍ਹ ਦੁਨੀਆ ਦੇ ਕਈ ਦੇਸ਼ਾਂ ਵਿੱਚ ਹੋ ਰਿਹਾ ਹੈ ਤਾਂ ਕਿ ਇਨ੍ਹਾਂ ਡਿਜੀਟਲ ਸਾਧਨਾਂ ਦੀ ਵਰਤੋਂ ਵਿੱਚ ਸੰਤੁਲਨ ਬਣਾ ਕੇ ਰੱਖਿਆ ਜਾ ਸਕੇ। ਪਿਛਲੇ ਸਮੇਂ ਦੌਰਾਨ ਦੁਨੀਆ ਦੇ ਬਹੁਤ ਸਾਰੇ ਸਕੂਲਾਂ ਵਿੱਚ ਇਹ ਪ੍ਰਯੋਗ ਵੱਡੇ ਪੱਧਰ ਉੱਪਰ ਹੋਏ ਹਨ। ਅਸੀਂ ਅਜਿਹਾ ਵੀ ਕਹਿ ਸਕਦੇ ਹਾਂ ਕਿ ਡਿਜੀਟਲ ਡੀਟੌਕਸ ਆਪਣੇ ਤੋਂ ਦੂਰ ਹੁੰਦੇ ਲੋਕਾਂ/ ਰਿਸ਼ਤਿਆਂ/ ਸ਼ੌਕਾਂ/ ਦਿਲਚਸਪੀਆਂ/ ਕੁਦਰਤ ਨਾਲ ਦੁਬਾਰਾ ਇਕਮਿਕ ਹੋਣ ਦਾ ਇੱਕ ਸਾਰਥਕ ਉਪਰਾਲਾ ਹੈ। ਡੀਟੌਕਸ ਤੁਹਾਨੂੰ ਆਫਲਾਈਨ ਸ਼ੌਕਾਂ ਨੂੰ ਦੁਬਾਰਾ ਖੋਜਣ, ਕੁਦਰਤ ਵਿੱਚ ਵਧੇਰੇ ਸਮਾਂ ਬਿਤਾਉਣ, ਕਿਤਾਬਾਂ ਪੜ੍ਹਨ, ਕਸਰਤ ਕਰਨ ਜਾਂ ਦੋਸਤਾਂ ਅਤੇ ਪਰਿਵਾਰ ਨਾਲ ਆਹਮੋ-ਸਾਹਮਣੇ ਗੱਲਬਾਤ ਵਿੱਚ ਸ਼ਾਮਲ ਹੋਣ ਵਿੱਚ ਮਦਦ ਕਰ ਸਕਦਾ ਹੈ। ਇੱਕ ਰਿਪੋਰਟ ਅਨੁਸਾਰ ਔਸਤਨ ਬਾਲਗ ਹੁਣ ਤੋਂ ਦੋ ਦਹਾਕੇ ਪਹਿਲਾਂ ਦੇ ਮੁਕਾਬਲੇ ਆਪਣੇ ਦੋਸਤਾਂ ਨਾਲ 70 ਫ਼ੀਸਦੀ ਘੱਟ ਸਮਾਂ ਬਿਤਾਉਂਦਾ ਹੈ। ਡਿਜੀਟਲ ਉਪਕਰਨ ਸੰਪਰਕ ਜ਼ਰੂਰ ਪ੍ਰਦਾਨ ਕਰਦੇ ਹਨ, ਪਰ ਇਸ ਵਿੱਚ ਅਨੁਭਵ ਦੇ ਕੁਝ ਹਿੱਸੇ ਗਾਇਬ ਹੁੰਦੇ ਹਨ, ਜਿਵੇਂ ਕਿ ਵਿਅਕਤੀਗਤ ਸੰਪਰਕ ਦੀ ਖ਼ੁਸ਼ੀ ਅਤੇ ਦੂਜਿਆਂ ਵਿੱਚ ਵਿਸ਼ਵਾਸ ਜੋ ਆਨਲਾਈਨ ਪ੍ਰਾਪਤ ਕਰਨਾ ਮੁਸ਼ਕਲ ਹੁੰਦਾ ਹੈ।

'ਨਿਊ ਯਾਰਕ ਟਾਈਮਜ਼' ਵਿੱਚ ਛਪੇ ਇੱਕ ਲੇਖ ਵਿੱਚ 'ਸੇਨ ਡਿਏਗੋ ਯੂਨੀਵਰਸਿਟੀ' ਦੇ ਮਨੋਵਿਗਿਆਨ ਦੇ ਪ੍ਰੋਫੈਸਰ ਅਤੇ 'ਆਈ-ਜੇਨ' (I-Gen) ਕਿਤਾਬ (ਜਿਹੜੀ ਕਿ ਸਮਾਰਟ ਫੋਨ ਯੁੱਗ ਵਿੱਚ ਵੱਡੀ ਹੋ ਰਹੀ ਨਵੀਂ ਪੀੜ੍ਹੀ ਬਾਰੇ ਹੈ) ਦੇ ਲੇਖਕ ਜੀਨ ਟਵਾਂਗੇ ਆਪਣੀ ਸਲਾਹ ਦਿੰਦੇ ਹੋਏ, ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਬਾਲਗਾਂ ਅਤੇ ਕਿਸ਼ੋਰਾਂ ਨੂੰ ਆਪਣਾ ਸਮਾਰਟ ਫੋਨ ਰਾਤ ਨੂੰ ਸੌਣ ਵਾਲੇ ਕਮਰੇ ਵਿੱਚ ਨਹੀਂ ਰੱਖਣਾ ਚਾਹੀਦਾ। ਜੇ ਹੋ ਸਕੇ ਤਾਂ ਚਾਰਜਿੰਗ ਸੁਵਿਧਾ ਵੀ ਕਮਰੇ ਤੋਂ ਬਾਹਰ ਹੀ ਹੋਵੇ। ਇਸ ਪ੍ਰਕਾਰ ਅਸੀਂ ਇਹ ਆਖ ਸਕਦੇ ਹਾਂ ਕਿ ਸੂਚਨਾ ਤਕਨੀਕ ਸਾਧਨ ਮੌਜੂਦਾ ਸਮੇਂ ਸਾਡੀ ਲੋੜ ਬਣ ਚੁੱਕੇ ਹਨ, ਪ੍ਰੰਤੂ ਅਜਿਹਾ ਵੀ ਨਹੀਂ ਹੋਣਾ ਚਾਹੀਦਾ ਕਿ ਅਸੀਂ ਇਨ੍ਹਾਂ ਦੀ ਵਰਤੋਂ ਸਾਰਾ-ਸਾਰਾ ਦਿਨ ਕਰਦੇ ਹੋਏ ਇਨ੍ਹਾਂ ਵਿੱਚ ਹੀ ਗਵਾਚੇ ਰਹੀਏ ਤੇ ਅਸਲ ਦੁਨੀਆ ਨਾਲੋਂ ਟੁੱਟ ਕੇ ਅਜਿਹੇ ਮੁਕਾਮ ਉੱਪਰ ਪਹੁੰਚ ਜਾਈਏ ਜਿੱਥੇ ਸਾਡੇ ਆਪਣੇ, ਕੁਦਰਤ, ਸਾਡੀ ਦਿਲਚਸਪੀਆਂ ਸਾਥੋਂ ਦੂਰ ਹੋ ਜਾਣ ਅਤੇ ਅਸੀਂ ਇਨ੍ਹਾਂ ਦੀ ਸੰਗਤ ਦਾ ਰੰਗ ਹੀ ਨਾ ਮਾਣ ਸਕੀਏ, ਨਤੀਜੇ ਵਜੋਂ ਤਣਾਅ ਕਾਰਨ ਸਾਡੀ ਸਿਹਤ ਉੱਪਰ ਬਹੁਤ ਬੁਰਾ ਅਸਰ ਪੈ ਰਿਹਾ ਹੈ, ਸੋ ਸਾਨੂੰ ਇਨ੍ਹਾਂ ਸਾਧਨਾਂ ਦੀ ਸੰਜਮ ਨਾਲ ਸੁਚੱਜੀ ਵਰਤੋਂ ਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ। ਇਸ ਹੀ ਲੜੀ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਅੱਜ ਦੀ ਦੌੜ-ਭੱਜ ਅਤੇ ਡਿਜੀਟਲ ਦੁਨੀਆ ਤੋਂ ਅੰਤਰਾਲ ਲੈਣ ਲਈ ਡਿਜੀਟਲ ਡੀਟੌਕਸ ਵਿਧੀ ਇੱਕ ਵਧੀਆ ਚੋਣ ਹੋ ਸਕਦੀ ਹੈ।



### ਡਿਜੀਟਲ ਡੀਟੌਕਸ ਕਿਵੇਂ ਕਰੀਏ:

**ਸੀਮਾਵਾਂ ਨਿਰਧਾਰਤ ਕਰੋ:** ਆਪਣੇ ਡੀ-ਟੌਕਸ ਦੀ ਲੰਬਾਈ ਚੁਣੋ (ਜਿਵੇਂ ਕਿ ਕੁਝ ਘੰਟੇ, ਇੱਕ ਪੂਰਾ ਦਿਨ ਜਾਂ ਇੱਕ ਹਫ਼ਤਾ ਵੀ)। ਇਸ ਬਾਰੇ ਸਪੱਸ਼ਟ ਸੀਮਾਵਾਂ ਨਿਰਧਾਰਤ ਕਰੋ ਕਿ ਤੁਸੀਂ ਕਿਹੜੇ ਡਿਵਾਈਸਾਂ ਅਤੇ ਪਲੈਟਫਾਰਮਾਂ ਤੋਂ ਪਰਹੇਜ਼ ਕਰੋਗੇ। ਉਦਾਹਰਨ ਵਜੋਂ ਤੁਸੀਂ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਸੀਮਤ ਕਰਨ ਦਾ ਫ਼ੈਸਲਾ ਕਰ ਸਕਦੇ ਹੋ, ਪਰ ਫਿਰ ਵੀ ਕੰਮ ਲਈ ਕੰਪਿਊਟਰ ਦੀ ਵਰਤੋਂ ਕਰ ਸਕਦੇ ਹੋ।

**ਨੋਟੀਫਿਕੇਸ਼ਨ ਬੰਦ ਕਰੋ:** ਆਪਣੇ ਫੋਨ, ਈਮੇਲ ਅਤੇ ਐਪਸ 'ਤੇ ਸਾਰੀਆਂ ਗ਼ੈਰ-ਜ਼ਰੂਰੀ ਸੂਚਨਾਵਾਂ ਨੂੰ ਅਯੋਗ ਕਰੋ। ਇਹ ਤੁਹਾਡੀ ਡਿਵਾਈਸ ਨੂੰ ਲਗਾਤਾਰ ਚੈੱਕ ਕਰਨ ਦੇ ਲਾਲਚ ਨੂੰ ਘਟਾ ਦੇਵੇਗਾ।

**ਤਕਨਾਲੋਜੀ ਦੀ ਧਿਆਨ ਨਾਲ ਵਰਤੋਂ ਕਰੋ:** ਜੇਕਰ ਤੁਸੀਂ ਕੰਮ ਜਾਂ ਨਿੱਜੀ ਕਾਰਨਾਂ ਕਰਕੇ ਡਿਵਾਈਸਾਂ ਤੋਂ ਪੂਰੀ ਤਰ੍ਹਾਂ ਡਿਸਕਨੈਕਟ ਨਹੀਂ ਕਰ ਸਕਦੇ ਤਾਂ ਉਨ੍ਹਾਂ ਸਾਧਨਾਂ ਦੀ ਵਰਤੋਂ ਕਰੋ ਜੋ ਤੁਹਾਡੀ ਵਰਤੋਂ ਨੂੰ ਟਰੈਕ ਕਰਦੇ ਹਨ ਜਾਂ ਤੁਹਾਡੇ ਫੋਨ ਜਾਂ ਈਮੇਲ ਦੀ ਜਾਂਚ ਕਰਨ ਲਈ ਖ਼ਾਸ ਸਮਾਂ ਨਿਰਧਾਰਤ ਕਰਦੇ ਹਨ।

**ਆਫਲਾਈਨ ਗਤੀਵਿਧੀਆਂ ਵਿੱਚ ਸ਼ਾਮਲ ਹੋਵੋ:** ਉਹ ਸਮਾਂ ਜੋ ਤੁਸੀਂ ਆਮ ਤੌਰ 'ਤੇ ਆਨਲਾਈਨ ਬਿਤਾਉਂਦੇ ਹੋ, ਉਨ੍ਹਾਂ ਗਤੀਵਿਧੀਆਂ ਨਾਲ ਭਰੋ ਜਿਨ੍ਹਾਂ ਵਿੱਚ ਸਕਰੀਨ ਸ਼ਾਮਲ ਨਹੀਂ ਹੁੰਦੀ ਜਿਵੇਂ ਕਿ ਪੜ੍ਹਨਾ, ਖਾਣਾ ਪਕਾਉਣਾ, ਕਸਰਤ ਕਰਨਾ, ਧਿਆਨ ਕਰਨਾ ਜਾਂ ਅਜ਼ੀਜ਼ਾਂ ਨਾਲ ਸਮਾਂ ਬਿਤਾਉਣਾ।

**ਡਿਵਾਈਸ-ਫ੍ਰੀ ਜ਼ੋਨ ਸੈੱਟ ਕਰੋ:** ਆਪਣੇ ਘਰ ਵਿੱਚ ਖ਼ਾਸ ਖੇਤਰ ਬਣਾਓ ਜਿੱਥੇ ਡਿਜੀਟਲ ਡਿਵਾਈਸਾਂ ਦੀ ਇਜਾਜ਼ਤ ਨਹੀਂ ਹੈ, ਜਿਵੇਂ ਕਿ ਡਾਇਨਿੰਗ ਟੇਬਲ ਜਾਂ ਬੈੱਡਰੂਮ। ਇਹ ਤੁਹਾਡੇ ਫੋਨ ਜਾਂ ਲੈਪਟਾਪ ਦੀ ਵਰਤੋਂ ਕਰਨ ਦੇ ਲਾਲਚ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ ਜਦੋਂ ਤੁਹਾਨੂੰ ਆਰਾਮ ਕਰਨਾ ਚਾਹੀਦਾ ਹੈ।

**ਹੌਲੀ-ਹੌਲੀ ਡੀਟੌਕਸ:** ਜੇਕਰ ਇੱਕ ਪੂਰਾ ਡੀਟੌਕਸ ਬਹੁਤ ਜ਼ਿਆਦਾ ਮਹਿਸੂਸ ਹੁੰਦਾ ਹੈ ਤਾਂ ਇਸ ਦੀ ਸ਼ੁਰੂਆਤ ਥੋੜ੍ਹੇ ਸਮੇਂ ਨਾਲ ਕਰੋ। ਉਦਾਹਰਨ ਵਜੋਂ ਦਿਨ ਵਿੱਚ ਇੱਕ ਘੰਟੇ ਲਈ ਆਪਣੇ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਸੀਮਤ ਕਰਕੇ ਸ਼ੁਰੂ ਕਰੋ ਤੇ ਫਿਰ ਇਸ ਸਮੇਂ ਨੂੰ ਵਧਾਉਣ ਦੀ ਕੋਸ਼ਿਸ਼ ਕਰੋ।

**ਤਕਨਾਲੋਜੀ ਨਾਲ ਆਪਣੇ ਰਿਸ਼ਤੇ ਦਾ ਮੁੜ ਮੁਲਾਂਕਣ ਕਰੋ:** ਆਪਣੇ ਡੀਟੌਕਸ ਦੌਰਾਨ ਇਸ ਗੱਲ 'ਤੇ ਵਿਚਾਰ ਕਰਨ ਦਾ ਮੌਕਾ ਲਓ ਕਿ ਤੁਸੀਂ ਡਿਵਾਈਸਾਂ 'ਤੇ ਕਿੰਨਾ ਸਮਾਂ ਬਿਤਾਉਂਦੇ ਹੋ ਅਤੇ ਕੀ ਇਹ ਸਿਹਤਮੰਦ ਜਾਂ ਸੰਤੁਲਿਤ ਹੈ। ਇਹ ਤੁਹਾਨੂੰ ਤਕਨਾਲੋਜੀ ਦੀ ਵਰਤੋਂ ਕਰਨ ਦੇ ਤਰੀਕੇ ਵਿੱਚ ਲੰਬੇ ਸਮੇਂ ਦੇ ਬਦਲਾਅ ਕਰਨ ਲਈ ਅਗਵਾਈ ਕਰ ਸਕਦਾ ਹੈ।

ਜੇਕਰ ਤੁਹਾਨੂੰ ਡਿਸਕਨੈਕਟ ਕਰਨਾ ਮੁਸ਼ਕਲ ਲੱਗਦਾ ਹੈ, ਤਾਂ ਇਸ ਨੂੰ ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨਾਲ ਕਰਨ ਦੀ ਕੋਸ਼ਿਸ਼ ਕਰੋ। ਖ਼ਾਸ ਟੀਚੇ ਨਿਰਧਾਰਤ ਕਰੋ: ''ਮੈਂ ਸਕਰੀਨਾਂ ਤੋਂ ਬਚਾਂਗਾ'' ਕਹਿਣ ਦੀ ਬਜਾਏ, ''ਮੈਂ 24 ਘੰਟੇ ਸੋਸ਼ਲ ਮੀਡੀਆ ਦੀ ਵਰਤੋਂ ਨਹੀਂ ਕਰਾਂਗਾ' ਜਾਂ 'ਮੈਂ ਸੌਣ ਤੋਂ ਇੱਕ ਘੰਟਾ ਪਹਿਲਾਂ ਆਪਣੇ ਫੋਨ ਦੀ ਵਰਤੋਂ ਬੰਦ ਕਰ ਦਿਆਂਗਾ' ਵਰਗੇ ਖ਼ਾਸ ਟੀਚੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ। ਜੇਕਰ ਤੁਸੀਂ ਡੀਟੌਕਸ ਦੀ ਯੋਜਨਾ ਬਣਾ ਰਹੇ ਹੋ ਤਾਂ ਦੋਸਤਾਂ ਅਤੇ ਪਰਿਵਾਰ ਨੂੰ ਪਹਿਲਾਂ ਹੀ ਦੱਸੋ, ਖ਼ਾਸ ਕਰਕੇ ਜੇ ਤੁਸੀਂ ਕੁਝ ਸਮੇਂ ਲਈ ਪਹੁੰਚ ਤੋਂ ਬਾਹਰ ਹੋਣ ਦੀ ਉਮੀਦ ਕਰਦੇ ਹੋ।



ਜਗਜੀਤ ਸਿੰਘ ਗਣੇਸ਼ਪੁਰ

ਡਿਜੀਟਲ ਡੀਟੌਕਸ ਤੁਹਾਡੇ ਦਿਮਾਗ਼ ਨੂੰ ਆਰਾਮ ਕਰਨ ਅਤੇ ਰੀਚਾਰਜ ਕਰਨ ਦਾ ਮੌਕਾ ਦਿੰਦਾ ਹੈ, ਬਰੇਕ ਤੋਂ ਬਾਅਦ ਤੁਹਾਡੇ ਅੰਦਰਲੇ ਰਚਨਾਤਮਕ ਪੱਖ ਨੂੰ ਬਾਹਰ ਲਿਆਉਣ ਵਿੱਚ ਸਹਾਇਤਾ ਕਰਦਾ ਹੈ। ਇਸ ਦੇ ਹੋਰ ਵੀ ਫਾਇਦੇ ਹਨ ਜਿਵੇਂ;

**ਬਿਹਤਰ ਮਾਨਸਿਕ ਸਿਹਤ:** ਚਿੰਤਾ, ਤਣਾਅ ਅਤੇ ਉਦਾਸੀ ਦੀਆਂ ਭਾਵਨਾਵਾਂ ਨੂੰ ਘਟਾਉਂਦਾ ਹੈ। ਸੋਸ਼ਲ ਮੀਡੀਆ 'ਤੇ ਤੁਲਨਾ ਅਤੇ FOMO (ਗੁੰਮ ਜਾਣ ਦਾ ਡਰ) ਦੇ ਚੱਕਰ ਨੂੰ ਤੋੜਦਾ ਹੈ।

**ਨੀਂਦ ਦੀ ਗੁਣਵੱਤਾ ਵਿੱਚ ਸੁਧਾਰ:** ਨੀਲੀ ਰੋਸ਼ਨੀ ਦੇ ਸੰਪਰਕ ਨੂੰ ਘਟਾਉਂਦਾ ਹੈ, ਜਿਸ ਨਾਲ ਤੁਹਾਨੂੰ ਜਲਦੀ ਸੌਣ ਵਿੱਚ ਮਦਦ ਮਿਲਦੀ ਹੈ। ਡੂੰਘੀ, ਵਧੇਰੇ ਆਰਾਮਦਾਇਕ ਨੀਂਦ ਨੂੰ ਉਤਸ਼ਾਹਿਤ ਕਰਦਾ ਹੈ।

**ਮਜ਼ਬੂਤ ਰਿਸ਼ਤੇ:** ਅਸਲ ਆਹਮੋ-ਸਾਹਮਣੇ ਗੱਲਬਾਤ ਨੂੰ ਉਤਸ਼ਾਹਿਤ ਕਰਦਾ ਹੈ। ਪਰਿਵਾਰ ਅਤੇ ਦੋਸਤਾਂ ਨਾਲ ਗੁਣਵੱਤਾ ਵਾਲਾ ਸਮਾਂ ਵਧਾਉਂਦਾ ਹੈ।

**ਉਤਪਾਦਕਤਾ:** ਭਟਕਣਾਵਾਂ ਨੂੰ ਘੱਟ ਕਰਦਾ ਹੈ। ਤੁਹਾਨੂੰ ਕੰਮਾਂ ਜਾਂ ਪੜ੍ਹਾਈ 'ਤੇ ਬਿਹਤਰ ਢੰਗ ਨਾਲ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦਾ ਹੈ।

**ਰਚਨਾਤਮਕਤਾ ਅਤੇ ਮਾਨਸਿਕਤਾ ਵਿੱਚ ਵਾਧਾ:** ਤੁਹਾਡੇ ਦਿਮਾਗ਼ ਨੂੰ ਸੁਤੰਤਰ ਅਤੇ ਰਚਨਾਤਮਕ ਢੰਗ ਨਾਲ ਸੋਚਣ ਲਈ ਜਗ੍ਹਾ ਦਿੰਦਾ ਹੈ। ਵਰਤਮਾਨ ਪਲ ਵਿੱਚ ਜਿਊਣ ਲਈ ਉਤਸ਼ਾਹਿਤ ਕਰਦਾ ਹੈ।

**ਬਿਹਤਰ ਸਰੀਰਕ ਸਿਹਤ:** ਸਕਰੀਨ ਸਮੇਂ ਤੋਂ ਅੱਖਾਂ ਦੇ ਦਬਾਅ ਅਤੇ ਗਰਦਨ/ਪਿੱਠ ਦੇ ਦਰਦ ਨੂੰ ਘਟਾਉਂਦਾ ਹੈ। ਸਰੀਰਕ ਗਤੀਵਿਧੀ ਅਤੇ ਬਾਹਰੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਦਾ ਹੈ।

ਅੱਜ ਦੇ ਸੰਸਾਰ ਵਿੱਚ ਸੰਤੁਲਿਤ ਅਤੇ ਸੰਪੂਰਨ ਜੀਵਨ ਬਣਾਈ ਰੱਖਣ ਲਈ ਸਕਰੀਨਾਂ ਅਤੇ ਡਿਜੀਟਲ ਉਪਕਰਨਾਂ ਤੋਂ ਸਮਾਂ ਕੱਢਣਾ ਜ਼ਰੂਰੀ ਹੈ। ਭਾਵੇਂ ਇਹ ਕੁਝ ਘੰਟਿਆਂ ਲਈ ਹੋਵੇ ਜਾਂ ਲੰਬੇ ਸਮੇਂ ਲਈ ਡਿਜੀਟਲ ਭਟਕਣਾਵਾਂ ਤੋਂ ਡਿਸਕਨੈਕਟ ਕਰਨਾ ਤੁਹਾਨੂੰ ਅਸਲ ਦੁਨੀਆ ਨਾਲ ਦੁਬਾਰਾ ਜੁੜਨ, ਉਤਪਾਦਕਤਾ ਅਤੇ ਮਾਨਸਿਕਤਾ ਨੂੰ ਬਹਾਲ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ। ਸੋ, ਸਕਰੀਨ ਤੋਂ ਦੂਰ ਰਹਿਣ ਦੀਆਂ ਖ਼ੁਸ਼ੀਆਂ ਨੂੰ ਮਾਣਨ ਲਈ ਸਾਨੂੰ ਸਾਰਿਆਂ ਨੂੰ ਹੀ ਡਿਜੀਟਲ ਡੀਟੌਕਸ ਹਫ਼ਤੇ ਵਿੱਚ ਇੱਕ ਦਿਨ ਜ਼ਰੂਰ ਅਜ਼ਮਾਉਣਾ ਚਾਹੀਦਾ ਹੈ।

# ਪੰਜਾਬ 'ਚ ਮਿਲਣ ਵਾਲੀਆਂ ਮੁਫ਼ਤ ਸਿਹਤ ਸਹੂਲਤਾਂ ਦਾ ਕੀ ਫਾਇਦਾ ਅਤੇ ਨੁਕਸਾਨ

ਪੰਜਾਬ ਸਰਕਾਰ ਨੇ ਇਕ ਅਜਿਹੀ ਸਕੀਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਜਿਸ ਨਾਲ ਸੂਬੇ ਦੇ ਸਿਹਤ ਸੰਭਾਲ ਖੇਤਰ 'ਚ ਇਕ ਨਵਾਂ ਮੀਲ ਪੱਥਰ ਸਥਾਪਤ ਹੋਵੇਗਾ। 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਤਹਿਤ ਪੰਜਾਬ ਦੇ ਹਰੇਕ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾਵੇਗਾ।

ਇਹ ਸਕੀਮ ਸੂਬੇ ਦੀ 3 ਕਰੋੜ ਦੀ ਆਬਾਦੀ, ਭਾਵ 65 ਲੱਖ ਪਰਿਵਾਰਾਂ ਨੂੰ ਲਾਭ ਪਹੁੰਚਾਉਣ ਦਾ ਮਨਸੂਬਾ ਰੱਖਦੀ ਹੈ ਅਤੇ ਇਸ ਦੀ ਰਸਮੀ ਸ਼ੁਰੂਆਤ 2 ਅਕਤੂਬਰ ਤੋਂ ਹੋਵੇਗੀ। ਇਸ ਦਾ ਉਦੇਸ਼ ਸੂਬੇ ਦੇ ਹਰ ਨਾਗਰਿਕ ਨੂੰ ਵਿੱਤੀ ਸੀਮਾਵਾਂ ਤੋਂ ਮੁਕਤ ਕਰ ਕੇ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਇਸ ਤਹਿਤ ਸਰਕਾਰੀ ਤੇ ਸੂਚੀਬੱਧ ਨਿੱਜੀ ਹਸਪਤਾਲਾਂ 'ਚ 2000 ਤੋਂ ਵੱਧ ਬਿਮਾਰੀਆਂ ਦੇ ਮੁਫ਼ਤ ਤੇ ਕੈਸ਼ਲੈਸ ਇਲਾਜ ਦੀ ਸਹੂਲਤ ਮਿਲੇਗੀ।

**ਗ਼ਰੀਬ ਤੇ ਮੱਧ ਵਰਗ ਦੇ ਪਰਿਵਾਰ ਜੋ ਪਹਿਲਾਂ ਮਹਿੰਗੇ ਇਲਾਜ ਕਾਰਨ ਆਰਥਿਕ ਸੰਕਟ 'ਚ ਫਸ ਜਾਂਦੇ ਸਨ, ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਵਿਚ ਕੋਈ ਆਮਦਨ ਸਰਟੀਫਿਕੇਟ ਜਾਂ ਰਾਸ਼ਨ ਕਾਰਡ ਦੀ ਲੋੜ ਨਹੀਂ ਹੈ, ਸਿਰਫ਼ ਆਧਾਰ ਕਾਰਡ ਜਾਂ ਵੋਟਰ ਆਈਡੀ ਨਾਲ ਸਿਹਤ ਕਾਰਡ ਬਣਾਇਆ ਜਾਵੇਗਾ।**



ਇਸ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਅਮੀਰ-ਗ਼ਰੀਬ, ਪੇਂਡੂ-ਸ਼ਹਿਰੀ, ਸਰਕਾਰੀ ਕਰਮਚਾਰੀ, ਪੈਨਸ਼ਨਰ, ਕਿਸਾਨ, ਵਪਾਰੀ ਸਾਰੇ ਵਰਗਾਂ ਨੂੰ ਕਵਰ ਕਰਦੀ ਹੈ। ਇਸ ਵਿਚ ਕੋਈ ਆਮਦਨ ਸਰਟੀਫਿਕੇਟ ਜਾਂ ਰਾਸ਼ਨ ਕਾਰਡ ਦੀ ਲੋੜ ਨਹੀਂ ਹੈ, ਸਿਰਫ਼ ਆਧਾਰ ਕਾਰਡ ਜਾਂ ਵੋਟਰ ਆਈਡੀ ਨਾਲ ਸਿਹਤ ਕਾਰਡ ਬਣਾਇਆ ਜਾਵੇਗਾ। ਜਿਹੜੇ ਪਰਿਵਾਰ ਕੇਂਦਰ ਸਰਕਾਰ ਦੀ 'ਆਯੁਸ਼ਮਾਨ ਭਾਰਤ' ਯੋਜਨਾ ਅਧੀਨ ਆਉਂਦੇ ਹਨ, ਉਨ੍ਹਾਂ ਨੂੰ 5 ਲੱਖ ਰੁਪਏ ਦਾ ਵਾਧੂ ਟਾਪ-ਅੱਪ ਕਵਰ ਮਿਲੇਗਾ ਜਿਸ ਨਾਲ ਕੁੱਲ 10 ਲੱਖ ਰੁਪਏ ਦੀ ਸਹੂਲਤ ਮਿਲ ਸਕੇਗੀ। ਸਿਹਤ ਸੰਭਾਲ ਦੇ ਖੇਤਰ 'ਚ ਇਹ ਸਕੀਮ ਮਿਸਾਲੀ ਸਾਬਿਤ ਹੋ ਸਕਦੀ ਹੈ। ਦਰਅਸਲ, ਪਿਛਲੀਆਂ ਸਰਕਾਰਾਂ ਦੇ ਸਮੇਂ ਸਿਹਤ ਸੇਵਾਵਾਂ ਦੀ ਪਹੁੰਚ ਸੀਮਤ ਸੀ ਅਤੇ ਬਹੁਤ ਸਾਰੇ ਪਰਿਵਾਰਾਂ ਨੂੰ ਨੀਲੇ ਜਾਂ ਪੀਲੇ ਕਾਰਡਾਂ ਦੀਆਂ ਰਸਮੀ ਕਾਰਵਾਈਆਂ 'ਚ ਉਲਝਣਾ ਪੈਂਦਾ ਸੀ। ਇਸ ਯੋਜਨਾ ਲਈ ਸਰਕਾਰ ਨੇ ਪਹਿਲਾਂ ਹੀ ਵਿੱਤੀ ਸਾਲ 2025-26 ਦੇ ਬਜਟ 'ਚ 1100 ਕਰੋੜ ਰੁਪਏ ਦੀ ਵਿਵਸਥਾ ਕਰ ਦਿੱਤੀ ਹੈ। ਇਸ ਯੋਜਨਾ ਨਾਲ ਨਾ ਸਿਰਫ਼ ਸਿਹਤ-ਸੰਭਾਲ ਦੀ ਪਹੁੰਚ ਵਧੇਗੀ ਸਗੋਂ ਸਮਾਜ ਦੇ ਹਰ ਵਰਗ ਦੀ ਜ਼ਿੰਦਗੀ 'ਚ ਹਾਂ-ਪੱਖੀ ਬਦਲਾਅ ਵੀ ਆਵੇਗਾ।


ਖ਼ਾਸ ਤੌਰ 'ਤੇ ਗ਼ਰੀਬ ਤੇ ਮੱਧ ਵਰਗ ਦੇ ਪਰਿਵਾਰ ਜੋ ਪਹਿਲਾਂ ਮਹਿੰਗੇ ਇਲਾਜ ਕਾਰਨ ਆਰਥਿਕ ਸੰਕਟ 'ਚ ਫਸ ਜਾਂਦੇ ਸਨ, ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ। ਹਰ ਵੱਡੀ ਸਕੀਮ ਦੀ ਤਰ੍ਹਾਂ ਇਸ ਯੋਜਨਾ ਨੂੰ ਵੀ ਕੁਝ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੀ ਸਫਲਤਾ ਸਰਕਾਰੀ ਅਮਲੇ ਦੀ ਕੁਸ਼ਲਤਾ ਤੇ ਜਨਤਕ ਜਾਗਰੂਕਤਾ 'ਤੇ ਨਿਰਭਰ ਕਰੇਗੀ। ਨਿੱਜੀ ਹਸਪਤਾਲਾਂ ਨੂੰ ਸਮੇਂ ਸਿਰ ਭੁਗਤਾਨ ਕਰਨਾ ਵੀ ਚੁਣੌਤੀ ਭਰਿਆ ਕੰਮ ਹੈ।

ਪਿਛਲੀਆਂ 'ਆਯੁਸ਼ਮਾਨ ਭਾਰਤ' ਵਰਗੀਆਂ ਸਕੀਮਾਂ 'ਚ ਨਿੱਜੀ ਹਸਪਤਾਲਾਂ ਨੂੰ ਬਕਾਏ ਦੇ ਭੁਗਤਾਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਸੀ। ਸਰਕਾਰ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਇਸ ਤਹਿਤ ਭੁਗਤਾਨ ਸਮੇਂ ਸਿਰ ਹੋਣ ਤਾਂ ਜੋ ਹਸਪਤਾਲ ਸੇਵਾਵਾਂ ਜਾਰੀ ਰੱਖ ਸਕਣ।

ਲੋਕਾਂ ਨੂੰ ਸਕੀਮ ਦੀਆਂ ਸ਼ਰਤਾਂ, ਲਾਭ ਅਤੇ ਸਿਹਤ ਕਾਰਡ ਦੀ ਵਰਤੋਂ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਸਿਹਤ ਸੰਭਾਲ ਖੇਤਰ 'ਚ ਇਕ ਅਹਿਮ ਪਹਿਲ ਹੈ। ਇਹ ਨਾ ਸਿਰਫ਼ ਸਿਹਤ ਸੇਵਾਵਾਂ ਦੀ ਪਹੁੰਚ ਨੂੰ ਵਧਾਵੇਗੀ ਸਗੋਂ ਸਮਾਜ ਦੇ ਹਰ ਵਰਗ ਨੂੰ ਵਿੱਤੀ ਸੁਰੱਖਿਆ ਵੀ ਪ੍ਰਦਾਨ ਕਰੇਗੀ।

ਇਸ ਦੀ ਕਾਮਯਾਬੀ ਸਰਕਾਰ ਦੀ ਯੋਜਨਾਬੰਦੀ, ਅਮਲ ਤੇ ਜਨਤਕ ਸਹਿਯੋਗ 'ਤੇ ਨਿਰਭਰ ਕਰੇਗੀ। ਜੇ ਇਹ ਯੋਜਨਾ ਸਹੀ ਢੰਗ ਨਾਲ ਲਾਗੂ ਕੀਤੀ ਜਾਂਦੀ ਹੈ ਤਾਂ ਇਹ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ 'ਚ ਇਕ ਵੱਡਾ ਬਦਲਾਅ ਲਿਆ ਸਕਦੀ ਹੈ।

# ਪੰਜਾਬ ਦੇ ਪਾਣੀਆਂ ਦਾ ਮਸਲਾ, ਸੱਚਾਈ ਅਤੇ ਰਾਜਨੀਤੀ



ਪੰਜਾਬ ਦੀ ਨਦੀਆਂ ਨਾਲਿਆਂ ਦੁਆਰਾ ਸਿਰਜੀ ਗਈ ਧਰਤੀ ਜਿਸ ਵਿੱਚ ਇੱਥੋਂ ਦੇ ਮਿਹਨਤਕਸ਼ ਕਿਸਾਨੀ ਭਾਈਚਾਰੇ ਦਾ ਪਸੀਨਾ ਰਚਿਆ ਹੋਇਆ ਹੈ, ਆਜ਼ਾਦੀ ਵੇਲੇ ਤੋਂ ਹੀ ਪੂਰੇ ਦੇਸ਼ ਨੂੰ ਖੁਰਾਕ ਮੁਹੱਈਆ ਕਰਾਉਂਦੀ ਰਹੀ ਹੈ। ਅੰਤ ਨੂੰ ਇਸ ਨੇ ਉਨ੍ਹਾਂ ਨਵੇਂ ਬਸਤੀਵਾਦੀਆਂ ਦੇ ਚੁੰਗਲ ਤੋਂ ਮੁਕਤੀ ਪ੍ਰਾਪਤ ਕੀਤੀ ਜੋ ਭੁੱਖਮਰੀ ਦੇ ਸਾਗਰ ਵਿੱਚ ਸਾਡੇ ਜਹਾਜ਼ ਨੂੰ ਤੈਰਦਾ ਰੱਖਣ ਲਈ ਕੀਮਤ ਮੰਗ ਰਹੇ ਸਨ, ਪਰ ਸੂਬੇ ਦੇ ਕਿਸਾਨਾਂ ਨੂੰ ਇਸ ਬਦਲੇ ਕੋਈ ਇਨਾਮ ਅਤੇ ਮਾਨਤਾ ਨਹੀਂ ਮਿਲੀ। ਇਸ ਦੀ ਬਜਾਏ ਉਹ ਕਈ ਸਾਲਾਂ ਤੋਂ ਕਹਿੰਦੇ ਰਹੇ ਹਨ ਕਿ ਉਨ੍ਹਾਂ ਨਾਲ ਅਨਿਆਂ ਹੋਇਆ ਹੈ ਕਿਉਂਕਿ ਉਨ੍ਹਾਂ ਤੋਂ ਉਨ੍ਹਾਂ ਦੇ ਕੀਮਤੀ ਸਰੋਤ, ਖ਼ਾਸਕਰ ਦਰਿਆਈ ਪਾਣੀ ਖੋਹ ਲਏ ਗਏ ਹਨ ਜਿਸ ਦੇ ਖ਼ਿਲਾਫ਼ ਉਹ ਲੰਮਾ ਸੰਘਰਸ਼ ਕਰ ਰਹੇ ਹਨ।

ਰਾਜਸਥਾਨ ਨਹਿਰ ਪ੍ਰਾਜੈਕਟ ਨੂੰ 1948 ਵਿੱਚ ਅੰਤਿਮ ਰੂਪ ਦੇ ਦਿੱਤਾ ਗਿਆ ਸੀ ਅਤੇ 1952 ਵਿੱਚ ਜਦੋਂ ਪੰਜਾਬੀ ਅਜੇ ਵੰਡ ਦੇ ਜ਼ਖ਼ਮਾਂ ਨੂੰ ਭਰਨ ਦੀ ਕੋਸ਼ਿਸ਼ ਕਰ ਰਹੇ ਸਨ, ਤਦ ਹਰੀਕੇ ਝੀਲ 'ਤੇ ਇਸ ਨਹਿਰ ਦੇ ਗੇਟ ਉਸਾਰੇ ਜਾ ਰਹੇ ਸਨ। ਰਾਵੀ ਤੇ ਬਿਆਸ ਦਰਿਆਵਾਂ ਦਾ ਅੱਠ ਮਿਲੀਅਨ ਏਕੜ ਫੁੱਟ (ਐੱਮਏਐੱਫ) ਪਾਣੀ 29 ਜਨਵਰੀ 1955 ਦੇ ਗੁਪਤ ਸਰਕਾਰੀ ਨੋਟ ਰਾਹੀਂ ਰਾਜਸਥਾਨ ਨੂੰ ਅਲਾਟ ਕਰ ਦਿੱਤਾ ਗਿਆ ਸੀ ਜੋ ਸੰਵਿਧਾਨ ਦੀ ਉਲੰਘਣਾ ਸੀ। ਇਹ ਪੰਜ ਸਾਲਾਂ ਤੱਕ ਲਾਗੂ ਰਿਹਾ। ਇਸ ਤਰ੍ਹਾਂ ਕੇਂਦਰ ਸਰਕਾਰ ਨੇ ਪੰਜਾਬ ਦੇ ਕੁੱਲ 15.85 ਐੱਮਏਐੱਫ ਪਾਣੀ ਦਾ 50 ਪ੍ਰਤੀਸ਼ਤ ਤੋਂ ਵੱਧ ਹਿੱਸਾ ਖੋਹ ਲਿਆ ਜਿਸ ਨਾਲ ਤਿੰਨ ਰਾਜਾਂ ਪੰਜਾਬ, ਪੈਪਸੂ ਅਤੇ ਜੰਮੂ ਕਸ਼ਮੀਰ ਲਈ 7.85 ਐੱਮਏਐੱਫ ਰਹਿ ਗਿਆ। ਕੇਂਦਰ ਨੇ ਪੰਜਾਬ ਦੇ ਤਤਕਾਲੀ ਸਿੰਜਾਈ ਮੰਤਰੀ ਚੌਧਰੀ ਲਹਿਰੀ ਸਿੰਘ 'ਤੇ ਇਸ ਨੋਟੀਫਿਕੇਸ਼ਨ ਦੀ ਕਾਰਵਾਈ 'ਤੇ ਦਸਤਖ਼ਤ ਕਰਨ ਲਈ ਗ਼ੈਰ-ਵਾਜਿਬ ਦਬਾਅ ਪਾਇਆ। ਸੱਤ ਮਹੀਨਿਆਂ ਬਾਅਦ ਉਸ ਨੇ ਵਿਰੋਧ ਦਰਜ ਕਰਾਉਂਦਿਆਂ ਇਸ 'ਤੇ ਦਸਤਖ਼ਤ ਕੀਤੇ। ਉਦੋਂ ਤੋਂ ਹੀ ਸਾਡੇ ਸੰਵਿਧਾਨ ਦੇ ਮਹੀਨ ਨੁਕਤਿਆਂ ਦੀ ਥਾਂ 'ਜੰਗਲ ਰਾਜ' ਨੇ ਲੈ ਲਈ। ਨੋਟੀਫਿਕੇਸ਼ਨ ਦੇ ਭਾਗ 5 ਵਿੱਚ ਕਿਹਾ ਗਿਆ ਹੈ ਕਿ ਪਾਣੀ ਦੀ ਕੀਮਤ ਬਾਅਦ ਵਿੱਚ ਤੈਅ ਕੀਤੀ ਜਾਵੇਗੀ ਪਰ ਅੱਜ ਤੱਕ ਕੀਮਤ ਤੈਅ ਨਹੀਂ ਕੀਤੀ ਗਈ।

ਦੇਸ਼ ਅੰਦਰ ਦਰਿਆਈ ਪਾਣੀ ਦੀ ਵਰਤੋਂ ਬਦਲੇ ਭੁਗਤਾਨ ਕਰਨ ਦੀ ਮਿਸਾਲ ਮੌਜੂਦ ਸੀ। ਪਹਿਲਾਂ ਬੀਕਾਨੇਰ ਰਿਆਸਤ ਦਰਿਆਈ ਪਾਣੀਆਂ ਦੀ ਵਰਤੋਂ ਦਾ ਇਵਜ਼ਾਨਾ (ਸਇਗਨਿੰਰਅਗਏ) ਅਦਾ ਕਰਦੀ ਸੀ ਅਤੇ ਹੁਣ ਦਿੱਲੀ ਰਾਜ ਯਮੁਨਾ ਦੇ ਪਾਣੀਆਂ ਦੇ ਆਪਣੇ ਹਿੱਸੇ ਦੀ ਵਰਤੋਂ ਲਈ ਹਿਮਾਚਲ ਪ੍ਰਦੇਸ਼ ਨੂੰ ਸਾਲਾਨਾ 21 ਕਰੋੜ ਰੁਪਏ ਅਦਾ ਕਰ ਰਿਹਾ ਹੈ। ਕੇਂਦਰ ਸਰਕਾਰ ਨੂੰ ਆਪਣੀ ਵਚਨਬੱਧਤਾ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਪਿਛਲੇ 60 ਸਾਲਾਂ ਦੌਰਾਨ ਰਾਜਸਥਾਨ ਨੂੰ ਸਪਲਾਈ ਕੀਤੇ ਪਾਣੀ ਦੀ ਕੀਮਤ ਲਈ 9.5 ਲੱਖ ਕਰੋੜ ਰੁਪਏ ਦਾ ਭੁਗਤਾਨ ਕਰਨਾ ਚਾਹੀਦਾ ਹੈ। ਸੰਵਿਧਾਨ ਦੀ ਧਾਰਾ 3 ਪਾਰਲੀਮੈਂਟ ਨੂੰ ਨਵੇਂ ਰਾਜ ਬਣਾਉਣ, ਰਾਜਾਂ ਦੇ ਖੇਤਰਾਂ, ਸੀਮਾਵਾਂ ਜਾਂ ਨਾਵਾਂ ਨੂੰ ਬਦਲਣ ਦੀ ਸ਼ਕਤੀ ਦਿੰਦੀ ਹੈ ਪਰ ਇਸ ਤਰ੍ਹਾਂ ਇਹ ਕਿਸੇ ਰਾਜ ਦੇ ਸਰੋਤਾਂ 'ਤੇ ਕੰਟਰੋਲ ਨਹੀਂ ਕਰਦੀ। ਸਰਕਾਰ ਨੇ ਪੰਜਾਬ ਪੁਨਰਗਠਨ ਐਕਟ-1966 ਲਾਗੂ ਕਰਦੇ ਸਮੇਂ ਧਾਰਾ 78, 79 ਅਤੇ 80 ਦੀ ਸਪੱਸ਼ਟ ਤੌਰ 'ਤੇ ਗ਼ੈਰ-ਸੰਵਿਧਾਨਕ ਵਿਵਸਥਾ ਸ਼ਾਮਿਲ ਕੀਤੀ ਜਿਸ ਦੀ ਵਰਤੋਂ ਪੰਜਾਬ ਦੇ ਦਰਿਆਈ ਪਾਣੀਆਂ ਦਾ 70 ਪ੍ਰਤੀਸ਼ਤ ਗ਼ੈਰ-ਉਤਰਾਧਿਕਾਰੀ, ਗ਼ੈਰ-ਰਿਪੇਰੀਅਨ ਰਾਜਾਂ ਨੂੰ ਅਲਾਟ ਕਰਨ ਅਤੇ ਬੀਬੀਐੱਮਬੀ 'ਤੇ ਕੇਂਦਰੀ ਕੰਟਰੋਲ ਹਾਸਿਲ ਕਰਨ ਲਈ ਕੀਤੀ ਗਈ ਸੀ। ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78 ਤੋਂ 80 ਸੰਵਿਧਾਨ ਦੀ ਧਾਰਾ 162 ਦੀ ਉਲੰਘਣਾ ਕਰਦੀਆਂ ਹਨ ਕਿਉਂਕਿ ਇਹ ਰਾਜ ਨੂੰ ਇਸ ਦੀ ਵਿਧਾਨਕ ਯੋਗਤਾ ਅੰਦਰਲੇ ਮਾਮਲਿਆਂ 'ਤੇ ਇਸ ਦੀਆਂ ਕਾਰਜਪਾਲੀ ਸ਼ਕਤੀਆਂ ਤੋਂ ਵਾਂਝਾ ਕਰਦੀਆਂ ਹਨ। ਇਨ੍ਹਾਂ ਧਾਰਾਵਾਂ ਅਤੇ ਸੰਵਿਧਾਨਕ

**ਐੱਸਐੱਸ ਬੋਪਾਰਾਏ**

ਉਪਬੰਧਾਂ ਵਿਚਕਾਰ ਟਕਰਾਅ ਹੈ। ਮੁੱਖ ਸਵਾਲ ਇਹ ਹੈ ਕਿ ਕੀ ਕੇਂਦਰ ਸਰਕਾਰ ਉਨ੍ਹਾਂ ਮਾਮਲਿਆਂ 'ਤੇ ਕਾਨੂੰਨ ਬਣਾ ਸਕਦੀ ਹੈ ਜੋ ਰਾਜ ਸੂਚੀ ਦੇ ਇੰਦਰਾਜ 17 ਅਧੀਨ ਆਉਂਦੇ ਹਨ।

ਜਿਨ੍ਹਾਂ ਰਾਜਾਂ ਦਾ ਪੁਨਰਗਠਨ ਕੀਤਾ ਗਿਆ ਹੈ, ਉਨ੍ਹਾਂ ਵਿੱਚ ਬਿਹਾਰ/ਝਾਰਖੰਡ (2000), ਮੱਧ ਪ੍ਰਦੇਸ਼/ਛੱਤੀਸਗੜ੍ਹ (2000), ਉੱਤਰ ਪ੍ਰਦੇਸ਼/ਉੱਤਰਾਖੰਡ (2000) ਅਤੇ ਆਂਧਰਾ ਪ੍ਰਦੇਸ਼/ਤਿਲੰਗਾਨਾ (2014) ਸ਼ਾਮਿਲ ਹਨ। ਇਨ੍ਹਾਂ ਵਿੱਚੋਂ ਹਰੇਕ ਰਾਜ ਨੇ ਬਿਨਾਂ ਕਿਸੇ ਸਥਾਈ ਕੇਂਦਰੀ ਕੰਟਰੋਲ ਦੇ ਆਪਣੇ ਖੇਤਰੀ ਪਾਣੀਆਂ ਉੱਤੇ ਪ੍ਰਭੁਸੱਤਾ ਬਣਾਈ ਰੱਖੀ ਪਰ ਪੰਜਾਬ ਦੇ ਖੇਤਰੀ ਪਾਣੀਆਂ 'ਤੇ ਕੇਂਦਰੀ ਕੰਟਰੋਲ ਦੀ ਡਿਗਰੀ ਦੀ ਕਿਤੇ ਕੋਈ ਮਿਸਾਲ ਨਹੀਂ ਮਿਲਦੀ। ਪੁਰਾਣੇ ਪੰਜਾਬ ਵਿੱਚੋਂ ਵਗਦੀ ਯਮੁਨਾ ਨਦੀ ਨੂੰ ਇਸ ਵੰਡ ਦੇ ਪ੍ਰਬੰਧ ਤੋਂ ਬਾਹਰ ਰੱਖਿਆ ਗਿਆ ਜਿਸ ਨਾਲ ਹਰਿਆਣਾ ਨੂੰ ਇਸ ਦੇ ਪਾਣੀਆਂ 'ਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਏ।

ਪਾਣੀ ਦੀ ਵੰਡ ਵਿਵਾਦ ਤਹਿਤ ਪਹਿਲਾ ਮੁਕੱਦਮਾ 1976 ਵਿੱਚ ਆਇਆ ਜਦੋਂ ਪੰਜਾਬ ਨੇ ਰਾਜ ਪੁਨਰਗਠਨ ਐਕਟ-1966 ਦੀ ਧਾਰਾ 78 ਦੀ ਵਾਜਬੀਅਤ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਵਿੱਚ ਮੁਕੱਦਮਾ ਦਾਇਰ ਕੀਤਾ। ਹਰਿਆਣਾ ਨੇ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਕੋਲ ਦਖ਼ਲ ਲਈ ਪਹੁੰਚ ਕੀਤੀ। ਉਨ੍ਹਾਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਨੂੰ ਮੀਟਿੰਗ ਲਈ ਸੱਦਾ ਦਿੱਤਾ। ਸ੍ਰੀ ਦੇਸਾਈ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਦੇ ਵਹਿਣ ਦਿਖਾਉਣ ਲਈ ਕਿਹਾ। ਜਦੋਂ ਪ੍ਰਧਾਨ ਮੰਤਰੀ ਨੂੰ ਪਤਾ ਲੱਗਿਆ ਕਿ ਇਨ੍ਹਾਂ ਵਿੱਚੋਂ ਕੋਈ ਵੀ ਦਰਿਆ ਹਰਿਆਣਾ ਅਤੇ ਰਾਜਸਥਾਨ ਵਿੱਚੋਂ ਨਹੀਂ ਵਗਦਾ ਤਾਂ ਉਨ੍ਹਾਂ ਕਿਹਾ ਕਿ ਇਨ੍ਹਾਂ ਰਾਜਾਂ ਦਾ ਪੰਜਾਬ ਦੇ ਪਾਣੀ 'ਤੇ ਕੋਈ ਵੀ ਦਾਅਵਾ ਨਹੀਂ ਬਣਦਾ।

ਪੰਜਾਬ ਵੱਲੋਂ ਆਪਣੇ ਇਲਾਕੇ ਵਿੱਚ ਸਤਲੁਜ ਯਮੁਨਾ ਲਿੰਕ (ਐੱਸ ਵਾਈ ਐੱਲ) ਨਹਿਰ ਦੀ ਉਸਾਰੀ ਦਾ ਕੰਮ ਅੱਗੇ ਵਧਾਉਣ 'ਚ ਨਾਕਾਮ ਰਹਿਣ ਕਾਰਨ ਭੌਰ-ਭੌਰ ਹੋਏ ਹਰਿਆਣੇ ਨੇ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ।

11 ਜੁਲਾਈ 1979 ਨੂੰ ਪੰਜਾਬ ਨੇ ਸੁਪਰੀਮ ਕੋਰਟ ਵਿੱਚ ਮੁਕੱਦਮਾ ਦਾਇਰ ਕਰ ਕੇ ਕੇਂਦਰ ਸਰਕਾਰ ਦੇ 24 ਮਾਰਚ 1976 ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੱਤੀ। ਪਟੀਸ਼ਨ 'ਤੇ ਸੁਣਵਾਈ ਦੌਰਾਨ ਹੀ 31 ਦਸੰਬਰ 1981 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਡਰਾਵਾ ਵਰਤ ਕੇ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ 'ਤੇ ਗ਼ੈਰ-ਵਾਜਿਬ ਪ੍ਰਭਾਵ ਬਣਾਇਆ ਅਤੇ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚਾਲੇ ਸਮਝੌਤਾ ਕਰਵਾ ਦਿੱਤਾ ਪਰ ਇਸ ਲਈ ਦੋ ਹੋਰ ਪ੍ਰਤੀਨਿਧ ਰਾਜਾਂ- ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ, ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ। ਗ਼ੈਰ-ਪ੍ਰਤੀਨਿਧ ਰਾਜ ਦੇ ਤੌਰ 'ਤੇ (ਸੈਕਸ਼ਨ 2 (ਐੱਮ), ਪੰਜਾਬ ਪੁਨਰਗਠਨ ਕਾਨੂੰਨ) ਰਾਜਸਥਾਨ ਦੀ ਸਮਝੌਤੇ ਵਿਚ ਸ਼ਮੂਲੀਅਤ ਗ਼ੈਰ-ਕਾਨੂੰਨੀ ਸੀ।

ਇਉਂ ਸਮਝੌਤੇ ਦੀ ਕੋਈ ਕਾਨੂੰਨੀ ਵਾਜਬੀਅਤ ਨਹੀਂ ਹੈ। ਸਮਝੌਤੇ 'ਤੇ ਸਹੀ ਪਾਉਣ ਤੋਂ ਬਾਅਦ ਇੰਦਰਾ ਗਾਂਧੀ ਨੇ ਦਰਬਾਰਾ ਸਿੰਘ ਨੂੰ ਸੁਪਰੀਮ ਕੋਰਟ ਤੋਂ ਕੇਸ ਵਾਪਸ ਲੈਣ ਲਈ ਕਿਹਾ ਤੇ ਉਨ੍ਹਾਂ ਇਵੇਂ ਹੀ ਕੀਤਾ। ਦਰਿਆਈ ਪਾਣੀਆਂ ਦੀ ਵੰਡ ਨਾਲ ਸਬੰਧਿਤ 29 ਜਨਵਰੀ 1955 ਦੇ ਫ਼ੈਸਲੇ ਦਾ ਪੰਜਾਬ ਪੁਨਰਗਠਨ ਐਕਟ-1966 ਨਾਲ ਕੋਈ ਲਾਗਾ-ਦੇਗਾ ਨਹੀਂ ਸੀ। ਫਿਰ ਵੀ 21 ਸਾਲਾਂ ਬਾਅਦ ਇਸ ਦੀਆਂ ਚੋਣਵੀਆਂ ਉਪ-ਧਾਰਾਵਾਂ ਜਿਵੇਂ ਰਾਜਸਥਾਨ ਨੂੰ ਰਾਵੀ-ਬਿਆਸ ਦਾ 8.6 ਐੱਮਏਐੱਫ ਪਾਣੀ ਦੇਣ ਨੂੰ ਕੇਂਦਰ ਵੱਲੋਂ ਜਾਰੀ 1976 ਦੇ ਨੋਟੀਫਿਕੇਸ਼ਨ ਵਿੱਚ ਸ਼ਾਮਿਲ ਕਰ ਲਿਆ ਗਿਆ ਜਦੋਂਕਿ ਮਹੱਤਵਪੂਰਨ ਉਪ-ਧਾਰਾਵਾਂ ਜਿਨ੍ਹਾਂ 'ਚ ਪਾਣੀ ਦੀ ਕੀਮਤ ਸ਼ਾਮਿਲ ਸੀ, ਨੂੰ ਬਾਹਰ ਰਹਿਣ ਦਿੱਤਾ ਗਿਆ।

ਇਹ ਗੁਪਤ ਦਸਤਾਵੇਜ਼ਾਂ ਨਾਲ ਫ਼ਰੇਬ ਤੇ ਜਾਅਲਸਾਜ਼ੀ ਹੈ। 1976 ਵਾਲਾ ਨੋਟੀਫਿਕੇਸ਼ਨ ਪੰਜਾਬ ਪੁਨਰਗਠਨ ਐਕਟ ਤੋਂ ਦਸ ਸਾਲਾਂ ਬਾਅਦ, ਐਮਰਜੈਂਸੀ ਦੌਰਾਨ ਜਾਰੀ ਕੀਤਾ ਗਿਆ ਸੀ।

1981 ਦੇ ਸਮਝੌਤੇ ਦੇ ਦੂਜੇ ਪੈਰੇ ਵਿਚ ਤੱਥਾਂ ਨੂੰ ਗ਼ਲਤ (1955 ਦੇ ਫ਼ੈਸਲੇ ਨੂੰ ਹੀ 'ਇਸ ਤੋਂ ਬਾਅਦ ਸਮਝੌਤਾ' ਕਿਹਾ ਜਾਵੇਗਾ) ਬਿਆਨਿਆ ਗਿਆ ਹੈ, ਜਿਸ ਨੇ ਝੂਠੀ ਕਾਨੂੰਨੀ ਬੁਨਿਆਦ ਰੱਖੀ ਹੈ ਤੇ 1955 ਦੇ ਦਸਤਾਵੇਜ਼ (ਧੋਖਾਦੇਹੀ ਦੀ ਗ਼ਲਤ ਵਿਆਖਿਆ) ਦੇ ਬੱਝਵੇਂ ਚਰਿੱਤਰ ਬਾਰੇ ਸਬੰਧਿਤ ਧਿਰਾਂ ਨੂੰ ਗੁਮਰਾਹ ਕੀਤਾ ਗਿਆ ਹੈ। ਇਹ ਗ਼ਲਤ ਬਿਆਨੀ ਬੁਨਿਆਦੀ ਕਾਨੂੰਨੀ ਸ਼ਰਾਰਤ ਹੈ ਜੋ ਸਮਝੌਤੇ ਦੇ ਦਰਜੇ ਵਿਚ 'ਧੋਖਾਧੜੀ' ਨਾਲ ਗੁਪਤ ਕਾਰਜਕਾਰੀ ਫ਼ੈਸਲੇ ਨੂੰ ਜੋੜ ਦਿੰਦੀ ਹੈ।

ਇਸ ਤੋਂ ਇਲਾਵਾ 1981 ਦੇ ਸਮਝੌਤੇ ਦੀ ਉਪ ਧਾਰਾ 7 ਕਹਿੰਦੀ ਹੈ ਕਿ 1955 ਦਾ ਸਮਝੌਤਾ ਸੋਧੇ ਹੋਏ ਰੂਪ 'ਚ ਲਾਗੂ ਕੀਤਾ ਗਿਆ 'ਮੰਨਿਆ' ਜਾਵੇਗਾ। ਮਨਾ ਕੇ ਲਾਗੂ ਕਰਾਉਣ ਦੀ ਕੋਸ਼ਿਸ਼ ਕਾਨੂੰਨੀ ਕਲਪਨਾ ਰਾਹੀਂ ਸੰਵਿਧਾਨਕ ਲੋੜਾਂ ਨੂੰ ਬਾਈਪਾਸ ਕਰਨ ਦਾ ਯਤਨ ਹੈ।

ਗ਼ਲਤੀ 'ਤੇ ਗ਼ਲਤੀ ਕਰ ਕੇ ਵਾਜਬੀਅਤ ਨਹੀਂ ਬਣਾਈ ਜਾ ਸਕਦੀ। 1981 ਦਾ ਮੁਕੰਮਲ ਸਮਝੌਤਾ ਝੂਠੀਆਂ ਨੀਂਹਾਂ ਉੱਤੇ ਉਸਰਿਆ ਹੋਇਆ ਹੈ। ਰਾਜੀਵ-ਲੌਂਗੋਵਾਲ ਸਮਝੌਤਾ (24 ਜੁਲਾਈ 1985) ਇੱਕ ਧਿਰ ਕਰ ਕੇ (ਲੌਂਗੋਵਾਲ) ਸੰਵਿਧਾਨਕ ਤੌਰ 'ਤੇ ਕਮਜ਼ੋਰ ਹੈ ਕਿਉਂਕਿ ਉਸ ਕੋਲ ਪੰਜਾਬ ਦੀ ਪ੍ਰਤੀਨਿਧਤਾ ਦਾ ਸੰਵਿਧਾਨਕ ਹੱਕ ਨਹੀਂ ਸੀ। ਇਹ ਸਮਝੌਤੇ/ਸੰਧੀਆਂ ਇੱਕ ਤੋਂ ਬਾਅਦ ਇੱਕ ਖੰਡਤ ਹੋਏ ਹਨ।

'ਜਾਗੋ ਪੰਜਾਬ' ਮੰਚ ਸਿਫ਼ਾਰਿਸ਼ ਕਰਦਾ ਹੈ ਕਿ 78 ਤੋਂ 80 ਤੱਕ ਧਾਰਾਵਾਂ, ਜਿਹੜੀਆਂ ਸੰਵਿਧਾਨਕ ਫ਼ਤਵੇ ਨੂੰ ਖਾਰਜ ਕਰਦੀਆਂ ਹਨ, ਨੂੰ ਗ਼ੈਰ-ਸੰਵਿਧਾਨਕ ਐਲਾਨਿਆ ਜਾਵੇ। ਪੰਜਾਬ ਦਾ ਇਸ ਦੇ ਇਲਾਕਾਈ ਪਾਣੀਆਂ 'ਤੇ ਹੱਕ ਬਹਾਲ ਹੋਣਾ ਚਾਹੀਦਾ ਹੈ ਅਤੇ ਬੀਬੀਐੱਮਬੀ ਨੂੰ ਭੰਗ ਕੀਤਾ ਜਾਣਾ ਚਾਹੀਦਾ ਜਾਂ ਫਿਰ ਪੰਜਾਬ ਦੇ ਕੰਟਰੋਲ ਅਧੀਨ ਇਸ ਦਾ ਮੁੜਗਠਨ ਕੀਤਾ ਜਾਵੇ।

# ਕੈਲੀਫ਼ੋਰਨੀਆ ਵਾਸੀ ਸ਼ਾਇਰ ਈਸ਼ਰ ਸਿੰਘ ਮੋਮਨ ਦਾ ਦਿਹਾਂਤ
## ਪ੍ਰਸ਼ੰਸਕਾਂ ਵਲੋਂ ਪਿਆਰੇ ਸ਼ਾਇਰ ਨੂੰ ਸ਼ਰਧਾਂਜਲੀਆਂ ਭੇਟ

**ਸੈਨ ਹੋਜ਼ੇ-** ਪ੍ਰਸਿੱਧ ਸ਼ਾਇਰ ਸ. ਈਸ਼ਰ ਸਿੰਘ ਮੋਮਨ ਅਠੱਨਵੇਂ ਵਰ੍ਹੇ ਦੀ ਤੰਦਰੁਸਤੀ ਵਾਲੀ ਉਮਰ ਭੋਗ ਕੇ 8 ਜੁਲਾਈ, 2025 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ। ਉਹ ਪੰਜਾਬ ਦੇ ਪਿੰਡ ਲੰਗੜੋਆ ਜ਼ਿਲ੍ਹਾ ਨਵਾਂ ਸ਼ਹਿਰ ਤੋਂ ਜ਼ਿੰਦਗੀ ਦਾ ਸਫ਼ਰ ਤੈਅ ਕਰਦੇ ਹੋਏ, ਜਵਾਨੀ ਦੀ ਉਮਰ ਵਿੱਚ ਰੋਜ਼ੀ-ਰੋਟੀ ਕਮਾਉਣ ਲਈ ਦਿੱਲੀ ਪਹੁੰਚੇ। ਗੁਰਬਾਣੀ ਅਤੇ ਸੂਫ਼ੀ ਸਾਹਿਤ ਪੜ੍ਹਨ ਉਪਰੰਤ ਉਸੇ ਰੰਗ ਵਿੱਚ ਰੰਗੀਆਂ ਗ਼ਜ਼ਲਾਂ ਉਰਦੂ ਅਤੇ ਪੰਜਾਬੀ ਵਿੱਚ ਲਿਖੀਆਂ। ਇੱਥੇ ਹੀ ਉਨ੍ਹਾਂ ਦਾ ਮੇਲ ਮਰਹੂਮ ਸ਼ਾਇਰ ਆਜ਼ਾਦ ਜਲੰਧਰੀ ਜੀ ਨਾਲ ਹੋਇਆ। ਉਨ੍ਹਾਂ ਦੇ ਸਾਥ ਨਾਲ ਗੁਰੂ ਘਰਾਂ ਅਤੇ ਹੋਰ ਕਵੀ ਦਰਬਾਰਾਂ ਵਿੱਚ ਹਿੱਸਾ ਲੈਂਦੇ ਰਹੇ। ਜ਼ਿੰਦਗੀ ਦਾ ਅਗਲੇਰਾ ਸਫ਼ਰ ਤਕਰੀਬਨ ਤੀਹ ਸਾਲ ਬਾਅਦ ਸੰਨ 1984 ਵਿੱਚ ਸੱਤ ਸਮੁੰਦਰ ਪਾਰ ਕਰਵਾ ਕੇ ਅਮਰੀਕਾ ਲੈ ਆਇਆ। ਇੱਥੇ ਇੱਕ ਵਾਰੀ ਫਿਰ ਉਨ੍ਹਾਂ ਦੀ ਮੁਲਾਕਾਤ ਆਜ਼ਾਦ ਜਲੰਧਰੀ ਜੀ ਨਾਲ ਹੋ ਗਈ। ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀਆਂ ਮਾਸਿਕ ਮਿਲਣੀਆਂ ਅਤੇ ਗੁਰੂ ਘਰਾਂ ਵਿੱਚ ਹਰਮਨ ਪਿਆਰੀਆਂ ਹੋਈਆਂ। ਉਹ ਆਪਣੇ ਆਖਰੀ ਦਮ ਤੱਕ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਦੇ ਮੈਂਬਰ ਰਹੇ। ਇਸ ਕਾਰਜ ਕਾਲ ਦੌਰਾਨ ਉਨ੍ਹਾਂ ਦੇ ਦੋ ਕਾਵਿ ਸੰਗ੍ਰਿਹ 'ਗ਼ਜ਼ਲ ਗੁਲਜ਼ਾਰ' ਅਤੇ 'ਕਲਮਾਂ ਦੀ ਕਸਤੂਰੀ' ਪ੍ਰਕਾਸ਼ਿਤ ਹੋਏ। ਡਾ. ਜਗਤਾਰ ਦੇ ਸ਼ਬਦਾਂ ਵਿੱਚ, "ਮੋਮਨ ਦੀਆਂ ਗ਼ਜ਼ਲਾਂ ਭਾਵੇਂ ਪਰੰਪਰਈ ਹਨ ਪਰ ਉਸਦੀ ਸਾਦੀ ਭਾਸ਼ਾ, ਮੁਹਾਵਰੇ, ਪਰਬਚਨਮਈ ਸ਼ਿਅਰ ਸਰਾਹਣਯੋਗ ਹਨ। ਸਿਆਸੀ ਲੋਕਾਂ ਦੀ ਚਾਲਬਾਜ਼ੀ, ਜੁਗਾੜਬੰਦੀ, ਬਦਚਲਨੀ ਵੀ ਉਸਦੀ ਨਜ਼ਰ ਤੋਂ ਛੁਪੀ ਨਹੀਂ। ਉਹ ਉਨ੍ਹਾਂ 'ਤੇ ਭਰਪੂਰ ਵਿਅੰਗ ਰਾਹੀਂ, ਕਦੇ ਚੋਭ ਰਾਹੀਂ ਕਦੇ ਮਸ਼ਕਰੀ ਰਾਹੀਂ ਅੰਜਾਮ ਦਿੰਦਾ ਹੈ।"

ਸਾਧ ਪੂਰਾ ਸਾਧ ਹੈ ਨਹੀਂ, ਚੋਰ ਪੂਰਾ ਚੋਰ ਹੈ।
ਕਾਤਲ ਦੇ ਹੱਥ ਵਿੱਚ ਕਾਨੂੰਨ ਦੀ ਹੁਣ ਡੋਰ ਹੈ।

ਇੱਕ ਵਧੀਆ ਸ਼ਾਇਰ ਹੋਣ ਦੇ ਨਾਲ-ਨਾਲ ਈਸ਼ਰ ਸਿੰਘ ਮੋਮਨ ਜੀ ਇੱਕ ਆਗਿਆਕਾਰ ਪੁੱਤਰ, ਸੁਹਿਰਦ ਭਰਾ, ਦੋਸਤ, ਆਦਰਸ਼ ਪਤੀ ਅਤੇ ਬਾਪ ਸਨ। ਉਨ੍ਹਾਂ ਆਪਣੀ ਬਿਮਾਰ ਮਾਂ ਦੀ ਆਪਣੇ ਭਰਾ, ਭਰਜਾਈ ਅਤੇ ਸੁਪਤਨੀ ਨਾਲ ਮਿਲ ਕੇ ਅਠਾਈ ਸਾਲ ਸੇਵਾ ਕੀਤੀ। ਇਸ ਤੋਂ ਬਾਅਦ ਦਸ ਸਾਲ ਇਸੇ ਤਰ੍ਹਾਂ ਬਿਮਾਰ ਪਤਨੀ ਨੂੰ ਸੰਭਾਲਿਆ। ਉਹ ਸੈਨਹੋਜ਼ੇ ਆਪਣੇ ਸਪੁੱਤਰ ਪਰਦੀਪ ਸਿੰਘ ਪਾਬਲਾ ਅਤੇ ਨੂੰਹ ਮਨਜੀਤ ਕੌਰ ਪਾਬਲਾ ਨਾਲ ਰਹੇ। ਉਹ ਆਪਣੇ ਪਿੱਛੇ ਛੋਟੀ ਭੈਣ ਅਮਰਜੀਤ ਕੌਰ, ਭਰਾ ਮਨਮੋਹਣ ਸਿੰਘ, ਦੋ ਸਪੁੱਤਰ ਜਰਨੈਲ ਸਿੰਘ ਅਤੇ ਸੁਰਿੰਦਰ ਸਿੰਘ ਇੰਡੀਆ ਵਿੱਚ, ਬੇਟੀ ਭੁਪਿੰਦਰ ਕੌਰ ਅਮਰੀਕਾ ਵਿੱਚ, ਬਾਈ ਪੋਤੇ-ਪੋਤੀਆਂ, ਉਨੀ-ਪੜਪੋਤੇ-ਪੜਪੋਤੀਆਂ ਦਾ ਹਰਿਆ-ਭਰਿਆ ਬਾਗ਼ ਛੱਡ ਕੇ ਗਏ ਹਨ।



ਉਨ੍ਹਾਂ ਦਾ ਨਿਮਰਤਾ ਵਾਲਾ ਸੁਭਾਅ ਉਨ੍ਹਾਂ ਦੀ ਵੱਖਰੀ ਪਛਾਣ ਕਰਵਾਉਂਦਾ ਸੀ। ਉਨ੍ਹਾਂ ਦਾ ਪਰਿਵਾਰ ਅਤੇ ਵਿਪਸਾਅ ਆਪਣੇ ਇਸ ਸਤਿਕਾਰਤ ਸ਼ਾਇਰ ਲਈ 17 ਜੁਲਾਈ, 2025 ਨੂੰ 99ਵਾਂ ਜਨਮ ਦਿਨ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਸਨ ਪਰ ਸਵਾਸਾਂ ਦੀ ਪੂੰਜੀ ਪਹਿਲਾਂ ਹੀ ਖ਼ਤਮ ਹੋ ਗਈ। ਉਨ੍ਹਾਂ ਦੇ ਤੁਰ ਜਾਣ ਨਾਲ ਜਿੱਥੇ ਪਰਿਵਾਰ ਦੇ ਜੀਅ ਗ਼ਮਗੀਨ ਹਨ ਉੱਥੇ ਪੰਜਾਬੀ ਸਾਹਿਤਕ ਹਲਕਿਆਂ ਵਿੱਚ ਵੀ ਉਦਾਸੀ ਦੇ ਬੱਦਲ ਛਾਏ ਹੋਏ ਹਨ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਕੁਲਵਿੰਦਰ, ਜਗਜੀਤ, ਪ੍ਰੋ. ਸੁਰਿੰਦਰ ਸਿੰਘ ਸੀਰਤ, ਡਾ. ਸੁਖਵਿੰਦਰ ਕੰਬੋਜ, ਅਮਰਜੀਤ ਕੌਰ ਪੰਨੂੰ, ਤਾਰਾ ਸਿੰਘ ਸਾਗਰ, ਅਮਰਜੀਤ ਸਿੰਘ ਜੌਹਲ, ਤਾਰਾ ਸਿੰਘ ਸਾਗਰ, ਕੰਵਲਦੀਪ ਕੌਰ, ਸੰਦੀਪ ਕੌਰ, ਸੁਰਿੰਦਰ ਸਿੰਘ ਧਨੋਆ, ਜਸਵਿੰਦਰ ਕੌਰ ਧਨੋਆ, ਅਸ਼ੋਕ ਭੌਰਾ, ਡਾ. ਗੁਰਪ੍ਰੀਤ ਸਿੰਘ ਧੁੱਗਾ, ਹਰਜਿੰਦਰ ਕੰਗ, ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਪ੍ਰੋ. ਬਲਜਿੰਦਰ ਸਿੰਘ ਸਵੈਚ, ਪ੍ਰੋ. ਸੁਖਦੇਵ ਸਿੰਘ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਗੁਲਸ਼ਨ ਦਿਆਲ, ਡਾ. ਸੁਖਪਾਲ ਸੰਘੇੜਾ, ਐਸ਼ ਕੁਮ ਐਸ਼ ਵਿਕ, ਮਨਜੀਤ ਕੌਰ ਸੇਖੋਂ, ਦਲਵੀਰ ਦਿਲ ਨਿੱਜਰ, ਹਰਪ੍ਰੀਤ ਕੌਰ ਧੂਤ, ਜਸਵੰਤ ਸ਼ੀਹਮਾਰ, ਕਮਲ ਬੰਗਾ, ਰਾਠੇਸ਼ਵਰ ਸਿੰਘ ਰਾਠੀ, ਮੱਖਣ ਲੁਹਾਰ, ਇੰਦਰਜੀਤ ਗਰੇਵਾਲ, ਜਗਤਾਰ ਗਿੱਲ, ਤਰਲੋਚਨ ਸਿੰਘ ਦੁਪਾਲਪੁਰ, ਜਸਪਾਲ ਸੈਣੀ, ਬਲਬੀਰ ਸਿੰਘ ਐਮ ਏ, ਸੁਖਦੇਵ ਸਾਹਿਲ, ਵਿਜੇ ਸਿੰਘ ਅਤੇ ਗਗਨਦੀਪ ਮਾਹਲ, ਅਭੀਤਾਭ ਸੈਣੀ ਅਤੇ ਲਾਜ ਨੀਲਮ ਸੈਣੀ ਆਦਿ ਦੇ ਨਾਮ ਵਰਣਨਯੋਗ ਹਨ।

**ਰਿਪੋਰਟ: ਲਾਜ ਨੀਲਮ ਸੈਣੀ 510-502-0551**

# ਸਤਿਆਜੀਤ ਰੇਅ ਦਾ ਘਰ ਕਿਉਂ ਤੋੜਿਆ

ਬੰਗਲਾਦੇਸ਼ ਭਰ ਵਿੱਚ ਚੱਲ ਰਹੀ ਢਾਹ-ਢੁਹਾਈ ਦੀ ਮੁਹਿੰਮ 'ਚੋਂ ਪ੍ਰੇਸ਼ਾਨਕੁਨ ਰੁਝਾਨ ਨਜ਼ਰ ਆ ਰਿਹਾ ਹੈ ਜਿਸ ਤਹਿਤ ਇਸ ਦੀ ਕੌਮੀ ਪਛਾਣ ਨਾਲ ਜੁੜੇ ਇਤਿਹਾਸ ਅਤੇ ਇਤਿਹਾਸਕ ਯਾਦਗਾਰਾਂ ਪ੍ਰਤੀ ਤਿਰਸਕਾਰ ਝਲਕ ਰਿਹਾ ਹੈ। ਢਾਕਾ ਵਿੱਚ ਮਿਸਾਲੀ ਫਿਲਮਸਾਜ਼ ਸਤਿਆਜੀਤ ਰੇਅ ਦੇ ਪੁਸ਼ਤੈਨੀ ਘਰ ਨੂੰ ਢਾਹ ਦਿੱਤਾ ਗਿਆ ਹੈ। ਇਹ ਮਹਿਜ਼ ਕਿਸੇ ਪੁਰਾਣੀ ਢਾਂਚੇ ਨੂੰ ਢਾਹੁਣ ਦੀ ਗੱਲ ਨਹੀਂ ਹੈ ਸਗੋਂ ਬਰ੍ਹੇ-ਸਗੀਰ ਦੀ ਸਾਂਝੀ ਸਭਿਆਚਾਰਕ ਵਿਰਾਸਤ ਦੇ ਅਹਿਮ ਅਧਿਆਇ ਨੂੰ ਮਲੀਆਮੇਟ ਕਰ ਦਿੱਤਾ ਗਿਆ ਹੈ। ਇਹ ਘਰ ਸੌ ਸਾਲ ਤੋਂ ਵੱਧ ਪੁਰਾਣਾ ਸੀ ਜੋ ਸਤਿਆਜੀਤ ਰੇਅ ਦੇ ਦਾਦਾ ਉਪੇਂਦਰ ਕਿਸ਼ੋਰ ਰੇਅ ਚੌਧਰੀ ਨੇ ਬਣਾਇਆ ਸੀ ਜੋ ਬੰਗਾਲੀ ਸਾਹਿਤ ਦੇ ਪ੍ਰਕਾਸ਼ਨ ਦੀ ਨਾਮਵਰ ਹਸਤੀ ਰਹੇ ਹਨ। ਇਹ ਉਹੀ ਘਰ ਸੀ ਜੋ ਰਚਨਾਤਮਿਕਤਾ ਦਾ ਪੰਘੂੜਾ ਰਿਹਾ ਹੈ ਜਿੱਥੇ ਰੇਅ ਪਰਿਵਾਰ ਪ੍ਰਵਾਨ ਚੜ੍ਹਿਆ ਸੀ ਅਤੇ ਇਸ ਨੇ ਸਿਨੇਮਾ ਦਾ ਮਹਾਨਤਮ ਫਿਲਮਸਾਜ਼ ਪੈਦਾ ਕੀਤਾ ਸੀ।



ਬੰਗਲਾਦੇਸ਼ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਘਰ ਦਾ ਢਾਂਚਾ ਬਹੁਤ ਪੁਰਾਣਾ ਹੋ ਗਿਆ ਸੀ ਪਰ ਇਹ ਦਲੀਲ ਉਦੋਂ ਖੋਖਲੀ ਜਾਪਦੀ ਹੈ ਜਦੋਂ ਇਸ ਦੇ ਵਿਰਾਸਤੀ ਮੁੱਲ ਨੂੰ ਸਾਹਮਣੇ ਰੱਖਿਆ ਜਾਂਦਾ ਹੈ। ਜੇ ਇਸ ਨਾਲ ਕੋਈ ਸੁਰੱਖਿਆ ਦਾ ਸਰੋਕਾਰ ਜੁੜਿਆ ਹੋਇਆ ਸੀ ਤਾਂ ਇਸ ਇਮਾਰਤ ਨੂੰ ਸੰਭਾਲ ਕੇ ਰੱਖਣ ਦੇ ਉਪਰਾਲੇ ਕੀਤੇ ਜਾ ਸਕਦੇ ਸਨ। ਵਿਰਾਸਤਾਂ ਜੇ ਇੱਕ ਵਾਰ ਗੁਆਚ ਜਾਣ ਤਾਂ ਉਨ੍ਹਾਂ ਨੂੰ ਮੁੜ ਖੜ੍ਹਾ ਕਰਨਾ ਅਸੰਭਵ ਹੋ ਜਾਂਦਾ ਹੈ। ਕਿਸੇ ਅਜਿਹੇ ਮੁਲਕ ਵਿੱਚ ਅਜਿਹੇ ਪੁਰਾਤਨ ਢਾਂਚੇ ਨੂੰ ਡੇਗਣਾ ਹੋਰ ਵੀ ਜ਼ਿਆਦਾ ਪ੍ਰੇਸ਼ਾਨ ਦਾ ਸਬੱਬ ਹੈ ਜੋ ਆਪਣੀ ਸਭਿਆਚਾਰਕ ਵਿਰਾਸਤ 'ਤੇ ਹਮੇਸ਼ਾ ਮਾਣ ਮਹਿਸੂਸ ਕਰਦਾ ਰਿਹਾ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਇਸ ਤੋਂ ਬਾਅਦ ਹਜੂਮ ਵੱਲੋਂ ਰਾਬਿੰਦਰਨਾਥ ਟੈਗੋਰ ਦੇ ਜੱਦੀ ਘਰ ਵਿੱਚ ਵੀ ਭੰਨ-ਤੋੜ ਕੀਤੀ ਗਈ। ਇਸ ਤਰ੍ਹਾਂ ਦੀ ਪ੍ਰੇਸ਼ਾਨੀ ਫਰਵਰੀ ਮਹੀਨੇ ਵੀ ਦੇਖਣ ਨੂੰ ਮਿਲੀ ਸੀ ਜਦੋਂ ਰੋਸ ਮੁਜ਼ਾਹਰਿਆਂ ਦੌਰਾਨ ਸ਼ੇਖ਼ ਮੁਜੀਬੁਰ ਰਹਿਮਾਨ ਦੇ ਧਨਮੰਡੀ ਇਲਾਕੇ ਵਿਚਲੇ ਘਰ ਨੂੰ ਤਬਾਹ ਕਰ ਦਿੱਤਾ ਗਿਆ ਸੀ ਜਿਸ ਨੂੰ ਅਜਾਇਬਘਰ ਵਿੱਚ ਬਦਲ ਦਿੱਤਾ ਗਿਆ ਸੀ। ਭੀੜ ਨੇ ਸ਼ੇਖ਼ ਹਸੀਨਾ ਦੇ ਘਰ ਸੁਧਾ ਸਦਨ ਵਿੱਚ ਵੀ ਭੰਨ-ਤੋੜ ਕਰਨ ਤੋਂ ਬਾਅਦ ਅੱਗ ਲਾ ਦਿੱਤੀ ਸੀ। ਇਸ ਤਰ੍ਹਾਂ ਦੀ ਢਾਹ-ਢੁਹਾਈ ਖ਼ਤਰਨਾਕ ਰੁਝਾਨ ਵੱਲ ਇਸ਼ਾਰਾ ਕਰਦੀ ਹੈ ਜਿਸ ਤਹਿਤ ਭੀੜਤੰਤਰ ਜਾਂ ਅਣਦੇਖੀ ਦੇ ਨਾਂ 'ਤੇ ਸਭਿਆਚਾਰਕ ਯਾਦਾਂ ਦੀ ਬਲੀ ਦਿੱਤੀ ਜਾ ਰਹੀ ਹੈ। ਸ਼ੇਖ਼ ਹਸੀਨਾ ਨੇ ਬਿਲਕੁਲ ਸਹੀ ਕਿਹਾ ਹੈ- "ਕੋਈ ਢਾਂਚਾ ਡੇਗਿਆ ਜਾ ਸਕਦਾ ਹੈ ਪਰ ਇਤਿਹਾਸ ਨੂੰ ਨਹੀਂ ਮੇਟਿਆ ਜਾ ਸਕਦਾ।"

# 6 ਲੜਾਕੂ ਜਹਾਜ਼ਾਂ ਨਾਲ ਇਕੱਲੇ ਲੋਹਾ ਲੈਣ ਵਾਲੇ ਨਿਰਮਲਜੀਤ ਸਿੰਘ ਸੇਖੋਂ

ਕਦੇ ਲੁਧਿਆਣਾ-ਮੋਗਾ ਸ਼ਾਹ ਰਾਹ ਦੇ ਦੁਆਲੇ 25 ਕਿੱਲੋਮੀਟਰ ਦਾ ਘੇਰਾ ਪੰਜਾਬ ਵਿੱਚ ਬਹਾਦਰੀ ਦਾ ਧੁਰਾ ਹੁੰਦਾ ਸੀ। ਇਹ ਇਲਾਕਾ ਮੌਜੂਦਾ ਅਤੇ ਸੇਵਾ ਮੁਕਤ ਸੈਨਿਕਾਂ, ਬਹਾਦਰੀ ਪੁਰਸਕਾਰਾਂ ਨਾਲ ਸਜੇ ਸੈਨਿਕਾਂ, ਜੰਗੀ ਵਿਧਵਾਵਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਘੁੱਗ ਵਸਦਾ ਸੀ। ਇਨ੍ਹਾਂ ਬਹਾਦਰਾਂ ਦੀਆਂ ਯਾਦਾਂ ਨੂੰ ਇਸ ਇਲਾਕੇ ਦੇ ਪਿੰਡਾਂ ਦੇ ਲੋਕਾਂ ਨੇ ਯਾਦਗਾਰੀ ਸਮਾਰਕਾਂ, ਸੜਕਾਂ, ਸਕੂਲਾਂ, ਕਮਿਊਨਿਟੀ ਸੈਂਟਰਾਂ, ਯਾਦਗਾਰੀ ਗੇਟਾਂ ਨਾਲ ਸਾਂਭਿਆ ਹੋਇਆ ਸੀ। ਇਸ ਇਲਾਕੇ ਦੇ ਕੁਝ ਮਸ਼ਹੂਰ ਪਿੰਡਾਂ ਵਿੱਚੋਂ— ਬੱਦੋਵਾਲ, ਜੋਧਾਂ, ਸੁਧਾਰ, ਕਾਉਂਕੇ, ਗਾਲਿਬ, ਅਜੀਤਵਾਲ, ਦਾਉਦਰ, ਮੈਹਣਾ, ਸਵੱਦੀ, ਜੰਗਪੁਰ, ਲਲਤੋਂ, ਸਰਾਭਾ, ਗੁਜਰਾਂਵਾਲ, ਲਤਾਲਾ ਅਤੇ ਨਾਰੰਗਵਾਲ ਦੇ ਨਾਮ ਲਏ ਜਾ ਸਕਦੇ ਹਨ। ਇਨ੍ਹਾਂ ਪਿੰਡਾਂ ਵਿੱਚ ਮੁੱਲਾਂਪੁਰ ਦਾਖਾ ਦੇ ਕੋਲ ਹੀ ਵਸਦਾ ਨਿੱਕਾ ਜਿਹਾ ਪਿੰਡ ਹੈ – ਈਸੇਵਾਲ। ਸੰਨ 1945 ਦੀ 17 ਜੁਲਾਈ ਨੂੰ ਫਲਾਈਂਗ ਅਫ਼ਸਰ ਨਿਰਮਲ ਜੀਤ ਸਿੰਘ ਸੇਖੋਂ ਦਾ ਜਨਮ ਇਸੇ ਪਿੰਡ ਵਿੱਚ ਹੋਇਆ ਸੀ। ਸੇਖੋਂ ਭਾਰਤੀ ਹਵਾਈ ਫੌਜ ਦੇ ਇਕਲੌਤੇ ਪਰਮ ਵੀਰ ਚੱਕਰ ਜੇਤੂ ਸੈਨਿਕ ਸਨ।

ਉਨ੍ਹਾਂ ਦੇ ਮਾਪਿਆਂ ਵਿੱਚੋਂ ਪਿਤਾ ਮਾਸਟਰ ਵਾਰੰਟ ਅਫ਼ਸਰ ਅਤੇ ਭਾਰਤੀ ਹਵਾਈ ਫੌਜ ਦੇ ਆਨਰੇਰੀ ਫਲਾਈਂਗ ਅਫ਼ਸਰ ਲੈਫ਼ਟੀਨੈਂਟ ਤਰਲੋਕ ਸਿੰਘ ਸੇਖੋਂ ਅਤੇ ਮਾਂ ਹਰਬੰਸ ਕੌਰ ਇੱਕ ਘਰੇਲੂ ਸੁਆਣੀ ਸਨ। ਉਨ੍ਹਾਂ ਦਾ ਪਰਿਵਾਰ, ਜਵਾਨਾਂ ਤੇ ਕਿਸਾਨਾਂ ਦਾ ਪਰਿਵਾਰ ਸੀ। ਸੇਖੋਂ ’ਤੇ ਮੁੱਢਲਾ ਪ੍ਰਭਾਵ ਤਾਂ ਬੇਸ਼ੱਕ ਆਪਣੀ ਜੰਮਣ ਭੋਂਇ ਅਤੇ ਹਵਾਈ ਫੌਜ ਦਾ ਹੀ ਪਿਆ ਜਿਸ ਦਾ ਉਨ੍ਹਾਂ ਦੇ ਪਿਤਾ ਹਿੱਸਾ ਸਨ। ਦੂਜਾ ਅਸਰ ਮਾਰਸ਼ਲ ਅਤੇ ਖੇਤੀਬਾੜੀ ਦੇ ਪਿਛੋਕੜ ਵਾਲੇ ਪਰਿਵਾਰ ਦਾ ਪਿਆ। ਉਸ ਤਰ੍ਹਾਂ ਉਨ੍ਹਾਂ ਵਿੱਚ ਇੱਕ ਲੜਾਕੂ ਪਾਇਲਟ ਬਣਨ ਦੀ ਇੱਛਾ ਪੈਦਾ ਹੋਣਾ ਸੁਭਾਵਕ ਹੀ ਸੀ।

ਉਨ੍ਹਾਂ ਦਾ ਇਹ ਸੁਫਨਾ 4 ਜੂਨ, 1967 ਨੂੰ ਜਨਰਲ ਡਿਊਟੀਜ਼ (ਪਾਇਲਟ) ਕੋਰਸ ਵਿੱਚ ਭਰਤੀ ਹੋਣ ਨਾਲ ਪੂਰਾ ਹੋਇਆ। ਉਨ੍ਹਾਂ ਦੀ ਪਹਿਲੀ ਤਾਇਨਾਤੀ ਅੰਬਾਲਾ ਏਅਰ ਬੇਸ ’ਤੇ 18 ਨੰਬਰ ਸਕੁਐਡਰਨ (ਦਿ ਫਲਾਈਂਗ ਬੁਲਿਟਸ) ਵਿੱਚ ਹੋਈ। ਉਸ ਸਮੇਂ ਉਨ੍ਹਾਂ ਦੀ ਯੂਨਿਟ ਕੋਲ ਫੌਲੈਂਡ ਗੈਂਟ ਇੰਟਰਸੈਪਟਰ ਲੜਾਕੂ ਜਹਾਜ਼ ਸੀ। ਇਹ ਇੱਕ ਹਲਕਾ ਲੜਾਕੂ ਜਹਾਜ਼ ਹੁੰਦਾ ਸੀ। ਸੰਨ 1965 ਦੀ ਭਾਰਤ-ਪਾਕ ਜੰਗ ਵਿੱਚ ਇਸ ਦੇ ਜੌਹਰਾਂ ਕਾਰਨ ਇਸ ਨੂੰ “ਸੇਬਰ ਸਲੇਅਰ” ਵੀ ਕਿਹਾ ਜਾਣ ਲੱਗ ਪਿਆ ਸੀ। ਸੇਖੋਂ ਨੇ ਕਰੜੀ ਮਿਹਨਤ ਅਤੇ ਲਗਨ ਨਾਲ ਇਸ ਉੱਪਰ ਦੀ ਪੂਰੀ ਮੁਹਾਰਤ ਕਰ ਲਈ।

### ਜਦੋਂ 1971 ਦੀ ਲੜਾਈ ਦੇ ਛਾਏ ਬੱਦਲ

ਜਿਵੇਂ ਹੀ 1971 ਦੀ ਲੜਾਈ ਦੇ ਬੱਦਲ ਛਾਏ ਤਾਂ ਸੇਖੋਂ ਦੀ ਸਕੁਐਡਰਨ (ਹਵਾਈ ਜਹਾਜ਼ਾਂ ਦੀ ਟੁਕੜੀ) ਨੂੰ ਸ੍ਰੀ ਨਗਰ ਰਵਾਨਾ ਕਰ ਦਿੱਤਾ ਗਿਆ। ਉੱਥੇ ਉਨ੍ਹਾਂ ਨੇ ਕਸ਼ਮੀਰ ਘਾਟੀ ਦੀ ਰੱਖਿਆ ਦਾ ਜ਼ਿੰਮਾ ਸਾਂਭਿਆ। 3 ਦਸੰਬਰ 1971 ਨੂੰ ਲੜਾਈ ਸ਼ੁਰੂ ਹੋਣ ਤੋਂ ਕੁਝ ਮਹੀਨੇ ਪਹਿਲਾਂ ਹੀ ਸੇਖੋਂ ਦਾ ਮਨਜੀਤ ਨਾਲ ਵਿਆਹ ਹੋਇਆ ਸੀ। ਸਕੁਐਡਰਨ ਵਿੱਚ ਸੇਖੋਂ ਸਾਰਿਆਂ ਨੂੰ ਭਾਈ ਕਹਿ ਕੇ ਬੁਲਾਉਂਦੇ ਅਤੇ ਟੁਕੜੀ ਦੇ ਬਾਕੀ ਮੈਂਬਰ ਸੇਖੋਂ ਨੂੰ ਵੀ ਭਾਈ ਕਹਿ ਕੇ ਸੱਦਦੇ। ਰਾਤ ਨੂੰ ਅਫਸਰਾਂ ਦੀ ਮੈਸ ਵਿੱਚ ਬਰਾਂਡੀ ਦਾ ਪੈਗ ਲਾਉਣ ਤੋਂ ਬਾਅਦ ਉਹ ਚਿੰਤਾ ਵਿੱਚ ਪੈ ਜਾਂਦੇ। ਉਹ ਸੋਚਦੇ ਕਿ ਉਨ੍ਹਾਂ ਵੱਲੋਂ ਹਵਾ ਵਿੱਚ ਗਸ਼ਤ ਦੌਰਾਨ ਉਨ੍ਹਾਂ ਨੂੰ ਦੁਸ਼ਮਣ ਦੇ ਜਹਾਜ਼ ਨਜ਼ਰ ਨਹੀਂ ਆਏ। ਉਨ੍ਹਾਂ ਨੂੰ ਲਗਦਾ ਕਿ ਕਿਤੇ ਲੜਾਈ ਉਨ੍ਹਾਂ ਨੂੰ ਇੱਕ ਅੱਧਾ ਦੁਸ਼ਮਣ ਫੁੰਡਣ ਦਾ ਮੌਕਾ ਦਿੱਤੇ ਬਿਨਾਂ ਹੀ ਖਤਮ ਹੋ ਗਈ? ਇਸ ਖਿਆਲ ਨਾਲ ਉਹ ਘਬਰਾ ਜਾਂਦੇ। ਅਠਾਰਾਂ ਨੰਬਰ ਟੁਕੜੀ ਦੇ ਬਾਕੀ ਮੈਂਬਰਾਂ ਵਾਂਗ ਹੀ ਸੇਖੋਂ ਨੂੰ ਵੀ ਆਪਣੇ ਜਹਾਜ਼ਾਂ ਦੀ ਫੁਰਤੀ ਉੱਪਰ ਪੂਰਾ ਭਰੋਸਾ ਸੀ ਕਿ ਇਹ ਪਾਇਲਟ ਨੂੰ ਕਿਸੇ ਵੀ ਸਥਿਤੀ ਵਿੱਚ ਕੱਢ ਕੇ ਲਿਆ ਸਕਦੇ ਹਨ।



ਇਹ ਆਤਮ ਵਿਸ਼ਵਾਸ ਉਨ੍ਹਾਂ ਦੀ ਕਠਿਨ ਅਤੇ ਗੰਭੀਰ ਸਿਖਲਾਈ ਦਾ ਨਤੀਜਾ ਸੀ, ਜੋ ਉਨ੍ਹਾਂ ਨੇ ਏਅਰ ਮਾਰਸ਼ਲ ਅਰਜਨ ਸਿੰਘ ਅਤੇ ਏਅਰ ਚੀਫ ਮਾਰਸ਼ਲ ਪੀਸੀ ਲਾਲ ਅਧੀਨ ਪੂਰੀ ਕੀਤੀ ਸੀ। ਇਹ ਦੋਵੇਂ 1965 ਅਤੇ 1971 ਦੀਆਂ ਜੰਗਾਂ ਦੌਰਾਨ ਭਾਰਤੀ ਹਵਾਈ ਫੌਜ ਦੇ ਮੁਖੀ ਵੀ ਸਨ।

### ਆਖਰ ਉਹ ਸਮਾਂ ਆ ਗਿਆ

ਲੰਬੇ ਪਤਲੇ ਸੇਖੋਂ ਅਤੇ ਉਨ੍ਹਾਂ ਦੇ ਨਾਲ ਉਡਾਨ ਭਰਨ ਵਾਲੇ ਫਲਾਈਟ ਲੈਫਟੀਨੈਂਟ ਬਲਧੀਰ ਸਿੰਘ ਘੁੰਮਣ 14 ਦਸੰਬਰ ਦੀ ਰਾਤ ਨੂੰ ਉਡਾਨ ਭਰਨ ਲਈ ਤਿਆਰ ਬਰ ਤਿਆਰ ਸਨ। ਇੰਨੇ ਤਿਆਰ ਕਿ ਦੋ ਮਿੰਟ ਵਿੱਚ ਉੱਡ ਜਾਣ। ਆਖਰ ਪਹੁ ਫੁਟਾਲੇ ਤੋਂ ਪਹਿਲਾਂ ਦੇ ਘੁਸਮੁਸੇ ਵਿੱਚ ਉਨ੍ਹਾਂ ਨੂੰ ਅਵੰਤੀਪੁਰ ਏਅਰ ਬੇਸ ਤੋਂ ਉਹ ਖ਼ਬਰ ਆਈ, ਜਿਸ ਦੀ ਉਹ ਉਡੀਕ ਕਰ ਰਹੇ ਸਨ। ਦੱਸਿਆ ਗਿਆ ਕਿ ਪਾਕਿਸਤਾਨੀ ਲੜਾਕੂ ਜਹਾਜ਼ਾਂ ਦੀ ਇੱਕ ਟੁਕੜੀ (ਸਕੁਐਡਰਨ) ਸ੍ਰੀ ਨਗਰ ਵੱਲ ਵਧ ਰਹੀ ਹੈ। ਇਸ ਟੁਕੜੀ ਵਿੱਚ ਨੰਬਰ 26 ਸਕੁਐਡਰਨ ਦੇ ਚਾਰ ਐਫ-86ਐਫ ਸਬਰੇਸ (ਬਲੈਕ ਸਪਾਈਡਰ) ਲੜਾਕੂ ਜਹਾਜ਼ ਸਨ।

ਟੁਕੜੀ ਦੀ ਅਗਵਾਈ ਕਮਾਂਡਿੰਗ ਅਫਸਰ ਵਿੰਗ ਕਮਾਂਡਰ ਐਸਏ ਚੰਗੇਜ਼ੀ ਕਰ ਰਹੇ ਸਨ। ਇਨ੍ਹਾਂ ਨੇ ਸ੍ਰੀ ਨਗਰ ਏਅਰ ਬੇਸ ਉੱਪਰ ਬੰਬ ਵਰਸਾਉਣ ਲਈ ਪੇਸ਼ਾਵਰ ਏਅਰ ਬੇਸ ਤੋਂ ਉਡਾਨ ਭਰੀ ਸੀ। ਦੋ ਹੋਰ ਸਬਰੇਸ ਜਹਾਜ਼ ਹਮਲਾਵਰ ਟੁਕੜੀ ਦੇ ਨਾਲ ਭੇਜੇ ਗਏ ਸਨ। ਉਦੋਂ ਅਗਾਊਂ ਸੂਚਨਾ ਦੇਣ ਲਈ ਕਸ਼ਮੀਰ ਵਿੱਚ ਕੋਈ ਰਡਾਰ ਚੌਂਕੀ ਨਹੀਂ ਸੀ। ਉਹ ਇੱਕ ਧੁੰਧ ਵਾਲੀ ਰਾਤ ਸੀ ਅਤੇ ਇਸ ਟੁਕੜੀ ਨੂੰ ਪਹਾੜਾਂ ਵਿੱਚ ਬੈਠੇ ਜ਼ਮੀਨ ਤੋਂ ਅਕਾਸ਼ ਦੀ ਨਜ਼ਰ ਰੱਖਣ ਵਾਲਿਆਂ ਨੇ ਦੇਖ ਲਿਆ ਸੀ। ਅੱਗੇ ਇਤਲਾਹ ਵੀ ਕਰ ਦਿੱਤੀ ਸੀ। ਸੇਖੋਂ ਅਤੇ ਘੁੰਮਣ ਜਿਨ੍ਹਾਂ ਨੂੰ ਇਕੱਠਿਆਂ ਜੀ-ਮੈਨ ਕਿਹਾ ਜਾਂਦਾ ਸੀ। ਫ਼ੌਰਨ ਸਰਗਰਮ ਹੋ ਗਏ। ਇਸੇ ਦੌਰਾਨ ਪਾਕਿਸਤਾਨੀ ਜਹਾਜ਼ਾਂ ਨੇ ਨੰਬਰ-1 ਅਤੇ ਨੰਬਰ-2 ਜਹਾਜ਼ ਨੇ ਹਵਾਈ ਪੱਟੀ ਉੱਤੇ 500 ਬੰਬ ਸੁੱਟ ਦਿੱਤੇ ਸਨ। ਉਹ ਚਾਹੁੰਦੇ ਸਨ ਕਿ ਹਵਾਈ ਪੱਟੀ ਜਹਾਜ਼ਾਂ ਦੇ ਉਡਾਨ ਭਰਨ ਅਤੇ ਉਤਰਨ ਲਈ ਵਰਤੋਂ ਯੋਗ ਨਾ ਰਹੇ। ਫਿਰ ਵੀ ਦੋ ਭਾਰਤੀ ਪਾਇਲਟਾਂ ਨੇ ਸਿਰ ਤੇ ਵਰ੍ਹਦੇ ਬੰਬਾਂ ਵਿਚਕਾਰ ਉਡਾਨ ਭਰ ਲਈ ਸੀ। ਉਨ੍ਹਾਂ ਦਾ ਨਿਸ਼ਾਨਾ ਹਮਲਾਵਰਾਂ ਨੂੰ ਫੁੰਡਣਾ ਸੀ। ਅੱਖ ਦੇ ਫੋਰ ਵਿੱਚ ਹੀ ਸ਼ਿਕਾਰੀ ਖ਼ੁਦ ਸ਼ਿਕਾਰ ਬਣੇ ਧਰਤੀ ’ਤੇ ਪਏ ਸਨ।

### ਪਾਕਿਸਤਾਨੀ ਪਾਇਲਟ ਦਾ 'ਮਾੜਾ ਨਿਸ਼ਾਨਾ'

ਏਅਰ ਟਰੈਫ਼ਿਕ ਕੰਟਰੋਲ ਵਾਲਿਆਂ ਨੇ ਸੁਣਿਆ ਕਿ ਸੇਖੋਂ ਨੂੰ ਮੋਟੀ ਗਾਲ੍ਹ ਕੱਢ ਕੇ ਕਹਿੰਦੇ ਸੁਣਿਆ, ‘ਮੇਰੇ ਸਾਹਮਣੇ ਦੋ *** ਹਨ ਅਤੇ ਮੈਂ ਉਨ੍ਹਾਂ ਨੂੰ ਛੱਡਾਂਗਾ ਨਹੀਂ!’ ਇਹ ਕਹਿੰਦਿਆਂ ਸੇਖੋਂ ਨੇ ਫੁਰਤੀ ਨਾਲ ਉਨ੍ਹਾਂ ਵੱਲ ਵਧਕੇ ਆਪਣੀ 30 ਐਮਐਮ ਗੰਨ ਦਾ ਮੂੰਹ ਖੋਲ੍ਹ ਦਿੱਤਾ। ਜ਼ਮੀਨ ਤੋਂ ਭਾਰਤੀ ਹਵਾਈ ਫੌਜ ਦੇ ਅਧਿਕਾਰੀਆਂ ਨੇ ਦੇਖਿਆ ਕਿ ਇੱਕ ਜਹਾਜ਼ ਦੇ ਨਿਸ਼ਾਨਾ ਲੱਗਿਆ ਅਤੇ ਨਜ਼ਰਾਂ ਤੋਂ ਝਲ ਹੋ ਗਿਆ। ਜਦਕਿ ਤੀਜਾ ਸੇਬਰ ਹੁਣ ਸੇਖੋਂ ਦੇ ਪਿੱਛੇ ਸੀ ਅਤੇ ਅੱਧੇ ਇੰਚ ਦੀਆਂ ਮਸ਼ੀਨ ਗੰਨਾਂ ਨਾਲ ਉਨ੍ਹਾਂ ਤੇ ਗੋਲੀਆਂ ਵਰ੍ਹਾ ਰਿਹਾ ਸੀ। ਹਾਲਾਂਕਿ ਉਸ ਪਾਕਿਸਤਾਨੀ ਪਾਇਲਟ ਦਾ ਨਿਸ਼ਾਨਾ ਮਾੜਾ ਸੀ ਅਤੇ ਜਲਦੀ ਹੀ ਉਸ ਨੇ ਲੇਰ ਮਾਰ ਕੇ ਅਸਲ੍ਹਾ ਮੁੱਕਣ ਦਾ ਖੁਲਾਸਾ ਕਰ ਦਿੱਤਾ। ਮਜਬੂਰਨ ਉਸ ਨੇ ਸੇਖੋਂ ਦਾ ਪਿੱਛਾ ਛੱਡ ਦਿੱਤਾ।

ਧੁੰਦ ਕਾਰਨ ਸੇਖੋਂ ਦੇ ਵਿੰਗ-ਮੈਨ ਘੁੰਮਣ ਨੂੰ ਆਪਣਾ ਸਾਥੀ ਨਜ਼ਰ ਨਹੀਂ ਆ ਰਿਹਾ ਸੀ। ਸੇਖੋਂ ਇਕੱਲੇ ਹੀ ਛੇ ਦੁਸ਼ਮਣਾਂ ਨਾਲ ਲੋਹਾ ਲੈ ਰਹੇ ਸਨ। ਇਹੀ ਉਨ੍ਹਾਂ ਦੀ ਬਹਾਦਰੀ, ਫਰਜ਼ ਪ੍ਰਤੀ ਸਮਰਪਣ, ਪੇਸ਼ੇਵਰ ਸਟਾਈਲ ਸੀ। ਹੁਣ ਫਲਾਈਟ ਲੈਫਟੀਨੈਂਟ ਸਲੀਮ ਬੇਗ ਮਿਰਜ਼ਾ ਨੇ ਸੇਖੋਂ ਖਿਲਾਫ ਮੋਰਚਾ ਸੰਭਾਲਿਆ। ਨਿਰਮਲ ਜੀਤ ਸਿੰਘ ਨੇ ਵਾਇਰਲੈਸ ਤੇ ਦੱਸਿਆ ਕਿ ‘ਕੋਈ ਜਣਾ ਮੇਰੇ ਮੂਹਰੇ ਹੈ ਅਤੇ ਕੋਈ ਮੇਰੇ ਮਗਰ ਵੀ ਆ ਰਿਹਾ ਹੈ।’ 30 ਐਮਐਮ ਦੀ ਤੋਪ ਦਾ ਇੱਕ ਸੰਖੇਪ ਬਰਸਟ ਸੁਣਾਈ ਦਿੱਤਾ। ਭਾਰਤੀ ਪਾਇਲਟ ਨੇ ਆਪਣੇ ਅਚੂਕ ਨਿਸ਼ਾਨੇ ਨਾਲ ਦੂਜੇ ਸਬਰੇ ਨੂੰ ਵੀ ਨੁਕਸਾਨ ਦਿੱਤਾ ਸੀ।

ਹੁਣ ਤੱਕ ਸੇਖੋਂ ਲਗਭਗ ਅਸੰਭਵ ਨੂੰ ਅੰਜਾਮ ਦੇ ਚੁੱਕੇ ਸਨ। ਛੇ ਵਿੱਚੋਂ ਦੋ ਦੁਸ਼ਮਣ ਉਨ੍ਹਾਂ ਨੇ ਇਕੱਲੇ ਹੀ ਫੁੰਡ ਸੁੱਟੇ ਸਨ। ਹੁਣ ਉਹ ਵੀ ਘਿਰ ਚੁੱਕੇ ਸਨ ਅਤੇ ਮੁਕਾਬਲਾ ਹੋਰ ਸਖ਼ਤ ਹੋ ਗਿਆ ਸੀ। ਜ਼ਮੀਨ ਉੱਪਰ ਫਲਾਈਂਗ ਅਫ਼ਸਰ ਜੀਐਮ ਡੇਵਿਡ (ਹੂਚ) ਅਤੇ ਯੋਗਿੰਦਰ ਸਿੰਘ (ਯੋਗੀ) ਕੌਮਬੈਟ ਏਅਰ ਪੈਟਰੋਲ ਡਿਊਟੀ ਉੱਪਰ ਸਨ। ਉਨ੍ਹਾਂ ਨੇ ਸੇਖੋਂ ਦਾ ਆਖਰੀ ਸੁਨੇਹਾ ਸੁਣਿਆ, ‘ਮੈਨੂੰ ਲੱਗਦਾ ਹੈ ਮੇਰੇ ਜਹਾਜ਼ ਦੇ ਗੋਲੀ ਲੱਗੀ ਹੈ। ਜੀ-ਮੈਨ ਆ !’ ਸੇਖੋਂ ਦਾ ਪਿੱਛਾ ਕਰ ਰਹੇ ਮਿਰਜ਼ਾ ਦੀ ਮਸ਼ੀਨ ਗੰਨ ਨੇ ਉਨ੍ਹਾਂ ਦੇ ਜਹਾਜ਼ ਨੂੰ ਨੁਕਸਾਨ ਪਹੁੰਚਾ ਦਿੱਤਾ ਸੀ। ਇਹ ਇੱਕ ਬਾਹਦਰਾਂ ਵਾਂਗ ਲੜੀ ਅਤੇ ਪ੍ਰੇਰਿਤ ਕਰ ਦੇਣ ਵਾਲੀ ਗਹਿ-ਗੱਚ ਲੜਾਈ ਦਾ ਅੰਤ ਸੀ।

ਨੌਜਵਾਨ ਫੌਜੀ ਨੇ ਈਸੇਵਾਲ ਦੇ ਆਪਣੇ ਬਹਾਦਰ ਪੁਰਖਿਆਂ ਦੇ ਨਾਮ ਨੂੰ ਲਾਜ ਨਹੀਂ ਸੀ ਲੱਗਣ ਦਿੱਤੀ। ਸੇਖੋਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਂਵਾਕ ‘ਨਾ ਡਰੋਂ ਅਰਿ ਸੋਂ ਜਾਇ ਲਰੋਂ, ਨਿਸ਼ਚੈ ਕਰ ਅਪਨੀ ਜੀਤ ਕਰੋਂ” ਨੂੰ ਸਕਾਰ ਕਰਕੇ ਦਿਖਾਇਆ ਸੀ।

ਅਕਾਸ਼ ਵਿੱਚ ਸੇਖੋਂ ਦਾ ਜਹਾਜ਼ ਕੁਝ ਸਮੇਂ ਲਈ ਸਿੱਧਾ ਜਾਂਦਾ ਦੇਖਿਆ ਗਿਆ ਅਤੇ ਫਿਰ ਗੋਤਾ ਖਾ ਗਿਆ। ਆਖਰੀ ਸਮੇਂ ’ਤੇ ਉਨ੍ਹਾਂ ਨੇ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਹੋ ਸਕੇ। ਹਾਲਾਂਕਿ ਉਨ੍ਹਾਂ ਦੇ ਜਹਾਜ਼ ਦੀ ਛੱਤ ਉੱਡਦੀ ਦੇਖੀ ਗਈ। ਸੇਖੋਂ ਦੇ ਜਹਾਜ਼ ਦਾ ਮਲਬਾ ਸ਼੍ਰੀ ਨਗਰ ਸ਼ਹਿਰ ਤੋਂ ਏਅਰ ਬੇਸ ਵੱਲ ਆਉਂਦੀ ਸੜਕ ’ਤੇ ਬੇਸ ਤੋਂ ਕੁਝ ਮੀਲ ਦੂਰ ਇੱਕ ਤੰਗ ਘਾਟੀ ਵਿੱਚ ਪਿਆ ਮਿਲਿਆ।

ਸ਼ੇਰ ਮਰ ਚੁੱਕਿਆ ਸੀ ਪਰ ਆਪਣੀ ਬਹਾਦਰੀ, ਕੌਸ਼ਲ ਅਤੇ ਮੁਸ਼ਕਲ ਦੇ ਸਾਹਮਣੇ ਡਟੇ ਰਹਿਣ ਕਾਰਨ ਸੇਖੋਂ ਨੇ ਨਾ ਸਿਰਫ ਭਾਰਤੀ ਹਵਾਈ ਫੌਜ ਸਗੋਂ ਸਮੁੱਚੇ ਦੇਸ ਲਈ ਇੱਕ ਮਿਸਾਲ ਕਾਇਮ ਕੀਤੀ। ਕਹਿੰਦੇ ਹਨ ਬਹਾਦਰੀ ਉਹ ਜਿਸਦੀ ਦੁਸ਼ਮਣ ਵੀ ਸਿਫ਼ਤ ਕਰੇ ਬਿਨਾਂ ਰਹਿ ਨਾ ਸਕੇ। ਸੇਖੋਂ ਦੀ ਬਹਾਦਰੀ ਵੀ ਕੁਝ ਅਜਿਹੀ ਹੀ ਸੀ। ਏਅਰ ਕਮਾਂਡੋਰ ਕੈਸਰ ਤੁਫੈਲ ਜੋ ਕਿ ਲੜਾਕੂ ਪਾਇਲਟ ਵੀ ਰਹੇ ਅਤੇ ਫੌਜੀ ਇਤਿਹਾਸਕਾਰ ਵੀ ਹਨ। ਸੇਖੋਂ ਬਾਰੇ ਲਿਖਦੇ ਹਨ,“ ਸੇਖੋਂ ਬਹੁਤ ਮੁਸ਼ਕਲ ਬੁਝਾਰ ਸਾਬਤ ਹੋਏ। ਉਨ੍ਹਾਂ ਦੇ ਯਤਨ ਸ਼ਲਾਘਾਯੋਗ ਸਨ। ਉਹ ਆਖਰ ਤੱਕ, ਇਕੱਲੇ ਲੜੇ।” ਨਿਰਮਲ ਜੀਤ ਸਿੰਘ ਸੇਖੋਂ ਨੂੰ ਮੌਤ ਮਗਰੋਂ ਭਾਰਤ ਦੇ ਸਿਰਮੌਰ ਬਹਾਦਰੀ ਪੁਰਸਕਾਰ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ। ਨਿਰਮਲ ਜੀਤ ਸਿੰਘ ਸੇਖੋਂ ਦਾ ਪਰਮਵੀਰ ਚੱਕਰ ਹਵਾਈ ਫੌਜ ਦੇ ਹਿੱਸੇ ਆਇਆ ਪਹਿਲਾ ਅਤੇ ਹੁਣ ਤੱਕ ਦਾ ਇਕਲੌਤਾ ਪਰਮਵੀਰ ਚੱਕਰ ਹੈ। ਭਾਰਤ ਦੇ ਫ਼ੌਜੀ ਇਤਿਹਾਸ ਵਿੱਚ ਉਨ੍ਹਾਂ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਰਹੇਗਾ। ਸੱਚੇ ਸ਼ਬਦਾਂ ਵਿੱਚ ਉਨ੍ਹਾਂ ਨੇ ਭਾਰਤੀ ਹਵਾਈ ਫੌਜ ਦੇ ਮਾਟੋ ‘ਨਭ ਸਪਰਸ਼ਮ ਦੀਪਤਮ’ (ਸ਼ਾਨ ਨਾਲ ਅਕਾਸ਼ ਨੂੰ ਛੂਹਣਾ) ਨੂੰ ਸਕਾਰ ਕਰਕੇ ਦਿਖਾਇਆ।

# ਕੀ ਜਹਾਜ਼ ਹਾਦਸੇ ਪਹਿਲਾਂ ਨਾਲੋਂ ਜ਼ਿਆਦਾ ਵੱਧ ਗਏ ਨੇ?

ਹਾਲ ਹੀ ਵਿੱਚ ਹੋਏ ਜਹਾਜ਼ ਹਾਦਸਿਆਂ ਤੋਂ ਬਾਅਦ, ਕੁਝ ਸੋਸ਼ਲ ਮੀਡੀਆ ਯੂਜ਼ਰਜ਼ ਦਾ ਕਹਿਣਾ ਹੈ ਕਿ ਹਵਾਈ ਯਾਤਰਾਵਾਂ ਦੌਰਾਨ ਹਾਦਸੇ ਪਹਿਲਾਂ ਨਾਲੋਂ ਵੱਧ ਹੋ ਰਹੇ ਹਨ। ਪਿਛਲੇ ਸਾਲ 29 ਦਸੰਬਰ ਨੂੰ ਦੱਖਣੀ ਕੋਰੀਆ ਵਿੱਚ ਇੱਕ ਜਹਾਜ਼ ਲੈਂਡਿੰਗ ਦੌਰਾਨ ਹਾਦਸਾਗ੍ਰਸਤ ਹੋ ਗਿਆ ਸੀ, ਜਿਸ ਵਿੱਚ 179 ਲੋਕਾਂ ਦੀ ਮੌਤ ਹੋ ਗਈ ਸੀ। ਇੱਕ ਮਹੀਨੇ ਬਾਅਦ ਵਾਸ਼ਿੰਗਟਨ ਡੀਸੀ ਵਿੱਚ ਇੱਕ ਫੌਜੀ ਹੈਲੀਕਾਪਟਰ ਅਤੇ ਇੱਕ ਯਾਤਰੀ ਜਹਾਜ਼ ਵਿਚਕਾਰ ਹੋਈ ਟੱਕਰ ਵਿੱਚ 67 ਲੋਕਾਂ ਦੀ ਮੌਤ ਹੋ ਗਈ। ਪਿਛਲੇ ਮਹੀਨੇ ਹੀ, ਅਹਿਮਦਾਬਾਦ ਵਿੱਚ ਏਅਰ ਇੰਡੀਆ ਦਾ ਇੱਕ ਜਹਾਜ਼ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ ਸੀ। ਇਸ ਹਾਦਸੇ ਵਿੱਚ ਜਹਾਜ਼ ਵਿੱਚ ਸਵਾਰ ਅਤੇ ਜ਼ਮੀਨ 'ਤੇ ਮੌਜੂਦ ਘੱਟੋ-ਘੱਟ 260 ਲੋਕਾਂ ਦੀ ਮੌਤ ਹੋ ਗਈ ਸੀ। ਸਿਰਫ਼ ਇੱਕ ਯਾਤਰੀ ਬ੍ਰਿਟਿਸ਼ ਨਾਗਰਿਕ ਵਿਸ਼ਵਾਸ ਕੁਮਾਰ ਰਮੇਸ਼ ਸੁਰੱਖਿਅਤ ਬਚ ਸਕੇ ਸਨ। ਹਾਲਾਂਕਿ ਇਸ ਵਿਸ਼ੇ 'ਤੇ ਬਹੁਤੇ ਸਰਵੇ ਤਾਂ ਨਹੀਂ ਹੋਏ ਹਨ, ਪਰ ਫਰਵਰੀ ਵਿੱਚ ਐਸੋਸੀਏਟਿਡ ਪ੍ਰੈੱਸ ਦੇ ਇੱਕ ਸਰਵੇ ਵਿੱਚ ਸਾਹਮਣੇ ਆਇਆ ਸੀ ਕਿ ਹਾਦਸਿਆਂ ਦੀਆਂ ਆਨਲਾਈਨ ਤਸਵੀਰਾਂ ਨੇ ਕੁਝ ਅਮਰੀਕੀਆਂ ਦਾ ਹਵਾਈ ਯਾਤਰਾ ਵਿੱਚ ਵਿਸ਼ਵਾਸ ਘਟਾ ਦਿੱਤਾ ਹੈ।

### ਹਾਦਸਿਆਂ ਦੀ ਗਿਣਤੀ ਵਿੱਚ ਕਮੀ

ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ (ਐਨਟੀਐਸਬੀ) ਨੇ ਇਸ ਸਾਲ ਜਨਵਰੀ ਦੇ ਅੰਤ ਤੱਕ ਅਮਰੀਕਾ ਵਿੱਚ ਹੋਏ ਹਵਾਈ ਹਾਦਸਿਆਂ ਦਾ ਡਾਟਾ ਤਿਆਰ ਕੀਤਾ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ 2005 ਅਤੇ 2024 ਦੇ ਵਿਚਕਾਰ ਅਮਰੀਕਾ ਵਿੱਚ ਕੁੱਲ ਉਡਾਣਾਂ ਦੀ ਗਿਣਤੀ ਵਿੱਚ ਅਹਿਮ ਵਾਧੇ ਦੇ ਬਾਵਜੂਦ, ਹਵਾਈ ਹਾਦਸਿਆਂ ਵਿੱਚ ਕਮੀ ਆਈ ਹੈ। ਜਨਵਰੀ 2025 ਵਿੱਚ ਹਾਦਸਿਆਂ ਦੀ ਗਿਣਤੀ 52 ਸੀ ਜਦੋਂ ਕਿ ਜਨਵਰੀ 2024 ਵਿੱਚ ਇਹ ਗਿਣਤੀ 58 ਸੀ ਅਤੇ ਜਨਵਰੀ 2023 ਅਜਿਹੇ 70 ਹਾਦਸੇ ਹੋਏ ਸਨ।

ਸੰਯੁਕਤ ਰਾਸ਼ਟਰ ਸੰਸਥਾ ਇੰਟਰਨੈਸ਼ਨਲ ਸਿਵਲ ਏਵੀਏਸ਼ਨ ਆਰਗੇਨਾਈਜ਼ੇਸ਼ਨ (ਆਈਸੀਏ ) ਦੇ ਅੰਕੜਿਆਂ ਮੁਤਾਬਕ 2005 ਅਤੇ 2023 ਦੇ ਵਿਚਕਾਰ ਦੁਨੀਆ ਭਰ ਵਿੱਚ ਪ੍ਰਤੀ 10 ਲੱਖ ਹਵਾਈ ਉਡਾਣਾਂ ਵਿੱਚ ਹਾਦਸਿਆਂ ਵਿੱਚ ਸਪੱਸ਼ਟ ਗਿਰਾਵਟ ਆਈ ਹੈ। ਆਈਸੀਏ ਦੀ ਜਹਾਜ਼ ਹਾਦਸੇ ਦੀ ਪਰਿਭਾਸ਼ਾ ਕਾਫ਼ੀ ਵਿਆਪਕ ਹੈ। ਇਸ ਵਿੱਚ ਸਿਰਫ਼ ਉਹ ਘਟਨਾਵਾਂ ਹੀ ਸ਼ਾਮਲ ਨਹੀਂ ਹਨ ਜਿਨ੍ਹਾਂ ਵਿੱਚ ਯਾਤਰੀ ਜਾਂ ਚਾਲਕ ਦਲ ਗੰਭੀਰ ਰੂਪ ਵਿੱਚ ਜ਼ਖਮੀ ਹੁੰਦੇ ਹਨ ਜਾਂ ਮਰ ਜਾਂਦੇ ਹਨ, ਸਗੋਂ ਉਹ ਮਾਮਲੇ ਵੀ ਸ਼ਾਮਲ ਹਨ ਜਦੋਂ ਜਹਾਜ਼ ਖ਼ਰਾਬ ਹੋ ਜਾਂਦਾ ਹੈ ਅਤੇ ਮੁਰੰਮਤ ਦੀ ਲੋੜ ਹੁੰਦੀ ਹੈ ਜਾਂ ਲਾਪਤਾ ਹੋ ਜਾਂਦਾ ਹੈ।



ਜੇਕਰ ਅਸੀਂ ਦੁਨੀਆ ਭਰ ਵਿੱਚ ਹਵਾਈ ਹਾਦਸਿਆਂ ਵਿੱਚ ਮੌਤਾਂ ਦੀ ਗਿਣਤੀ 'ਤੇ ਨਜ਼ਰ ਮਾਰੀਏ, ਤਾਂ ਇਸ ਸਮੇਂ ਦੌਰਾਨ ਇਸ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਹਾਲਾਂਕਿ, ਕੁਝ ਸਾਲਾਂ ਵਿੱਚ ਵੱਡੇ ਹਾਦਸਿਆਂ ਕਾਰਨ ਇਹ ਗਿਣਤੀ ਅਚਾਨਕ ਵਧ ਗਈ ਹੈ। 2014 ਵਿੱਚ ਦੋ ਵੱਡੀਆਂ ਘਟਨਾਵਾਂ ਕਾਰਨ ਹਵਾਈ ਹਾਦਸਿਆਂ ਦੀ ਗਿਣਤੀ ਵਿੱਚ ਅਚਾਨਕ ਵਾਧਾ ਹੋਇਆ। ਮਾਰਚ ਵਿੱਚ ਮਲੇਸ਼ੀਅਨ ਏਅਰਲਾਈਨਜ਼ ਦੀ ਉਡਾਣ ਐਮਐਚ370 ਕੁਆਲਾਲੰਪੁਰ ਤੋਂ ਬੀਜਿੰਗ ਜਾਂਦੇ ਸਮੇਂ 239 ਲੋਕਾਂ ਨਾਲ ਗਾਇਬ ਹੋ ਗਈ ਸੀ। ਉਸੇ ਸਾਲ ਜੁਲਾਈ ਮਹੀਨੇ ਮਲੇਸ਼ੀਅਨ ਏਅਰਲਾਈਨਜ਼ ਦਾ ਇੱਕ ਹੋਰ ਜਹਾਜ਼, ਐਮਐਚ 17, ਪੂਰਬੀ ਯੂਕਰੇਨ ਵਿੱਚ ਇੱਕ ਰੂਸੀ ਮਿਜ਼ਾਈਲ ਦੁਆਰਾ ਮਾਰਿਆ ਗਿਆ ਸੀ, ਜਿਸ ਵਿੱਚ ਤਕਰੀਬਨ 300 ਲੋਕ ਮਾਰੇ ਗਏ ਸਨ।

### ਮਾਹਰ ਕੀ ਕਹਿੰਦੇ ਹਨ?

ਕੈਂਬਰਿਜ ਯੂਨੀਵਰਸਿਟੀ ਦੇ ਅੰਕੜਾ ਵਿਗਿਆਨੀ ਪ੍ਰੋਫ਼ੈਸਰ ਸਰ ਡੇਵਿਡ ਸਪੀਗੇਲਹਾਲਟਰ ਨੇ ਬੀਬੀਸੀ ਵੈਰੀਫ਼ਾਈ ਨੂੰ ਦੱਸਿਆ ਕਿ ਅਜਿਹੇ ਡਾਟਾ ਵਿੱਚ ਅਚਾਨਕ ਵੱਡੇ ਉਤਰਾਅ-ਚੜ੍ਹਾਅ ਆਮ ਗੱਲ ਹੈ। ਉਨ੍ਹਾਂ ਮੁਤਾਬਕ, "ਜੇ ਤੁਸੀਂ ਹਾਦਸਿਆਂ ਦੀ ਬਜਾਇ ਮੌਤਾਂ ਦੀ ਗਿਣਤੀ ਕਰਦੇ ਹੋ, ਤਾਂ ਅੰਕੜੇ ਬਹੁਤ ਉਤਰਾਅ-ਚੜ੍ਹਾਅ ਵਾਲੇ ਹੋ ਜਾਂਦੇ ਹਨ ਅਤੇ ਸਿਰਫ਼ ਇੱਕ ਵੱਡੇ ਹਾਦਸੇ ਨਾਲ ਕਾਫ਼ੀ ਪ੍ਰਭਾਵਿਤ ਹੁੰਦੇ ਹਨ।" ਉਨ੍ਹਾਂ ਕਿਹਾ, "ਅਜਿਹੇ ਹਾਦਸੇ ਇੱਕੋ ਤਰੀਕੇ ਨਾਲ ਨਹੀਂ ਵਾਪਰਦੇ, ਅਕਸਰ ਕਈ ਇੱਕੋ ਸਮੇਂ ਵਾਪਰਦੇ ਹਨ। ਇਸੇ ਕਰਕੇ ਕਈ ਵਾਰ ਅਜਿਹਾ ਲੱਗਦਾ ਹੈ ਜਿਵੇਂ ਇਨ੍ਹਾਂ ਹਵਾਈ ਹਾਦਸਿਆਂ ਦਾ ਆਪਸ ਵਿੱਚ ਕੋਈ ਸਬੰਧ ਹੋਵੇ, ਜਦੋਂ ਕਿ ਅਸਲ ਵਿੱਚ ਉਨ੍ਹਾਂ ਦਾ ਇੱਕ ਦੂਜੇ ਨਾਲ ਕੋਈ ਸਬੰਧ ਨਹੀਂ ਹੈ।" ਪਿਛਲੇ ਕੁਝ ਮਹੀਨਿਆਂ ਵਿੱਚ ਹੋਏ ਇਨ੍ਹਾਂ ਵੱਡੇ ਹਵਾਈ ਹਾਦਸਿਆਂ ਬਾਰੇ, ਫ਼ਿਨਲੈਂਡ ਦੇ ਸਾਬਕਾ ਹਵਾਈ ਹਾਦਸੇ ਜਾਂਚ ਮੁਖੀ ਇਸਮੋ ਆਲਤੋਨੇਨ ਨੇ ਬੀਬੀਸੀ ਵੈਰੀਫ਼ਾਈ ਨੂੰ ਦੱਸਿਆ ਕਿ ਇਸਦਾ ਮਤਲਬ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਹਵਾਈ ਯਾਤਰਾ ਹੁਣ ਘੱਟ ਸੁਰੱਖਿਅਤ ਹੋ ਗਈ ਹੈ। ਉਨ੍ਹਾਂ ਕਿਹਾ, "ਇਹ ਬਦਕਿਸਮਤੀ ਹੈ ਕਿ ਇੱਕੋ ਸਮੇਂ ਇੰਨੇ ਸਾਰੇ ਵੱਖ-ਵੱਖ ਹਾਦਸੇ ਵਾਪਰੇ, ਪਰ ਲੋਕਾਂ ਨੂੰ ਇਸ ਦੇ ਆਧਾਰ 'ਤੇ ਕੋਈ ਸਿੱਟਾ ਨਹੀਂ ਕੱਢਣਾ ਚਾਹੀਦਾ ਕਿਉਂਕਿ ਇਹ ਸਾਰੇ

(ਬਾਕੀ ਅਗਲੇ ਸਫੇ ‘ਤੇ)

# ਕੀ ਅਸੀਂ ਹਰ ਰੋਜ਼ ਆਪਣੇ ਖਾਣੇ ਨਾਲ ਪਲਾਸਟਿਕ ਵੀ ਖਾ ਰਹੇ ਹਾਂ

"ਪੀਣ ਵਾਲੇ ਪਾਣੀ ਦੀ ਬੋਤਲ ਪਲਾਸਟਿਕ ਦੀ, ਖਾਣਾ ਖਾਣ ਵਾਲੇ ਡੱਬੇ ਵੀ ਪਲਾਸਟਿਕ ਦੇ, ਹੋਟਲਾਂ ਜਾਂ ਆਨਲਾਈਨ ਆ ਰਿਹਾ ਖਾਣਾ ਪਲਾਸਟਿਕ ਦੇ ਡੱਬਿਆਂ ਵਿੱਚ ਬੰਦ!" "ਨਾ ਚਾਹੁੰਦੇ ਹੋਏ ਵੀ ਪਲਾਸਟਿਕ ਸਾਡੇ ਰੋਜ਼ਾਨਾ ਦੇ ਖਾਣ-ਪੀਣ ਦਾ ਹਿੱਸਾ ਬਣ ਗਿਆ ਹੈ।" "ਅਸੀਂ ਆਮ ਤੌਰ 'ਤੇ ਇਹ ਨਹੀਂ ਸੋਚਦੇ ਕਿ ਅਸੀਂ ਖਾਣਾ ਖਾ ਰਹੇ ਹਾਂ ਕਿ ਪਲਾਸਟਿਕ, ਪਰ ਇਹ ਸੱਚ ਹੈ ਕਿ ਅਸੀਂ ਆਪਣੇ ਖਾਣੇ ਦੇ ਨਾਲ ਹਰ ਰੋਜ਼ ਥੋੜ੍ਹਾ-ਥੋੜ੍ਹਾ ਪਲਾਸਟਿਕ ਅੰਦਰ ਨਿਗਲ ਰਹੇ ਹਾਂ।"

ਇਹ ਕਹਿਣਾ ਹੈ ਪੀਜੀਆਈ ਚੰਡੀਗੜ੍ਹ ਵਿੱਚ ਵਾਤਾਵਰਨ ਸਿਹਤ ਦੇ ਪ੍ਰੋਫੈਸਰ ਡਾਕਟਰ ਰਵਿੰਦਰ ਖਾਈਵਾਲ ਦਾ। ਡਾਕਟਰ ਰਵਿੰਦਰ ਖਾਈਵਾਲ ਪੀਜੀਆਈ ਚੰਡੀਗੜ੍ਹ ਵਿੱਚ ਕਮਿਊਨਿਟੀ ਮੈਡੀਸਨ ਵਿਭਾਗ ਅਤੇ ਸਕੂਲ ਆਫ਼ ਪਬਲਿਕ ਹੈਲਥ ਵਿਖੇ ਵਾਤਾਵਰਣ ਸਿਹਤ ਦੇ ਪ੍ਰੋਫੈਸਰ ਹਨ। ਉਹ ਦੱਸਦੇ ਹਨ ਕਿ ਸਾਲ 2025 ਦੇ ਅੰਤ ਤੱਕ ਥਰਮੋਪਲਾਸਟਿਕ ਦਾ ਵਿਸ਼ਵਵਿਆਪੀ ਉਤਪਾਦਨ 445.25 ਮਿਲੀਅਨ ਮੀਟ੍ਰਿਕ ਟਨ ਤੱਕ ਪਹੁੰਚਣ ਦੀ ਉਮੀਦ ਹੈ। ਮਾਈਕ੍ਰੋਪਲਾਸਟਿਕ ਦੇ ਮਾੜੇ ਪ੍ਰਭਾਵਾਂ ਬਾਰੇ ਦੁਨੀਆਂ ਭਰ ਵਿੱਚ ਵੱਖ-ਵੱਖ ਪੱਧਰ ਉੱਤੇ ਅਧਿਐਨ ਕੀਤੇ ਜਾ ਰਹੇ ਹਨ। ਦਿ ਲੈਂਸੇਟ ਰੈਸਪੀਰੇਟਰੀ ਮੈਡੀਸਨ ਦੇ ਖੋਜਕਾਰਾਂ ਦੀ ਜੁਲਾਈ ਮਹੀਨੇ ਪ੍ਰਕਾਸ਼ਿਤ ਹੋਈ ਰਿਪੋਰਟ 'ਮਾਈਕ੍ਰੋਪਲਾਸਟਿਕ: ਇੱਕ ਘੱਟ ਅਨੁਮਾਨਿਤ ਅਤੇ ਘੱਟ ਨਿਯੰਤ੍ਰਿਤ ਸੰਕਟ' ਅਨੁਸਾਰ 2050 ਅਤੇ 2060 ਤੱਕ ਦੁਨੀਆਂ ਭਰ ਵਿੱਚ ਪਲਾਸਟਿਕ ਉਤਪਾਦਨ ਅਤੇ ਰਹਿੰਦ-ਖੂੰਹਦ ਤਿੰਨ ਗੁਣਾ ਵਧ ਜਾਵੇਗੀ। ਲੈਂਸੇਟ ਇੱਕ ਹਫਤਾਵਾਰੀ ਮੈਡੀਕਲ ਰਸਾਲਾ ਹੈ, ਜਿਸਦੀ ਸਥਾਪਨਾ 1823 ਵਿੱਚ ਇੰਗਲੈਂਡ ਵਿੱਚ ਹੋਈ ਸੀ। ਇਹ ਦੁਨੀਆਂ ਦੇ ਸਭ ਤੋਂ ਵੱਧ ਪ੍ਰਭਾਵ ਵਾਲੇ ਮੈਡੀਕਲ ਰਸਾਲਿਆਂ ਵਿੱਚੋਂ ਇੱਕ ਹੈ। ਲੈਂਸੇਟ ਦੀ ਰਿਪੋਰਟ ਮੁਤਾਬਕ, ਮਾਈਕ੍ਰੋਪਲਾਸਟਿਕ ਕਾਰਨ ਵਾਤਾਵਰਣ ਅਤੇ ਜਨਤਕ ਸਿਹਤ ਉੱਤੇ ਪੈਣ ਵਾਲੇ ਬੋਝ ਵਿੱਚ ਤੇਜ਼ੀ ਨਾਲ ਵਾਧਾ ਹੋਣ ਦਾ ਅੰਦਾਜ਼ਾ ਹੈ।

ਪੀਜੀਆਈ ਚੰਡੀਗੜ੍ਹ ਦੇ ਵਿਗਿਆਨੀ ਡਾਕਟਰ ਰਵਿੰਦਰ ਖਾਈਵਾਲ ਕਹਿੰਦੇ ਹਨ, "ਪਲਾਸਟਿਕ ਦਾ ਸਾਲਾਨਾ ਉਤਪਾਦਨ 2050 ਤੱਕ ਅੰਦਾਜ਼ਨ 590 ਮਿਲੀਅਨ ਮੀਟ੍ਰਿਕ ਟਨ ਤੱਕ ਪਹੁੰਚ ਜਾਵੇਗਾ।" ਹਾਲ ਹੀ ਵਿੱਚ ਡਾਕਟਰ ਰਵਿੰਦਰ ਖਾਈਵਾਲ ਨੇ ਪਲਾਸਟਿਕ ਦੇ ਮਨੁੱਖੀ ਸਿਹਤ ਉੱਤੇ ਪ੍ਰਭਾਵ ਬਾਰੇ ਇੱਕ ਅਧਿਐਨ ਕੀਤਾ ਹੈ, ਜਿਸਦਾ ਨਾਮ ਹੈ - ਅੰਤੜੀਆਂ ਦੀ ਸਿਹਤ 'ਤੇ ਮਾਈਕ੍ਰੋਪਲਾਸਟਿਕਸ ਦੇ ਪ੍ਰਭਾਵ: ਮੌਜੂਦਾ ਸਥਿਤੀ ਅਤੇ ਭਵਿੱਖ ਦੀਆਂ ਦਿਸ਼ਾਵਾਂ। ਇਸ ਅਧਿਐਨ ਵਿੱਚ ਪੰਜਾਬ ਯੂ-ਨੀਵਰਸਿਟੀ, ਚੰਡੀਗੜ੍ਹ ਵਿੱਚ ਵਾਤਾਵਰਨ ਸਿਹਤ ਵਿਭਾਗ ਦੇ ਚੇਅਰਪਰਸਨ ਡਾਕਟਰ ਸੁਮਨ ਮੋਰ ਨੇ ਵੀ ਸਹਿਯੋਗ ਕੀਤਾ ਹੈ।

### ਮਾਈਕ੍ਰੋਪਲਾਸਟਿਕ ਕੀ ਹੈ?

ਮਾਈਕ੍ਰੋਪਲਾਸਟਿਕ, ਪਲਾਸਟਿਕ ਦੇ ਬਹੁਤ ਹੀ ਛੋਟੇ ਟੁਕੜੇ ਹੁੰਦੇ ਹਨ। ਜੇਕਰ ਤੁਸੀਂ ਆਪਣੇ ਆਲੇ-ਦੁਆਲੇ ਨਜ਼ਰ ਮਾਰੋਗੇ ਤਾਂ ਤੁਹਾਨੂੰ ਹਰ ਥਾਂ ਹਰ ਪਾਸੇ ਪਲਾਸਟਿਕ ਦੀਆਂ ਦੀਆਂ ਬਣੀਆਂ ਚੀਜ਼ਾਂ ਹੀ ਨਜ਼ਰ ਆਉਣਗੀਆਂ। ਅਜਿਹੀਆਂ ਪਲਾਸਟਿਕ ਦੀਆਂ ਚੀਜ਼ਾਂ ਦੇ ਬਰੀਕ ਟੁੱਕੜੇ ਜਦੋਂ ਬਹੁਤ ਹੀ ਛੋਟੇ ਆਕਾਰ 'ਚ ਟੁੱਟ ਜਾਂਦੇ ਹਨ ਤਾਂ ਉਨ੍ਹਾਂ ਨੂੰ ਮਾਈਕ੍ਰੋਪਲਾਸਟਿਕ ਕਿਹਾ ਜਾਂਦਾ ਹੈ। ਪਲਾਸਟਿਕ ਦੇ ਟੁਕੜਿਆਂ ਦੇ ਮਾਈਕ੍ਰੋਪਲਾਸਟਿਕ ਵਿੱਚ ਤਬਦੀਲ ਹੋਣ ਦੇ ਕਾਰਨ ਹਨ - ਧੁੱਪ ਅਤੇ ਮੌਸਮ। ਉਦਾਹਰਣ ਵੱਜੋਂ, ਇੱਕ ਪਲਾਸਟਿਕ ਦਾ ਲਿਫ਼ਾਫ਼ਾ ਜਾਂ ਪੈਕਟ ਤੇਜ਼ ਧੁੱਪ ਕਾਰਨ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ ਅਤੇ ਉਹ ਹਿੱਸੇ ਅੱਗੇ ਧੁੱਪ ਕਾਰਨ ਹੋਰ ਛੋਟੇ-ਛੋਟੇ ਕਣਾਂ ਵਿੱਚ ਤਬਦੀਲ ਹੋ ਜਾਂਦੇ ਹਨ। ਦੂਜਾ ਕਾਰਨ ਹੈ - ਮੌਸਮ। ਮੌਸਮ ਵਿੱਚ ਆਉਣ ਵਾਲੀਆਂ ਤਬਦੀਲੀਆਂ ਦੇ ਨਾਲ ਪਲਾਸਟਿਕ ਹੌਲੀ-ਹੌਲੀ ਛੋਟੇ-ਛੋਟੇ ਕਣਾਂ ਵਿੱਚ ਟੁੱਟਦਾ ਰਹਿੰਦਾ ਹੈ। ਆਮ ਤੌਰ 'ਤੇ ਪਲਾਸਟਿਕ ਦੇ 5 ਮਿਲੀਮੀਟਰ ਤੋਂ ਛੋਟੇ ਟੁੱਕੜੇ ਮਾਈਕ੍ਰੋਪਲਾਸਟਿਕ ਕਹਾਉਂਦੇ ਹਨ। ਕੁਝ ਟੁੱਕੜੇ ਤਾਂ ਇਸ ਤੋਂ ਵੀ ਛੋਟੇ ਹੁੰਦੇ ਹਨ, ਜਿਨ੍ਹਾਂ ਨੂੰ ਨੈਨੋ ਪਲਾਸਟਿਕ ਕਿਹਾ ਜਾਂਦਾ ਹੈ। ਇਹ ਛੋਟੇ ਪਲਾਸਟਿਕ ਕਣ (ਮਾਈਕ੍ਰੋਪਲਾਸਟਿਕ) ਧਰਤੀ ਅਤੇ ਜਲ ਸਰੋਤ (ਸਮੁੰਦਰੀ ਅਤੇ ਤਾਜ਼ੇ ਪਾਣੀ) ਵਿੱਚ ਸ਼ਾਮਲ ਹਨ।

ਮਾਈਕ੍ਰੋਪਲਾਸਟਿਕਸ ਸਰੀਰ ਵਿੱਚ ਦਾਖਲ ਹੋਣ ਦੇ ਕਈ ਤਰੀਕੇ ਹਨ, ਜਿਸ ਵਿੱਚ ਮੂੰਹ ਰਾਹੀਂ ਅਤੇ ਖਾਸ ਕਰਕੇ ਜੀਆਈ ਟ੍ਰੈਕਟ (ਪਾਚਣ ਪ੍ਰਣਾਲੀ) ਰਾਹੀਂ ਦਾਖਲਾ ਸ਼ਾਮਲ ਹੈ। ਡਾਕਟਰ ਰਵਿੰਦਰ ਖਾਈਵਾਲ ਕਹਿੰਦੇ ਹਨ, "ਜਿਵੇਂ ਦੀ ਜ਼ਿੰਦਗੀ ਮਨੁੱਖ ਹੁਣ ਜੀਅ ਰਿਹਾ ਹੈ, ਉੱਥੇ ਪਲਾਸਟਿਕ ਹਰ ਵੇਲੇ ਮਨੁੱਖੀ ਸਰੀਰ ਦੇ ਅੰਦਰ ਜਾ ਰਿਹਾ ਹੈ। ਮਨੁੱਖ ਹੀ ਨਹੀਂ, ਜਾਨਵਰਾਂ ਦੇ ਸਰੀਰ ਅੰਦਰ ਵੀ ਪਲਾਸਟਿਕ ਪਹੁੰਚ ਰਿਹਾ ਹੈ। ਮਾਈਕ੍ਰੋਪਲਾਸਟਿਕ ਭੋਜਨ ਲੜੀ ਵਿੱਚ ਦਾਖਲ ਹੋ ਗਿਆ ਹੈ। ਇਹ ਹੁਣ ਬਹੁਤ ਸਾਰੇ ਭੋਜਨ ਸਰੋਤਾਂ ਵਿੱਚ ਮੌਜੂਦ ਹੈ।"




ਉਹ ਦੱਸਦੇ ਹਨ, "ਬੋਤਲਬੰਦ ਪਾਣੀ, ਬੋਤਲ ਜਾਂ ਪੈਕਟ ਵਾਲਾ ਦੁੱਧ, ਪਲਾਸਟਿਕ ਦੀਆਂ ਬੋਤਲਾਂ ਵਿੱਚ ਬੰਦ ਸ਼ਹਿਦ, ਬੀਅਰ, ਖੰਡ ਅਤੇ ਨਮਕ ਰਾਹੀਂ ਮਾਈਕ੍ਰੋਪਲਾਸਟਿਕ ਮਨੁੱਖੀ ਸਰੀਰਾਂ ਅੰਦਰ ਪਹੁੰਚ ਰਿਹਾ ਹੈ।" ਲੂਣ ਵਿੱਚ ਮਾਈਕ੍ਰੋਪਲਾ-ਸਟਿਕਸ ਦੇ ਪ੍ਰਤੀ ਕਿਲੋਗ੍ਰਾਮ 600 ਕਣ ਮੌਜੂਦ ਹਨ, ਪ੍ਰਤੀ ਕਿਲੋਗ੍ਰਾਮ ਸ਼ਹਿਦ ਵਿੱਚ 660 ਮਾਈਕ੍ਰੋਪਲਾਸਟਿਕ ਕਣ ਹਨ ਜਦਕਿ 109 ਮਾਈਕ੍ਰੋਪਲਾਸਟਿਕ ਕਣ ਪ੍ਰਤੀ ਲੀਟਰ ਪਾਣੀ ਵਿੱਚ ਮੌਜੂਦ ਹਨ।

ਇਸ ਤੋਂ ਇਲਾਵਾ, ਜਾਨਵਰ ਅਤੇ ਸਮੁੰਦਰੀ ਜੀਵ ਮੁਨੱਖੀ ਭੋਜਨ ਲੜੀ ਦਾ ਅਨਿੱਖੜਵਾਂ ਹਿੱਸਾ ਹਨ। ਸਮੁੰਦਰੀ ਪਾਣੀ ਵਿੱਚ ਪਹੁੰਚੇ ਪਲਾਸਟਿਕ ਦਾ ਛੋਟਾ ਹਿੱਸਾ ਮਾਈਕ੍ਰੋਪਲਾਸਟਿਕਸ ਦੇ ਰੂਪ ਵਿੱਚ ਮੱਛੀਆਂ, ਝੀਂਗਾ ਮੱਛੀ ਅੰਦਰ ਪਹੁੰਚਦਾ ਹੈ ਅਤੇ ਇਨ੍ਹਾਂ ਨੂੰ ਮਨੁੱਖ ਆਪਣੇ ਭੋਜਨ ਦਾ ਹਿੱਸਾ ਬਣਾਉਂਦੇ ਹਨ। ਮੱਛੀ ਅਤੇ ਹੋਰ ਸਮੁੰਦਰੀ ਭੋਜਨ ਵਿੱਚ ਪ੍ਰਤੀ ਗ੍ਰਾਮ ਮਾਈਕ੍ਰੋ ਪਲਾਸਟਿਕ ਦੇ 0.2 ਤੋਂ 8.5 ਕਣ ਪਾਏ ਗਏ ਹਨ। ਇਸੇ ਤਰ੍ਹਾਂ, ਬੋਤਲਬੰਦ ਪਾਣੀ ਦੇ ਕੁਝ ਬ੍ਰਾਂਡਾਂ ਵਿੱਚ ਪ੍ਰਤੀ ਲੀਟਰ ਮਾਈਕ੍ਰੋਪਲਾਸਟਿਕ ਦੇ 10 ਕਣ ਪਾਏ ਗਏ ਹਨ। ਇਸ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਮਨੁੱਖ ਵੱਲੋਂ ਖਾਧੇ ਜਾਣ ਵਾਲੇ ਭੋਜਨ ਵਿੱਚ ਮੌਜੂਦ ਮਾਈਕ੍ਰੋਪਲਾਸਟਿਕਸ ਅੰਤੜੀਆਂ ਦੇ ਮਾਈਕ੍ਰੋਬਾਇ ਟਾ ਨੂੰ ਵਿਗਾੜ ਸਕਦੇ ਹਨ। ਅੰਤੜੀਆਂ ਦੇ ਮਾਈਕ੍ਰੋਬਾਇ ਟਾ ਦਾ ਮਤਲਬ ਹੈ ਅੰਤੜੀਆਂ ਵਿੱਚ ਮੌਜੂਦ ਬੈਕਟੀਰੀਆ, ਫੰਜਾਈ, ਵਾਇਰਸ ਅਤੇ ਹੋਰ ਸੂਖਮ ਜੀਵਾਣੂ, ਜੋ ਮਨੁੱਖ ਦੇ ਪਾਚਣ ਤੰਤਰ ਨੂੰ ਸਹੀ ਰੱਖਦੇ ਹਨ।

ਨੇਚਰ ਮੈਡੀਸਨ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਨੇ ਮਨੁੱਖੀ ਦਿਮਾਗ ਵਿੱਚ ਮਾਈਕ੍ਰੋਪਲਾਸਟਿਕਸ ਦੀ ਮੌਜੂਦਗੀ ਬਾਰੇ ਦੱਸਿਆ ਹੈ। ਇਸੇ ਤਰ੍ਹਾਂ ਦੇ ਅਧਿਐਨਾਂ ਨੇ ਮਨੁੱਖੀ ਫੇਫੜਿਆਂ, ਪਲੈਸੈਂਟਾ ਅਤੇ ਖ਼ੂਨ ਵਿੱਚ ਵੀ ਮਾਈਕ੍ਰੋਪਲਾਸਟਿਕਸ ਦੀ ਪੁਸ਼ਟੀ ਕੀਤੀ ਹੈ, ਜਿਸ ਨਾਲ ਸਰੀਰ ਵਿੱਚ ਸੋਜ ਅਤੇ ਹੋਰ ਬਿਮਾਰੀਆਂ ਦੇ ਵਿਕਾਸ ਵਿੱਚ ਦੀਆਂ ਸੰਭਾਵੀ ਭੂਮਿਕਾ ਬਾਰੇ ਚਿੰਤਾਵਾਂ ਵਧੀਆਂ ਹਨ। ਸਿਡਨੀ ਯੂਨੀਵਰਸਿਟੀ, ਨਿਊ ਸਾਊਥ ਵੇਲਜ਼, ਆਸਟ੍ਰੇਲੀਆ ਦੇ ਪ੍ਰੋਫੈਸਰ ਨਿੱਕ ਚਾਰਟਰਸ ਕਹਿੰਦੇ ਹਨ, "ਅਸੀਂ ਉਨ੍ਹਾਂ ਥਾਵਾਂ 'ਤੇ ਬਾਇ ਐਕਿਊਮੂਲੇਸ਼ਨ (ਬਾਇ ਐਕਿਊਮੂਲੇਸ਼ਨ ਉਹ ਪ੍ਰਕਿਰਿਆ ਹੈ ਜਿਸ ਵਿੱਚ ਪ੍ਰਦੂਸ਼ਕ ਜਾਂ ਜ਼ਹਿਰੀਲੇ ਪਦਾਰਥ ਸਮੇਂ ਦੇ ਨਾਲ ਹੌਲੀ-ਹੌਲੀ ਕਿਸੇ ਜੀਵ ਵਿੱਚ ਇਕੱਠੇ ਹੁੰਦੇ ਹਨ) ਦੇਖ ਰਹੇ ਹਾਂ ਜਿਨ੍ਹਾਂ ਦੀ ਅਸੀਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ।" ਖੋਜਕਾਰਾਂ ਨੇ ਦੱਸਿਆ ਕਿ ਮਨੁੱਖੀ ਸਰੀਰ ਵਿੱਚ ਸਾਹ ਦੀ ਨਾਲੀ ਵਿੱਚ ਜਾਂ ਹੋਰ ਕਿਤੇ ਮੌਜੂਦ ਮਾਈਕ੍ਰੋਪਲਾਸਟਿਕਸ, ਪ੍ਰੋ-ਇਨਫਲੇਮੇਟਰੀ ਸਾਈਟੋਕਾਈਨਜ਼ ਦੇ ਪੱਧਰ ਨੂੰ ਵਧਾਉਂਦੇ ਹਨ।

ਨਿੱਕ ਚਾਰਟਰਸ ਕਹਿੰਦੇ ਹਨ, "ਇਸ ਨਾਲ ਲੰਬੀ ਮਿਆਦ ਵਾਲੀ ਸੋਜ ਆਉਂਦੀ ਹੈ, ਜੋ ਮਨੁੱਖੀ ਸਰੀਰ ਅੰਦਰ ਕੈਂਸਰ ਦੇ ਜ਼ੋਖਮ ਨੂੰ ਵਧਾ ਸਕਦੀ ਹੈ।"

ਲੈਂਸੇਟ ਦੀ ਰਿਪੋਰਟ ਮੁਤਾਬਕ ਮਾਈਕ੍ਰੋ ਪਲਾਸਟਿਕ ਉੱਤੇ ਹੋਏ ਵੱਖ-ਵੱਖ ਅਧਿਐਨਾਂ ਵਿੱਚ ਪਤਾ ਲੱਗਦਾ ਹੈ ਕਿ ਮਨੁੱਖੀ ਫੇਫੜਿਆਂ ਦੇ ਟਿਸ਼ੂਆਂ ਵਿੱਚ ਵੀ ਮਾਈਕ੍ਰੋਪਲਾਸਟਿਕਸ ਦੀ ਪਛਾਣ ਕੀਤੀ ਗਈ ਹੈ, ਖਾਸ ਕਰਕੇ ਉਨ੍ਹਾਂ ਲੋਕਾਂ ਅੰਦਰ ਜੋ ਪਲਾਸਟਿਕ ਫਾਈਬਰਾਂ ਅਤੇ ਸਿੰਥੈਟਿਕ ਧੂੜ ਦੇ ਸੰਪਰਕ ਵਿੱਚ ਆਉਣ ਵਾਲੇ ਕੰਮ ਕਰਦੇ ਹਨ। "ਉਦਯੋਗਿਕ ਖੇਤਰਾਂ ਵਿੱਚ ਕੰਮ ਕਰਨ ਵਾਲੇ ਵਿਅਕਤੀਆਂ ਵਿੱਚ ਫੇਫੜਿਆਂ ਦੀਆਂ ਬਿਮਾਰੀਆਂ, ਸਾਹ ਲੈਣ ਵਿੱਚ ਮੁਸ਼ਕਲ ਅਤੇ ਸੋਜ ਦੀ ਦਿੱਕਤਾਂ ਰਿਪੋਰਟ ਕੀਤੀਆਂ ਗਈਆਂ ਹਨ।" "ਜੇਕਰ ਇਹ ਪਲਾਸਟਿਕ ਕਣ ਫੇਫੜਿਆਂ ਅੰਦਰ ਐਲਵੀ ਲੀ (ਐਲਵੀ ਲੀ ਫੇਫੜਿਆਂ ਵਿੱਚ ਛੋਟੇ, ਗੁਬਾਰੇ ਦੇ ਆਕਾਰ ਦੇ ਹਵਾ ਦੇ ਥੈਲੇ ਹੁੰਦੇ ਹਨ) ਵਿੱਚ ਰਹਿੰਦੇ ਹਨ, ਤਾਂ ਸਰੀਰ ਨੂੰ ਉਨ੍ਹਾਂ ਨੂੰ ਬਾਹਰ ਕੱਢਣ ਵਿੱਚ ਮੁਸ਼ਕਲ ਆਉਂਦੀ ਹੈ, ਜਿਸ ਨਾਲ ਲੰਬੇ ਸਮੇਂ ਲਈ ਨੁਕਸਾਨ ਹੋ ਸਕਦਾ ਹੈ।" "ਇਸ ਨਾਲ ਦਮਾ, ਸੀ ਪੀਡੀ ਅਤੇ ਪਲਮਨਰੀ ਫਾਈਬਰੋਸਿਸ ਵਰਗੀਆਂ ਲੰਬੀ ਮਿਆਦ ਵਾਲੀਆਂ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ।" ਰਿਪੋਰਟ ਵਿੱਚ ਮਾਹਰ ਚੇਤਾਵਨੀ ਦਿੰਦੇ ਹਨ ਕਿ "ਫੇਫੜਿਆਂ ਦੇ ਕੈਂਸਰ ਵਿੱਚ ਵਾਧਾ ਹੋ ਰਿਹਾ ਹੈ ਜੋ ਸਿਗਰਟਨੋਸ਼ੀ ਨਾਲ ਜੁੜਿਆ ਹੋਇਆ ਨਹੀਂ ਹੈ। ਸਾਨੂੰ ਨਹੀਂ ਪਤਾ ਕਿ ਮਾਈਕ੍ਰੋਪਲਾਸਟਿਕਸ ਇਸ ਵਾਧੇ ਵਿੱਚ ਕਿੰਨਾ ਯੋਗਦਾਨ ਪਾ ਰਹੇ ਹਨ, ਪਰ ਜੇਕਰ ਅਸੀਂ ਤੇਜ਼ ਗਤੀ ਨਾਲ ਪਲਾਸਟਿਕ ਉਤਪਾਦਨ ਨੂੰ ਵਧਾਉਂਦੇ ਰਹੇ ਤਾਂ ਇਹ ਯਕੀਨੀ ਤੌਰ 'ਤੇ ਚਿੰਤਾਜਨਕ ਹੈ।"

ਡਾਕਟਰ ਰਵਿੰਦਰ ਖਾਈਵਾਲ ਨੇ ਦੱਸਿਆ ਕਿ ਪਲਾਸਟਿਕ ਦੇ ਛੋਟੇ-ਛੋਟੇ ਕਣ ਮਨੁੱਖਾਂ ਅੰਦਰ ਹਾਰਮੋਨਲ ਅਸੰਤੁਲਨ ਪੈਦਾ ਕਰ ਰਹੇ ਹਨ ਅਤੇ ਪਾਚਨ ਪ੍ਰਣਾਲੀ ਨੂੰ ਵੀ ਨੁਕਸਾਨ ਪਹੁੰਚਾ ਰਹੇ ਹਨ। ਹਾਲਾਂਕਿ ਉਹ ਇਹ ਵੀ ਕਹਿੰਦੇ ਹਨ ਕਿ ਇਹ ਨੁਕਸਾਨ ਕਿਸ ਵਿਅਕਤੀ ਉੱਤੇ ਕਿੰਨਾ ਹੋ ਰਿਹਾ ਹੈ, ਉਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਕੋਈ ਵਿਅਕਤੀ ਹਰ ਦਿਨ ਦਾ ਕਿੰਨਾ ਹਿੱਸਾ ਮਾਈਕ੍ਰੋਪਲਾ-ਸਟਿਕ ਨਿਗਲ ਰਿਹਾ ਹੈ। ਡਾਕਟਰ ਰਵਿੰਦਰ ਕਹਿੰਦੇ ਹਨ ਕਿ ਮਾਈਕ੍ਰੋਪਲਾਸਟਿਕ ਕਾਰਨ ਪੇਟ ਅਤੇ ਅੰਤੜੀਆਂ ਵਿੱਚ ਜਲਣ ਅਤੇ ਸੋਜ ਦੀਆਂ ਬਿਮਾਰੀਆਂ ਵਧ ਰਹੀਆਂ ਹਨ। ਮਨੁੱਖੀ ਦਿਮਾਗ ਉੱਤੇ ਵੀ ਅਸਰ ਪੈ ਰਿਹਾ ਹੈ। ਪਲਾਸਟਿਕ ਕੋਲਨ ਕੈਂਸਰ ਅਤੇ ਜਿਗਰ ਦੀਆਂ ਬਿਮਾਰੀਆਂ ਦਾ ਕਾਰਨ ਵੀ ਬਣ ਸਕਦਾ ਹੈ।

ਡਾਕਟਰ ਰਵਿੰਦਰ ਦੱਸਦੇ ਹਨ ਕਿ ਅਧਿਐਨ ਦੌਰਾਨ ਚੂਹਿਆਂ, ਮੱਛੀਆਂ ਅਤੇ ਕੀੜਿਆਂ ਵਰਗੇ ਜਾਨਵਰਾਂ ਦੇ ਮਾਡਲਾਂ ਉੱਤੇ ਵੀ ਖੋਜ ਕੀਤੀ ਗਈ ਹੈ। ਜਿਸ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਜਿਸ ਵੀ ਜੀਵ ਅੰਦਰ ਮਾਈਕ੍ਰੋਪਲਾਸਟਿਕ ਦੀ ਮਾਤਰਾ ਜ਼ਿਆਦਾ ਸੀ, ਉੱਥੇ ਪੇਟ ਨਾਲ ਸਬੰਧਤ ਬਿਮਾਰੀਆਂ ਵਧ ਗਈਆਂ ਹਨ।

### ਕਿਵੇਂ ਬਚਿਆ ਜਾ ਸਕਦਾ ਹੈ?

ਡਾਕਟਰ ਰਵਿੰਦਰ ਨੇ ਕਿਹਾ ਕਿ ਮਾਈਕ੍ਰੋਪਲਾ-ਸਟਿਕ ਨੂੰ ਆਪਣੇ ਜੀਵਨ ਜਾਂਚ 'ਚੋਂ ਘੱਟ ਕਰਨਾ ਆਸਾਨ ਨਹੀਂ ਹੈ ਪਰ ਅਸੰਭਵ ਵੀ ਨਹੀਂ ਹੈ। ਹਰ ਵਿਅਕਤੀ ਆ-ਪਣੀਆਂ ਆਦਤਾਂ ਵਿੱਚੋਂ ਕੁਝ ਕੁ ਆਦਤਾਂ ਬਦਲ ਦੇਵੇ ਤਾਂ ਮਨੁੱਖੀ ਸਰੀਰ ਅੰਦਰ ਜਾਣ ਵਾਲੇ ਮਾਈਕ੍ਰੋਪਲਾਸਟਿਕ ਦੀ ਮਾਤਰਾ ਆਪਣੇ ਆਪ ਘਟ ਜਾਵੇਗੀ।

### ਬਦਲੀਆਂ ਜਾ ਸਕਣ ਵਾਲੀਆਂ ਆਦਤਾਂ:

* ਮਾਈਕ੍ਰੋਵੇਵ ਵਿੱਚ ਭੋਜਨ ਨੂੰ ਗਰਮ ਕਰਨ ਲਈ ਪਲਾਸਟਿਕ ਦੀ ਥਾਂ ਕੱਚ ਜਾਂ ਚੀਨੀ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਕਰੋ
* ਜਿੰਨਾ ਹੋ ਸਕੇ ਤਾਜ਼ਾ ਭੋਜਨ ਖਾ , ਪੈਕਟਾਂ ਵਿੱਚ ਬੰਦ ਭੋਜਨ ਨਾ ਖਾ
* ਗਰਮ ਭੋਜਨ ਨੂੰ ਪਲਾਸਟਿਕ ਦੇ ਡੱਬੇ ਵਿੱਚ ਪਾਉਣ ਤੋਂ ਪਹਿਲਾਂ ਭੋਜਨ ਨੂੰ ਕਮਰੇ ਦੇ ਤਾਪਮਾਨ ਤੱਕ ਠੰਡਾ ਹੋਣ ਦਿ
ਖਰੀਦਦਾਰੀ ਲਈ ਕੱਪੜੇ ਜਾਂ ਜੂਟ ਦੇ ਥੈਲੇ ਦਾ ਪ੍ਰਯੋਗ ਕਰੋ
ਫਾਸਟ ਫੂਡ ਖਾਣਾ ਬੰਦ ਕਰੋ
* ਭੋਜਨ ਅਤੇ ਪੀਣ ਵਾਲੇ ਪਾਣੀ ਨੂੰ ਭਰ ਕੇ ਰੱਖਣ ਲਈ ਕੱਚ/ਚੀਨੀ/ਸਟੀਲ/ਲੱਕੜ ਜਾਂ ਮਿੱਟੀ ਦੇ ਬਰਤਨਾਂ ਦੀ ਵਰਤੋਂ ਕਰੋ। ਘੱਟੋ-ਘੱਟ ਪੈਕੇਜਿੰਗ ਦੇ ਨਾਲ ਮੁੜ ਵਰਤੋਂ ਯੋਗ ਡੱਬਿਆਂ ਅਤੇ ਸਹਾਇਕ ਉਪਕਰਣਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।
* ਪੈਕੇਜਿੰਗ ਉਦਯੋਗਾਂ ਨੂੰ ਪਲਾਸਟਿਕ ਦੀ ਪੈਕਿੰਗ ਘੱਟ ਕਰਨੀ ਚਾਹੀਦੀ ਹੈ।
* ਸਿੰਥੈਟਿਕ ਫਾਈਬਰ ਤੋਂ ਬਣੇ ਕੱਪੜਿਆਂ ਦੀ ਥਾਂ ਸੂਤੀ ਕੱਪੜੇ ਵਰਤੋ।

ਪਲਾਸਟਿਕ ਦੀ ਵਰਤੋਂ ਨੂੰ ਦੁਨੀਆਂ ਭਰ ਵਿੱਚ ਪੂਰਨ ਤੌਰ ਉੱਤੇ ਬੈਨ ਕਰਨ ਬਾਰੇ ਮਾਹਰਾਂ ਦੀਆਂ ਵੱਖ-ਵੱਖ ਰਾਏ ਹਨ। ਲੈਂਸੇਟ ਦੀ ਰਿਪੋਰਟ ਮੁਤਾਬਕ, ਕੁਝ ਮਾਹਰ ਕਹਿੰਦੇ ਹਨ ਕਿ ਪਲਾਸਟਿਕ ਨੂੰ ਵਾਤਾਵਰਣ ਤੱਕ ਪਹੁੰਚਣ ਤੋਂ ਰੋਕਣ ਤੋਂ ਇਲਾਵਾ, ਨਵੇਂ ਵਿਕਸਤ ਕੀਤੇ ਜਾ ਰਹੇ ਪਲਾਸਟਿਕ ਨੂੰ ਅਜਿਹਾ ਬਣਾਇਆ ਜਾਣਾ ਚਾਹੀਦਾ ਹੈ ਜੋ ਬਾਇ ਡੀਗ੍ਰੇਡੇਬਲ ਜਾਂ ਮੁੜ ਵਰਤੋਂ ਜਾਂ ਰੀਸਾਈਕਲ ਕਰਨ ਵਿੱਚ ਸੌਖਾ ਹੋਵੇ। ਜਦਕਿ ਕੁਝ ਮਾਹਰ ਕਹਿੰਦੇ ਹਨ ਕਿ ਸਿਰਫ਼ ਰੀਸਾਈਕਲਿੰਗ ਨਾਲ ਪਲਾਸਟਿਕ ਦੀ ਸਮੱਸਿਆ ਦਾ

# ਕੀ ਜਹਾਜ਼ ਹਾਦਸੇ ਪਹਿਲਾਂ ਨਾਲੋਂ ਜ਼ਿਆਦਾ ਵੱਧ ਗਏ ਨੇ?

(ਸਫਾ 20 ਦੀ ਬਾਕੀ)

ਇੱਕ ਦੂਜੇ ਤੋਂ ਬਿਲਕੁਲ ਵੱਖਰੇ ਕਾਰਨਾਂ ਕਰਕੇ ਵਾਪਰੇ ਹਨ।" ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਹੋਏ ਕੁਝ ਹਾਦਸਿਆਂ ਨੂੰ ਰੋਕਿਆ ਨਹੀਂ ਜਾ ਸਕਦਾ ਸੀ। ਉਦਾਹਰਣ ਵਜੋਂ, ਦਸੰਬਰ ਵਿੱਚ, ਕਜ਼ਾਕਿਸਤਾਨ ਵਿੱਚ ਇੱਕ ਅਜ਼ਰਬਾਈਜਾਨ ਏਅਰਲਾਈਨਜ਼ ਦਾ ਜਹਾਜ਼ ਹਾਦਸ-ਾਗ੍ਰਸਤ ਹੋ ਗਿਆ ਜਦੋਂ ਇਸਨੂੰ ਇੱਕ ਰੂਸੀ ਜਹਾਜ਼ ਵਿਰੋਧੀ ਮਿਜ਼ਾਈਲ ਨੇ ਨਿਸ਼ਾਨਾ ਬਣਾਇਆ।

ਬਕਿੰਘਮਸ਼ਾਇਰ ਨਿਊ ਯੂਨੀਵਰਸਿਟੀ ਦੇ ਸਾਬਕਾ ਪਾਇਲਟ ਅਤੇ ਸੀਨੀਅਰ ਲੈਕਚਰਾਰ ਮਾਰਕੋ ਚੈਨ ਨੇ ਬੀਬੀਸੀ ਵੈਰੀਫ਼ਾਈ ਨੂੰ ਦੱਸਿਆ ਕਿ ਹਵਾਈ ਹਾਦਸਿਆਂ ਬਾਰੇ ਆਮ ਲੋਕਾਂ ਤੱਕ ਵਧੇਰੇ ਜਾਣਕਾਰੀ ਪਹੁੰਚ ਰਹੀ ਹੈ, ਕਿਉਂਕਿ ਇਹ ਹਾਦਸਿਆਂ ਨੂੰ ਹੁਣ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਜ਼ਿਆਦਾ ਦਿਖਾਇਆ ਜਾ ਰਿਹਾ ਹੈ।

ਟਿਕਟਾਕ 'ਤੇ ਇੱਕ ਵੀਡੀ ਵਾਇਰਲ ਹੋਇਆ ਜਿਸ ਵਿੱਚ ਸੁਪਰਮੈਨ ਫ਼ਿਲਮ ਦਾ ਇੱਕ ਦ੍ਰਿਸ਼ ਦਿਖਾਇਆ ਗਿਆ ਸੀ। ਇਸ ਵਿੱਚ ਸੁਪਰਮੈਨ ਇੱਕ ਜੈੱਟ ਨੂੰ ਸਟੇਡੀਅਮ ਨਾਲ ਟਕਰਾਉਣ ਤੋਂ ਰੋਕਦਾ ਹੈ। ਇਸ ਵੀਡੀ ਦੇ ਨਾਲ ਕੈਪਸ਼ਨ ਸੀ, "ਪੀਟ ਬੁਟੀਗੀਗ ਮੌਜੂਦਾ ਸਥਿਤੀ ਨੂੰ ਵੇਖਦੇ ਹੋਏ, ਪਿਛਲੇ ਚਾਰ ਸਾਲਾਂ ਤੋਂ ਹਰ ਰੋਜ਼ ਅਜਿਹਾ ਕਰ ਰਹੇ ਹਨ।" ਇਹ ਮਜ਼ਾਕੀਆ ਵੀਡੀ ਸੁਝਾਅ ਦਿੰਦਾ ਹੈ ਕਿ ਜਨਵਰੀ ਵਿੱਚ ਸਾਬਕਾ ਅਮਰੀਕੀ ਆਵਾਜਾਈ ਸਕੱਤਰ ਪੀਟ ਬੁਟੀਗੀਗ ਦੇ ਅਹੁਦਾ ਛੱਡਣ ਤੋਂ ਬਾਅਦ ਜਹਾਜ਼ ਹਾਦਸਿਆਂ ਵਿੱਚ ਵਾਧਾ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿੱਚ, ਬੋਇੰਗ 737 ਮੈਕਸ ਜਹਾਜ਼ ਨਾਲ ਜੁੜੀਆਂ ਕਈ ਘਟਨਾਵਾਂ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਸੁਰਖੀਆਂ ਬਣੀਆਂ ਹਨ, ਖ਼ਾਸ ਕਰਕੇ ਜਨਵਰੀ 2024 ਵਿੱਚ ਜਦੋਂ ਉਡਾਣ ਦੌਰਾਨ ਇੱਕ ਦਰਵਾਜ਼ਾ ਟੁੱਟ ਗਿਆ ਸੀ। ਇਨ੍ਹਾਂ ਘਟਨਾਵਾਂ ਕਾਰਨ, ਬਹੁਤ ਸਾਰੇ ਯੂਜ਼ਰਜ ਨੇ ਬੋਇੰਗ ਵੱਲੋਂ ਬਣਾਏ ਗਏ ਜਹਾਜ਼ਾਂ ਵਿੱਚ ਯਾਤਰਾ ਕਰਨ ਤੋਂ ਬਚਣਾ ਸ਼ੁਰੂ ਕਰ ਦਿੱਤਾ ਅਤੇ ਕੰਪਨੀ ਦੇ ਸ਼ੇਅਰ ਦੀ ਕੀਮਤ ਵਿੱਚ ਭਾਰੀ ਗਿਰਾਵਟ ਆਈ।

ਅਜਿਹੀਆਂ ਘਟਨਾਵਾਂ ਅਤੇ ਵੱਡੇ ਹਾਦਸਿਆਂ ਦੀ ਬਹੁਤ ਡੂੰਘਾਈ ਨਾਲ ਜਾਂਚ ਕੀਤੀ ਜਾਂਦੀ ਹੈ। ਹਾਦਸਿਆਂ ਨਾਲ ਸਬੰਧਤ ਨਵਾਂ ਡਾਟਾ ਅਤੇ ਜਾਣਕਾਰੀ ਪਾਇਲਟਾਂ ਦੇ ਸਿਖਲਾਈ ਸਿਮੂਲੇਟਰ ਵਿੱਚ ਪਾਈ ਜਾਂਦੀ ਹੈ ਤਾਂ ਜੋ ਉਹ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਲਈ ਤਿਆਰ ਰਹਿ ਸਕਣ। ਇਸਮੋ ਆਲਤੋਨੇਨ ਨੇ ਕਿਹਾ, "ਜੇ ਤੁਸੀਂ ਅੱਜ ਦੇ ਸਿਮੂਲੇਟਰ ਨੂੰ ਦੇਖਦੇ ਹੋ, ਤਾਂ ਉਹ ਇੰਨੇ ਐਡਵਾਂਸ ਹਨ ਕਿ ਉਹ ਬਿਲਕੁਲ ਅਸਲੀ ਹਵਾਈ ਜਹਾਜ਼ਾਂ ਵਾਂਗ ਦਿਖਾਈ ਦਿੰਦੇ ਹਨ। ਇਸਦੀ ਤੁਲਨਾ ਉਸ ਸਮੇਂ ਨਾਲ ਨਹੀਂ ਕੀਤੀ ਜਾ ਸਕਦੀ ਜਦੋਂ ਮੈਂ 40 ਸਾਲ ਪਹਿਲਾਂ ਉਡਾਣ ਭਰਨੀ ਸ਼ੁਰੂ ਕੀਤੀ ਸੀ।"

ਰੈਗੂਲੇਟਰ ਨਿਯਮਾਂ ਦੀ ਅਣਦੇਖੀ ਕਰਨ ਵਾਲੀਆਂ ਏਅਰਲਾਈਨਜ਼ ਵਿਰੁੱਧ ਸਖ਼ਤ ਕਾਰਵਾਈ ਕਰ ਸਕਦੇ ਹਨ, ਜਿਵੇਂ ਕਿ ਉਨ੍ਹਾਂ ਨੂੰ ਜੁਰਮਾਨਾ ਕਰਨਾ, ਉਨ੍ਹਾਂ ਦਾ ਲਾਇਸੈਂਸ ਮੁਅੱਤਲ ਕਰਨਾ ਜਾਂ ਉਨ੍ਹਾਂ ਦੀਆਂ ਉਡਾਣਾਂ 'ਤੇ ਪਾਬੰਦੀ ਲਗਾਉਣਾ। ਜੇਕਰ ਕੋਈ ਏਅਰਲਾਈਨ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਨਹੀਂ ਕਰਦੀ ਹੈ, ਤਾਂ ਉਸਨੂੰ ਕਿਸੇ ਦੇਸ਼ ਜਾਂ ਸਮੂਹ ਤੋਂ ਵੀ ਕੱਢ ਦਿੱਤਾ ਜਾਂਦਾ ਹੈ।

ਇਨ੍ਹਾਂ ਹਾਲੀਆ ਹਾਦਸਿਆਂ ਦੇ ਬਾਵਜੂਦ, ਹਵਾਈ ਯਾਤਰਾ ਨੂੰ ਅਜੇ ਵੀ ਯਾਤਰਾ ਦਾ ਸਭ ਤੋਂ ਸੁਰੱਖਿਅਤ ਤਰੀਕਾ ਮੰਨਿਆ ਜਾਂਦਾ ਹੈ। ਅਮਰੀਕੀ ਆਵਾਜਾਈ ਵਿਭਾਗ ਦੇ ਤਾਜ਼ਾ ਅੰਕੜਿਆਂ ਮੁਤਾਬਕ, 2022 ਵਿੱਚ ਅਮਰੀਕਾ ਵਿੱਚ ਆਵਾਜਾਈ ਨਾਲ ਸਬੰਧਤ ਸਾਰੀਆਂ ਮੌਤਾਂ ਵਿੱਚੋਂ 95 ਫ਼ੀਸਦ ਤੋਂ ਵੱਧ ਸੜਕੀ ਹਾਦਸਿਆਂ ਵਿੱਚ ਹੋਈਆਂ।

ਹਵਾਈ ਯਾਤਰਾ ਨਾਲ ਸਬੰਧਤ ਮੌਤਾਂ 1 ਫ਼ੀਸਦ ਤੋਂ ਵੀ ਘੱਟ ਸਨ। ਜੇਕਰ ਅਸੀਂ ਪ੍ਰਤੀ ਦੂਰੀ ਯਾਤਰਾ ਕੀਤੀ ਮੌਤਾਂ ਦੀ ਗਿਣਤੀ 'ਤੇ ਨਜ਼ਰ ਮਾਰੀਏ, ਤਾਂ ਹਵਾਈ ਯਾਤਰਾ ਦੀ ਸੁਰੱਖਿਆ ਸਪੱਸ਼ਟ ਹੋ ਜਾਂਦੀ ਹੈ। ਅਮਰੀਕਾ ਸਥਿਤ ਇੱਕ ਗ਼ੈਰ-ਮੁਨਾਫ਼ਾ ਸੰਗਠਨ, ਨੈਸ਼ਨਲ ਸੇਫਟੀ ਕੌਂਸਲ (ਐੱਨਐੱਸਸੀ) ਦੇ ਤਾਜ਼ਾ ਅੰਕੜਿਆਂ ਮੁਤਾਬਕ, 2022 ਵਿੱਚ ਪ੍ਰਤੀ 10 ਕਰੋੜ ਮੀਲ ਮੀਲ ਯਾਤਰਾ ਕਰਨ ਵਾਲੇ ਹਵਾਈ ਜਹਾਜ਼ਾਂ ਵਿੱਚ ਯਾਤਰੀਆਂ ਦੀ ਮੌਤ ਦੀ ਗਿਣਤੀ ਸਿਰਫ 0.001 ਸੀ, ਜਦੋਂ ਕਿ ਯਾਤਰੀ ਵਾਹਨਾਂ (ਕਾਰਾਂ, ਬੱਸਾਂ, ਆਦਿ) ਵਿੱਚ ਇਹ 0.54 ਸੀ। ਰਾਸ਼ਟਰੀ ਸੁਰੱਖਿਆ ਪ੍ਰੀਸ਼ਦ, ਅਮਰੀਕਾ ਵਿੱਚ ਵੱਖ-ਵੱਖ ਕਿਸਮਾਂ ਦੇ ਹਾਦਸਿਆਂ ਅਤੇ ਬਿਮਾਰੀਆਂ ਤੋਂ ਮੌਤ ਦੀ ਸੰਭਾਵਨਾ ਦੇ ਵੇਰਵੇ ਵੀ ਪ੍ਰਦਾਨ ਕਰਦੀ ਹੈ।

ਇਹ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ ਕਿ ਸੜਕ ਹਾਦਸਿਆਂ ਵਿੱਚ ਮਰਨ ਦਾ ਖ਼ਤਰਾ ਬਹੁਤ ਜ਼ਿਆਦਾ ਹੈ, ਜਦੋਂ ਕਿ ਜਹਾਜ਼ ਹਾਦਸਿਆਂ ਵਿੱਚ ਮਰਨ ਦਾ ਖ਼ਤਰਾ ਇੰਨਾ ਘੱਟ ਹੈ ਕਿ ਇਸਦਾ ਅੰਕੜਾ ਨਹੀਂ ਕੱਢਿਆ ਜਾ ਸਕਦਾ। ਹਾਲਾਂਕਿ, ਇਹ ਵੀ ਸੱਚ ਹੈ ਕਿ ਹਰ ਦੇਸ਼ ਦੀਆਂ ਸੜਕਾਂ ਇੱਕੋ ਜਿਹੀਆਂ ਸੁਰੱਖਿਅਤ ਨਹੀਂ ਹਨ। 2021 ਦੇ ਅੰਕੜਿਆਂ ਦੇ ਆਧਾਰ 'ਤੇ, ਵਿਸ਼ਵ ਸਿਹਤ ਸੰਗਠਨ ਨੇ ਦੁਨੀਆ ਭਰ ਦੇ ਦੇਸ਼ਾਂ ਵਿੱਚ ਸੜਕ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਦੀ ਗਣਨਾ ਕੀਤੀ ਹੈ। ਇਸ ਦੇ ਮੁਤਾਬਕ, ਸੜਕ ਹਾਦਸਿਆਂ ਦੇ ਮਾਮਲੇ ਵਿੱਚ ਦੁਨੀਆ ਦੇ ਸਭ ਤੋਂ ਖਤਰਨਾਕ ਦੇਸ਼ ਗਿਨੀ (ਪ੍ਰਤੀ 100,000 ਲੋਕਾਂ ਵਿੱਚ 37.4 ਮੌਤਾਂ), ਲੀਬੀਆ (34.0) ਅਤੇ ਹੈਤੀ (31.3) ਹਨ। ਪਰ ਤੁਸੀਂ ਦੁਨੀਆਂ ਵਿੱਚ ਕਿਤੇ ਵੀ ਰਹਿੰਦੇ ਹੋ, ਇਸਮੋ ਆਲਤੋਨੇਨ ਦਾ ਯਾਤਰੀਆਂ ਲਈ ਇੱਕ ਆਮ ਸੁਨੇਹਾ ਹੈ: "ਇਸ ਗੱਲ ਵੱਲ ਖ਼ਾਸ ਧਿਆਨ ਦਿ ਕਿ ਤੁਸੀਂ ਹਵਾਈ ਅੱਡੇ 'ਤੇ ਕਿਵੇਂ ਪਹੁੰਚਦੇ ਹੋ।" ਉਨ੍ਹਾਂ ਨੇ ਕਿਹਾ, "ਦਰਅਸਲ, ਹਵਾਈ ਅੱਡੇ ਤੱਕ ਤੁਹਾਡੀ ਯਾਤਰਾ ਉਡਾਣ ਦਾ ਸਭ ਤੋਂ ਖਤਰਨਾਕ ਹਿੱਸਾ ਹੁੰਦੀ ਹੈ।"

# ਬੌਧਿਕ ਕੰਗਾਲੀ ਨੇ ਵੀ ਨਸ਼ਿਆਂ ਵੱਲ ਧੱਕਿਆ ਪੰਜਾਬ

ਅਮਰੀਕ ਸਿੰਘ ਦਿਆਲ

ਨਸ਼ਾ ਮੁੱਢ-ਕਦੀਮ ਤੋਂ ਚੱਲਦਾ ਆ ਰਿਹਾ ਹੈ। ਸਰੀਰ ਨੂੰ ਅਸਥਾਈ ਰੂਪ ਵਿਚ ਹੁਲਾਰਾ ਦੇਣ ਲਈ ਨਸ਼ੇ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਵੈਸੇ ਤਾਂ ਨਸ਼ੇ ਦੇ ਕਈ ਰੂਪ ਹੋ ਸਕਦੇ ਹਨ ਜਿਵੇਂ ਰੁਤਬੇ ਦਾ ਨਸ਼ਾ, ਸੱਤਾ ਦਾ ਨਸ਼ਾ, ਮਾਇਆ ਦਾ ਨਸ਼ਾ ਆਦਿ। ਇਹ ਨਸ਼ੇ ਵੀ ਮਨੁੱਖ ਲਈ ਘਾਤਕ ਹਨ। ਇਨ੍ਹਾਂ ਦੇ ਖੁੱਸ ਜਾਣ ਉਪਰੰਤ ਆਪਣਾ ਅਸਲ ਵਜੂਦ ਪਤਾ ਲੱਗਦਾ ਹੈ। ਖ਼ੈਰ, ਨਸ਼ੇ ਦੀ ਵਰਤੋਂ ਅਤੇ ਇਸ ਬਾਬਤ ਜਾਗ੍ਰਿਤੀ ਭਾਵੇਂ ਨਾਲੋ-ਨਾਲ ਚੱਲਦੀ ਰਹੀ ਹੈ ਪਰ ਪਿਛਲੇ ਕੁਝ ਅਰਸੇ ਤੋਂ ਨਸ਼ਾ ਡਾਹਢੀ ਚਿੰਤਾ ਅਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਭਾਵੇਂ ਇਸ ਨੂੰ ਜ਼ਿਆਦਾਤਰ ਕਾਨੂੰਨ-ਵਿਵਸਥਾ ਨਾਲ ਜੋੜਿਆ ਜਾਂਦਾ ਹੈ ਪਰ ਇਹ ਮਾਨਸਿਕ ਅਤੇ ਸਮਾਜਿਕ ਸਮੱਸਿਆ ਵੀ ਹੈ। ਪ੍ਰਸਿੱਧ ਲੇਖਕ ਡਾ। ਨਰਿੰਦਰ ਸਿੰਘ ਕਪੂਰ ਅਨੁਸਾਰ ਜੇ ਅੰਦਰ ਚਾਅ ਹੋਵੇ ਤਾਂ ਗੂੰਗੇ ਵੀ ਨੱਚਣ ਲੱਗ ਪੈਂਦੇ ਹਨ। ਬੰਦੇ ਅੰਦਰਲਾ ਇਹ ਚਾਅ ਕਿਤੇ ਨਾ ਕਿਤੇ ਖੰਭ ਲਾ ਕੇ ਉੱਡਦਾ ਨਜ਼ਰੀਂ ਆ ਰਿਹਾ ਹੈ। ਲੋਕ ਦੋ ਪਲ ਦੀ ਖ਼ੁਸ਼ੀ ਲਈ ਨਸ਼ੇ ਦਾ ਆਸਰਾ ਭਾਲਣ ਲੱਗ ਪਏ ਹਨ। ਛੋਟੇ ਤੋਂ ਲੈ ਕੇ ਵੱਡੇ ਸਮਾਗਮ ਇਸ ਦੀ ਵਰਤੋਂ ਤੋਂ ਬਿਨਾਂ ਅਧੂਰੇ ਜਾਪਦੇ ਹਨ। ਇਨ੍ਹਾਂ ਸਮਾਗਮਾਂ ਵਿਚ ਨਸ਼ੇ ਦੀ ਸ਼ਰ੍ਹੇਆਮ ਵਰਤੋਂ ਨਵੀਂ ਪੀੜ੍ਹੀ ਨੂੰ ਇਸ ਪਾਸੇ



ਆਕਰਸ਼ਿਤ ਕਰਦੀ ਹੈ। ਪੁਰਾਣੇ ਸਮਿਆਂ ਵਿਚ ਵੀ ਵਿਆਹ-ਸ਼ਾਦੀ ਮੌਕੇ ਸ਼ਰਾਬ ਦਾ ਸੇਵਨ ਕੀਤਾ ਜਾਂਦਾ ਸੀ। ਇਸ ਦੀ ਵਰਤੋਂ ਜਨਤਕ ਤੌਰ 'ਤੇ ਨਹੀਂ ਸੀ ਹੁੰਦੀ। ਵੈਲੀ ਨਫ਼ਰਤ ਭਰਿਆ ਸ਼ਬਦ ਹੁੰਦਾ ਸੀ। ਕਿਸੇ ਨੂੰ ਵੈਲੀ ਕਹਿਣਾ ਮਿਹਣਾ ਮਾਰਨ ਦੇ ਬਰਾਬਰ ਸੀ ਜਿਸ ਨੂੰ ਅਜੋਕੇ ਅਖੌਤੀ ਗਾਣਿਆਂ ਵਿਚ ਇਕ ਰੁਤਬੇ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਬੈਠ ਕੇ ਰੋਟੀ ਪਰੋਸਣ ਵਾਲੇ ਸਾਦਗੀ ਭਰਪੂਰ ਸਮਾਗਮਾਂ ਤੋਂ ਬਾਅਦ ਪਿੰਡਾਂ ਵਿਚ ਕਰੋਕਰੀ ਦਾ ਪ੍ਰਚਲਨ ਸ਼ੁਰੂ ਹੋਇਆ।

ਖਾਣਾ ਪਰੋਸਣ ਦੀ ਥਾਂ ਸੈਲਫ-ਸਰਵਿਸ ਦੀ ਸ਼ੁਰੂਆਤ ਹੋਈ। ਚਾਨਣੀਆਂ-ਕਨਾਤਾਂ ਦੀ ਥਾਂ ਟੈਂਟ ਲਗਾਉਣ ਦੀ ਰੀਤ ਸ਼ੁਰੂ ਹੋਈ। ਪਹਿਲਾਂ-ਪਹਿਲ ਟੈਂਟ ਦੇ ਇਕ ਕੋਨੇ ਵਿਚ ਖਾਣ-ਪੀਣ ਵਾਲਿਆਂ ਦੀ ਸਹੂਲਤ ਲਈ ਇਕ ਵੱਖਰੀ ਥਾਂ ਰਾਖਵੀਂ ਰੱਖੀ ਜਾਣ ਲੱਗੀ। ਰਿਸ਼ਤਾ-ਨਾਤਾ ਪ੍ਰਬੰਧ ਦੀ ਮਜ਼ਬੂਤ ਹੋਂਦ ਕਾਰਨ ਇਕ ਅਰਸਾ ਇਹ ਕੰਮ ਪਰਦੇ ਵਿਚ ਹੁੰਦਾ ਰਿਹਾ। ਇਸ ਅਸਥਾਈ ਕੈਬਿਨ ਵਿਚ ਪ੍ਰਵੇਸ਼ ਹੋਣ ਅਤੇ ਬਾਹਰ ਨਿਕਲਣ ਵਾਲਾ ਆਸੇ-ਪਾਸੇ ਜ਼ਰੂਰ ਦੇਖਦਾ ਸੀ।

ਪਿਛਲੇ ਕੁਝ ਸਾਲਾਂ ਤੋਂ ਰਿਸ਼ਤਾ-ਨਾਤਾ ਪ੍ਰਬੰਧ ਦੀਆਂ ਤੰਦਾਂ ਪਹਿਲਾਂ ਵਰਗੀਆਂ ਮਜ਼ਬੂਤ ਨਹੀਂ ਰਹੀਆਂ। ਰਿਸ਼ਤਿਆਂ ਦੀ 'ਦੁੱਲਾ ਸਿਉਂ ਕੀਹਦਾ ਫੁੱਫੜ ਐ' ਮੇਲੇ ਵਿਚ ਕੋਈ ਨੀ ਪਛਾਣਦਾ, ਵਾਲੀ ਸਥਿਤੀ ਬਣੀ ਹੋਈ ਹੈ। ਹੁਣ ਇਹ ਖਾਣ-ਪੀਣ ਵਾਲਿਆਂ ਦਾ ਲੁਕਵਾਂ ਕੈਬਿਨ ਬੇਪਰਦ ਹੋ ਗਿਆ ਹੈ। ਅਖੌਤੀ ਆਧੁਨਿਕੀਕਰਨ ਨੇ ਸਭ ਸ਼ਰੇਆਮ ਕਰ ਦਿੱਤਾ ਹੈ। ਇਸ ਨੂੰ ਸਟੇਟਸ ਸਿੰਬਲ ਮੰਨਿਆ ਜਾਂਦਾ ਹੈ।

ਇਹ ਵਰਤਾਰਾ ਨਵੀਂ ਪੀੜ੍ਹੀ ਲਈ ਸਿਖਲਾਈ ਸਥਲ ਦਾ ਕੰਮ ਕਰ ਰਿਹਾ ਹੈ। ਅਪਣੱਤ ਭਰੇ ਰਿਸ਼ਤੇ ਮਾਮਾ-ਮਾਮੀ, ਭੂਆ-ਫੁੱਫੜ, ਮਾਸੀ-ਮਾਸੜ, ਤਾਇਆ-ਤਾਈ, ਚਾਚਾ-ਚਾਚੀ ਆਦਿ ਅੰਕਲ-ਆਂਟੀ ਵਿਚ ਤਬਦੀਲ ਹੋ ਚੁੱਕੇ ਹਨ। ਆ-ਪਣਿਆਂ ਦਾ ਗਲੀ-ਗੁਆਂਢ ਅਤੇ ਰਾਹ ਜਾਂਦਿਆਂ ਨਾਲ ਰਿਸ਼ਤੇ ਪੱਖੋਂ ਕੋਈ ਫ਼ਰਕ ਨਹੀਂ ਰਿਹਾ। ਰਾਤੋ-ਰਾਤ ਅਮੀਰ ਬਣਨ ਦੀ ਦੌੜ ਵਿਚ ਲੋਕ ਆਪਣਿਆਂ ਨੂੰ ਹੀ ਹੇਠਾਂ ਦਰੜ ਕੇ ਲੰਘਣ ਲਈ ਉਤਾਵਲੇ ਹਨ। ਸਭ ਉਲਟ-ਪੁਲਟ ਹੋ ਗਿਆ ਹੈ। ਸਾਬਤ-ਸੂਰਤ ਪੈਂਟ ਤਿੰਨ ਸੌ ਰੁਪਏ ਵਿਚ ਅਰਾਮ ਨਾਲ ਮਿਲ ਰਹੀ ਹੈ ਅਤੇ ਥਾਂ-ਥਾਂ ਤੋਂ ਫਟੀ ਹੋਈ ਪੈਂਟ ਹਜ਼ਾਰਾਂ ਨੂੰ ਵਿਕ ਰਹੀ ਹੈ। ਸਭ ਸਮੇਂ ਦਾ ਗੇੜ ਹੈ।

ਸਮਾਗਮਾਂ ਦੌਰਾਨ ਜਦੋਂ ਬੱਚੇ ਆਪਣੇ ਵਡੇਰਿਆਂ ਨੂੰ ਨਸ਼ੇ ਦਾ ਲੁਤਫ਼ ਲੈਂਦੇ ਦੇਖਦੇ ਹਨ ਤਾਂ ਉਨ੍ਹਾਂ ਦੇ ਕੋਮਲ ਮਨ 'ਤੇ ਇਸ ਦਾ ਪ੍ਰਭਾਵ ਪੈਣਾ ਕੁ-ਦਰਤੀ ਗੱਲ ਹੈ। ਸਮੇਂ ਦੀ ਗਤੀ ਦੇ ਨਾਲ-ਨਾਲ ਨਸ਼ੇ ਦੇ ਰੂਪ ਵੀ ਬਦਲ ਗਏ ਹਨ। ਸ਼ਰਾਬ ਨੂੰ ਅਜੋਕੇ ਨਸ਼ਿਆਂ ਦੇ ਮੁਕਾਬਲੇ ਛੋਟਾ ਕਰਕੇ ਦੇਖਿਆ ਜਾ ਰਿਹਾ ਹੈ।

ਨਵੀਂ ਕਿਸਮ ਦੇ ਨਸ਼ਿਆਂ ਦੇ ਪ੍ਰਚਲਨ ਤੋਂ ਬਾਅਦ ਇਨ੍ਹਾਂ 'ਤੇ ਪਾਬੰਦੀ ਲੱਗਣ ਕਾਰਨ ਕੈਮੀਕਲ ਆਧਾਰਤ ਨਸ਼ਿਆਂ ਨੇ ਅਨਮੋਲ ਜਾਨਾਂ ਨੂੰ ਆਪਣਾ ਖਾਜਾ ਬਣਾਇਆ ਹੈ। ਸਾਡੀ ਬੌਧਿਕ ਕੰਗਾਲੀ ਨੇ ਵੀ ਨਸ਼ਿਆਂ ਦੇ ਸੇਵਨ ਨੂੰ ਹੁਲਾਰਾ ਦਿੱਤਾ ਹੈ। ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬ ਵਿਚ ਜਿੱਥੇ ਸਭ ਤੋਂ ਵੱਧ ਭੀੜ ਹੋਵੇ, ਉਹ ਸ਼ਰਾਬ ਦਾ ਠੇਕਾ ਹੁੰਦਾ ਹੈ। ਜਿੱਥੇ ਕੋਈ ਗਾਹਕ ਨਾ ਹੋਵੇ ਉਹ ਕਿਤਾਬਾਂ ਦੀ ਦੁਕਾਨ ਹੁੰਦੀ ਹੈ। ਸੱਚਮੁੱਚ ਅਸੀਂ ਕਿਤਾਬਾਂ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਵਿਦਵਾਨਾਂ ਅਨੁਸਾਰ ਉੱਚੀਆਂ ਮੰਜ਼ਿਲਾਂ ਦੇ ਰਾਹ ਕਿਤਾਬਾਂ 'ਚੋਂ ਹੋ ਕੇ ਗੁਜ਼ਰਦੇ ਹਨ। ਮੈਂ ਇਕ ਦਿਨ ਆਪਣੇ ਇਕ ਜਾਣੂ ਬੰਦੇ ਦੀ ਖ਼ਬਰ ਲੈਣ ਗਿਆ। ਲੱਤਾਂ ਤੋਂ ਆਹਰਾ ਹੋਣ ਕਾਰਨ ਕਈ ਵਰ੍ਹਿਆਂ ਤੋਂ ਮੰਜਾ ਮੱਲੀ ਬੈਠਾ ਹੈ। ਗੱਲਾਂ-ਗੱਲਾਂ ਵਿਚ ਉਸ ਨੇ ਬੜੀ ਖ਼ੁਸ਼ੀ ਨਾਲ ਦੱਸਿਆ ਕਿ ਉਸ ਦੇ ਦੋਵੇਂ ਜਵਾਨ ਮੁੰਡੇ ਸ਼ਰਾਬ ਅਤੇ ਹੋਰ ਨਸ਼ੇ-ਪੱਤੇ ਨੂੰ ਹੱਥ ਨਹੀਂ ਲਗਾਉਂਦੇ ਜਦਕਿ ਉਹ ਖ਼ੁਦ ਲੰਬੇ ਸਮੇਂ ਤੋਂ ਬਿਨ ਨਾਗਾ ਪੀਣ ਦਾ ਆਦੀ ਹੈ। ਉਸ ਦੀਆਂ ਗੱਲਾਂ ਤੋਂ ਇਹ ਸਪਸ਼ਟ ਸੀ ਕਿ ਹਰ ਮਾਂ-ਬਾਪ ਦੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਨਸ਼ਾ-ਰਹਿਤ ਹੋਣ। ਅਜੋਕੇ ਸਮੇਂ ਵਿਚ ਕਿਸ਼ੋਰ ਅਵਸਥਾ ਤੋਂ ਹੀ ਮਾਪਿਆਂ ਦੀ ਚਿੰਤਾ ਸ਼ੁਰੂ ਹੋ ਜਾਂਦੀ ਹੈ ਕਿ ਬੱਚੇ ਕਿਤੇ ਦੇਖਾ-ਦੇਖੀ ਨਸ਼ੇ ਦੀ ਲਪੇਟ ਵਿਚ ਨਾ ਆ ਜਾਣ।

ਇਹ ਗੱਲ ਵੀ ਸੋਚਣ ਵਾਲੀ ਹੈ ਕਿ ਕੀ ਅਸੀਂ ਕਦੇ ਦੂਜਿਆਂ ਬਾਰੇ ਨਿੱਜਵਾਦ ਤੋਂ ਉੱਪਰ ਉੱਠ ਕੇ ਸੋਚਿਆ ਹੈ? ਇਹ ਸੋਚਦਿਆਂ ਮੀਟ ਦੀ ਦੁਕਾਨ ਮੂਹਰੇ ਜਾਲ਼ੀ ਵਿਚ ਚੋਗਾ ਖਾ ਰਹੇ ਮੁਰਗਿਆਂ ਦਾ ਦ੍ਰਿਸ਼ ਸਾਹਮਣੇ ਆ ਜਾਂਦਾ ਹੈ। ਜਦੋਂ ਵੱਢਣ ਲਈ ਇਕ ਨੂੰ ਧੌਣ ਤੋਂ ਫੜ ਕੇ ਚੁੱਕਿਆ ਜਾਂਦਾ ਹੈ ਤਾਂ ਉਹੀ ਰੌਲ਼ਾ ਪਾਉਂਦਾ ਹੈ ਪਰ ਬਾਕੀ ਚੋਗੇ ਵਿਚ ਮਗਨ ਰਹਿੰਦੇ ਹਨ। ਹੌਲ਼ੀ-ਹੌਲ਼ੀ ਕਰ ਕੇ ਸਭ ਦੀ ਵਾਰੀ ਆ ਜਾਂਦੀ ਹੈ। ਡਾ। ਸੁਰਜੀਤ ਪਾਤਰ ਦੀਆਂ ਸਤਰਾਂ ਯਾਦ ਆਉਂਦੀਆਂ ਹਨ: ਲੱਗੀ ਤੇਰੇ ਜੇ ਕਾਲਜੇ ਹਾਲੇ ਛੁਰੀ ਨਹੀਂ, ਇਹ ਨਾ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ। ਭਾਵੇਂ ਹੁਣ ਪਹਿਲਾਂ ਜਿੰਨੇ ਹੱਡ-ਭੰਨਵੀਂ ਮਿਹਨਤ ਵਾਲੇ ਕੰਮ ਨਹੀਂ ਪਰ "ਮਿੰਟ ਦੀ ਵਿਹਲ ਨੀ, ਟਕੇ ਦੀ ਸੇਲ ਨੀ" ਵਾਲੀ ਸਥਿਤੀ ਨੇ ਸਭ ਨੂੰ ਵਿਅਸਤ ਕੀਤਾ ਹੋਇਆ ਹੈ। ਮਸ਼ੀਨਰੀ ਆਉਣ ਨਾਲ ਸਰੀਰਕ ਸ਼ਕਤੀ ਵਾਲੇ ਕੰਮ ਖ਼ਤਮ ਹੋ ਗਏ ਹਨ ਪਰ ਅਖੌਤੀ ਦੌੜ-ਭੱਜ ਨੇ ਚੈਨ ਖੋਹ ਲਿਆ ਹੈ। ਇਸ ਦੌੜ ਵਿਚ ਹੰਭਿਆ ਬੰਦਾ ਨਸ਼ੇ ਦਾ ਆਸਰਾ ਭਾਲ਼ਦਾ ਹੈ। ਸ਼ੁਗਲ-ਮੇਲਾ ਕਰਦਾ-ਕਰਦਾ ਇਸ ਲਤ ਦਾ ਗੁਲਾਮ ਹੋ ਜਾਂਦਾ ਹੈ। ਅਖੈ, ਪਲ ਭਰ ਦਾ ਮਜ਼ਾ, ਉਮਰ ਭਰ ਦੀ ਸਜ਼ਾ। ਪਹਿਲਾਂ ਬੰਦਿਆਂ ਦੇ ਨਾਲ-ਨਾਲ ਪਸ਼ੂ ਵੀ ਖੇਤੀ ਦੇ ਆਹਰ ਵਿਚ ਰੁੱਝੇ ਰਹਿੰਦੇ ਸਨ। ਪਸ਼ੂ ਵਿਹਲੇ ਹੋਣ ਕਾਰਨ ਸਹੂਲਤ ਦੀ ਥਾਂ ਸਮੱਸਿਆ ਬਣ ਗਏ ਹਨ। ਦਿਖਾਵੇਬਾਜ਼ੀ ਦੇ ਪ੍ਰਚਲਨ ਅਤੇ ਸਾਦਗੀ ਦੇ ਗਾਇਬ ਹੋਣ ਨਾਲ ਵੀ ਇਸ ਸਮੱਸਿਆ ਵਿਚ ਵਾਧਾ ਹੋਇਆ ਹੈ। ਨਵੀਂ ਪੀੜ੍ਹੀ ਵੱਲੋਂ ਵੱਡੇ ਸੁਪਨਿਆਂ ਦੀ ਸਿਰਜਣਾ ਅਤੇ ਮਿਹਨਤ ਵਿਚਕਾਰ ਪਾੜਾ ਵੀ ਇਸ ਅਲਾਮਤ ਵਿਚ ਵਾਧਾ ਕਰ ਰਿਹਾ ਹੈ। ਕੱਖਾਂ ਹੇਠ ਕਦੇ ਅੰਗਿਆਰ ਨਹੀਂ ਲੁਕਦੇ। ਗੁਰੂਆਂ ਵੱਲੋਂ ਦਰਸਾਇਆ ਕਿਰਤ ਅਤੇ ਸਬਰ-ਸੰਤੋਖ ਵਾਲਾ ਜੀਵਨ ਇਸ ਸਮੱਸਿਆ ਦਾ ਹੱਲ ਹੈ। ਕੋਸ਼ਿਸ਼ਾਂ ਕਦੇ ਬੇਕਾਰ ਨਹੀਂ ਜਾਂਦੀਆਂ, ਇਹ ਜਾਰੀ ਰਹਿਣੀਆਂ ਚਾਹੀਦੀਆਂ ਹਨ। ਇਹ ਸਮੂਹਿਕ ਕਾਰਜ ਹੈ। ਆਓ! ਸ਼ਾਇਰ ਡਾ। ਸੁਰਜੀਤ ਪਾਤਰ ਦੀਆਂ ਸਤਰਾਂ ਨਾਲ ਪੰਜਾਬ ਲਈ ਅਰਦਾਸ ਕਰੀਏ : ਇਹ ਪੰਜਾਬ ਨਿਰਾ ਜੁਗਰਾਫੀਆ ਨਹੀਂ, ਇਹ ਰੀਤ, ਗੀਤ ਅਤੇ ਅਹਿਸਾਸ ਵੀ ਹੈ। ਗੁਰੂਆਂ, ਪੀਰਾਂ, ਫਕੀਰਾਂ ਨੇ ਸਿਰਜਿਆ ਹੈ, ਇਕ ਫਲਸਫਾ, ਸੋਚ, ਅਹਿਸਾਸ ਵੀ ਹੈ। ਕਿੰਨੇ ਝੱਖੜਾਂ, ਤੂਫਾਨਾਂ ਨੇ ਝੰਬਿਆ ਇਹ, ਇਹਦਾ ਮੁਖੜਾ ਕੁਝ-ਕੁਝ ਉਦਾਸ ਵੀ ਹੈ। ਇਕ ਦਿਨ ਸ਼ਾਨ ਇਸ ਦੀ ਸੂਰਜ ਵਾਂਗ ਚਮਕੂ, ਮੇਰੀ ਆਸ ਵੀ ਹੈ, ਅਰਦਾਸ ਵੀ ਹੈ।

# ਦਲਾਈ ਲਾਮਾ ਅੰਤਰਰਾਸ਼ਟਰੀ ਚਰਚਾ ਦਾ ਕੇਂਦਰ, ਘਬਰਾਇਆ ਚੀਨ



ਵਿਜੇ ਕ੍ਰਾਂਤੀ

ਅੱਜ-ਕੱਲ੍ਹ ਦਲਾਈ ਲਾਮਾ ਅੰਤਰਰਾਸ਼ਟਰੀ ਚਰਚਾ ਦਾ ਕੇਂਦਰ ਬਣ ਗਏ ਹਨ। ਛੇ ਜੁਲਾਈ ਨੂੰ ਆਪਣੇ ਜਨਮ ਦਿਨ ਤੋਂ ਤਿੰਨ ਦਿਨ ਪਹਿਲਾਂ ਧਰਮਸ਼ਾਲਾ ਵਿਚ ਆਪਣੀ ਲੰਬੀ ਉਮਰ ਲਈ ਕਰਵਾਏ ਗਏ ਪ੍ਰਾਰਥਨਾ ਸਮਾਰੋਹ ਵਿਚ ਉਨ੍ਹਾਂ ਨੇ ਐਲਾਨ ਕੀਤਾ ਕਿ ਦਲਾਈ ਲਾਮਾ ਦੇ ਪੁਨਰਜਨਮ ਦੀਆਂ ਤਿੱਬਤੀ ਪਰੰਪਰਾਵਾਂ ਉਨ੍ਹਾਂ ਤੋਂ ਬਾਅਦ ਵੀ ਜਾਰੀ ਰਹਿਣਗੀਆਂ।

ਇਸ ਤੋਂ ਇਲਾਵਾ ਉਨ੍ਹਾਂ ਦੇ ਨਵੇਂ ਅਵਤਾਰੀ ਬੱਚੇ ਨੂੰ ਲੱਭਣ ਦਾ ਇਕਲੌਤਾ ਅਧਿਕਾਰ ਅਤੇ ਜ਼ਿੰਮੇਵਾਰੀ ਤਿੱਬਤੀ ਧਰਮ ਸੰਸਥਾ 'ਗੰਦੇਨ-ਫੋਡਰਾਂਗ' ਕੋਲ ਰਹੇਗੀ। ਦਲਾਈ ਲਾਮਾ ਨੇ ਚੀਨੀ ਦਾਅਵਿਆਂ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਕਿਸੇ ਵੀ ਗ਼ੈਰ-ਤਿੱਬਤੀ ਅਤੇ ਬਾਹਰਲੀ ਸ਼ਕਤੀ ਨੂੰ ਇਸ ਪ੍ਰਕਿਰਿਆ ਵਿਚ ਦਖ਼ਲਅੰਦਾਜ਼ੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਦਲਾਈ ਲਾਮਾ ਦੇ ਇਸ ਬਿਆਨ ਤੋਂ ਬੌਖਲਾਏ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰਾ ਨੇ ਕਿਹਾ ਕਿ ਇਸ ਭਾਲ ਅਤੇ ਨਿਯੁਕਤੀ ਦਾ ਅਧਿਕਾਰ ਦਲਾਈ ਲਾਮਾ ਦਾ ਨਹੀਂ ਸਗੋਂ ਸਿਰਫ਼ ਚੀਨ ਸਰਕਾਰ ਦਾ ਹੈ ਅਤੇ ਅਗਲੇ ਦਲਾਈ ਲਾਮਾ ਦੀ ਭਾਲ ਇਕ ਸੋਨੇ ਦੇ ਕਲਸ਼ ਵਿਚ ਪਾਏ ਗਏ ਨਾਵਾਂ ਵਿੱਚੋਂ ਲਾਟਰੀ ਦੇ ਆਧਾਰ 'ਤੇ ਕੀਤੀ ਜਾਵੇਗੀ। ਦਲਾਈ ਲਾਮਾ ਨੇ ਕਿਹਾ ਹੈ ਕਿ ਉਨ੍ਹਾਂ ਦਾ ਉਤਰਾਧਿਕਾਰੀ ਭਾਰਤ ਜਾਂ ਤਿੱਬਤ ਤੋਂ ਬਾਹਰ ਵੀ ਜਨਮ ਲੈ ਸਕਦਾ ਹੈ। ਚੀਨ ਨੇ ਸਪਸ਼ਟ ਕਿਹਾ ਹੈ ਕਿ ਅਗਲਾ ਦਲਾਈ ਲਾਮਾ ਉਸ ਦੀ ਮਰਜ਼ੀ ਨਾਲ ਹੀ ਬਣੇਗਾ। ਚੀਨ ਤੋਂ ਇਲਾਵਾ ਕਿਸੇ ਹੋਰ ਦੇਸ਼ ਵਿਚ ਪੁਨਰਜਨਮ ਲੈਣ ਵਾਲੇ ਨੂੰ ਉਹ ਗ਼ੈਰ-ਕਾਨੂੰਨੀ ਸਮਝੇਗਾ। ਬਹੁਤੇ ਦੇਸ਼ ਦਲਾਈ ਲਾਮਾ ਦੀ ਅਧਿਆਤਮਕ ਆਜ਼ਾਦੀ ਦੇ ਹੱਕ ਵਿਚ ਹਨ। ਕੌਮਾਂਤਰੀ ਦਬਾਅ ਹੀ ਹੈ ਜੋ ਚੀਨ ਨੂੰ ਦਲਾਈ ਲਾਮਾ ਪ੍ਰਤੀ ਵਧੇਰੇ ਸਖ਼ਤੀ ਕਰਨ ਤੋਂ ਰੋਕ ਰਿਹਾ ਹੈ। ਉਕਤ ਬਖੇੜੇ ਨਾਲ ਦਲਾਈ ਲਾਮਾ, ਉਨ੍ਹਾਂ ਦੇ ਪੁਨਰਜਨਮ ਦੀ ਪਰੰਪਰਾ ਅਤੇ ਤਿੱਬਤ 'ਤੇ ਦੁਨੀਆ ਦਾ ਧਿਆਨ ਮੁੜ ਕੇਂਦਰਿਤ ਹੋ ਗਿਆ ਹੈ। ਵਿਸ਼ਵ ਬਰਾਦਰੀ ਵਿਚ ਇਹ ਉਤਸੁਕਤਾ ਹੈ ਕਿ ਆਖ਼ਰ ਇਕ ਨਿਹੱਥੇ, ਬੁੱਢੇ ਅਤੇ ਸ਼ਰਨਾਰਥੀ ਧਰਮ-ਗੁਰੂ ਵਿਚ ਅਜਿਹਾ ਕੀ ਹੈ ਕਿ ਇੰਨੀ ਵੱਡੀ ਫ਼ੌਜੀ, ਰਾਜਨੀਤਕ ਅਤੇ ਆਰਥਿਕ ਸ਼ਕਤੀ ਨਵੇਂ ਅਵਤਾਰੀ ਬੱਚੇ 'ਤੇ ਕਬਜ਼ਾ ਕਰਨ ਲਈ ਪਾਗਲ ਹੋ ਰਹੀ ਹੈ?

ਇੱਥੇ ਸਿਰਫ਼ ਦੋ ਮੁੱਖ ਗੱਲਾਂ ਨੂੰ ਸਮਝਣਾ ਜ਼ਰੂਰੀ ਹੈ। ਪਹਿਲੀ ਗੱਲ ਇਹ ਹੈ ਕਿ ਤਿੱਬਤ ਦੀ ਧਾਰਮਿਕ-ਸਮਾਜਿਕ-ਰਾਜਨੀਤਕ ਪ੍ਰਣਾਲੀ ਵਿਚ ਦਲਾਈ ਲਾਮਾ ਨੂੰ ਸਭ ਤੋਂ ਉੱਚੇ ਧਾਰਮਿਕ ਗੁਰੂ ਅਤੇ ਸ਼ਾਸਕ ਦਾ ਦਰਜਾ ਪ੍ਰਾਪਤ ਹੈ। ਤਿੱਬਤ ਵਿਚ ਦਲਾਈ ਲਾਮਾ ਦੀ ਮੌਤ ਤੋਂ ਬਾਅਦ ਅਗਲੇ ਸ਼ਾਸਕ ਅਤੇ ਧਰਮ ਗੁਰੂ ਦੀ ਜ਼ਿੰਮੇਵਾਰੀ ਕਿਸੇ ਚੋਣ ਜਾਂ ਪਰਿਵਾਰਕ ਵਿਰਾਸਤ ਦੇ ਆਧਾਰ 'ਤੇ ਨਹੀਂ ਤੈਅ ਕੀਤੀ ਜਾਂਦੀ। ਉਨ੍ਹਾਂ ਦੇ ਨਵੇਂ ਅਵਤਾਰ ਨੂੰ ਇਸ ਅਹੁਦੇ 'ਤੇ ਬਿਠਾਇਆ ਜਾਂਦਾ ਹੈ।

ਮੌਜੂਦਾ ਦਲਾਈ ਲਾਮਾ ਇਸ ਪਰੰਪਰਾ ਵਿਚ 14ਵੇਂ ਹਨ। ਮੰਨਿਆ ਜਾਂਦਾ ਹੈ ਕਿ ਦਲਾਈ ਲਾਮਾ ਅਤੇ ਹੋਰ ਸਿੱਧ ਲਾਮਾ ਆਪਣੇ ਅਗਲੇ ਜਨਮ ਬਾਰੇ ਫ਼ੈਸਲਾ ਕਰਨ ਅਤੇ ਇਸ ਨਾਲ ਜੁੜੇ ਪੂਰਵ-ਅਨੁਮਾਨਾਂ ਦੀ ਸ਼ਕਤੀ ਰੱਖਦੇ ਹਨ। ਹਰ ਵੱਡਾ ਲਾਮਾ ਆਪਣੇ ਅਗਲੇ ਅਵਤਾਰ ਬਾਰੇ ਵਿਸਥਾਰਤ ਜਾਣਕਾਰੀ ਛੱਡ ਜਾਂਦਾ ਹੈ।

ਬਾਅਦ ਵਿਚ ਇਸ ਜਾਣਕਾਰੀ ਅਤੇ ਕੁਝ ਹੋਰ ਅਨੁਸ਼ਠਾਨਾਂ ਦੀ ਮਦਦ ਨਾਲ ਹੋਰ ਲਾਮਾ ਉਸ ਕਾਲ 'ਚ ਪੈਦਾ ਹੋਏ ਸੈਂਕੜੇ ਬੱਚਿਆਂ ਵਿੱਚੋਂ ਸਹੀ ਅਵਤਾਰ ਨੂੰ ਲੱਭ ਲੈਂਦੇ ਹਨ। ਤਿੱਬਤ ਅਤੇ ਚੀਨ ਦੇ ਪੁਰਾਣੇ ਇਤਿਹਾਸਕ ਸਬੰਧਾਂ ਵਿਚ ਦਸਵੇਂ ਦਲਾਈ ਲਾਮਾ ਦੀ ਭਾਲ ਦੇ ਸਮੇਂ ਚੀਨ ਦੇ ਮੰਚੂ ਰਾਜਾ ਨੇ ਤਿੱਬਤ ਵਿਚ ਇਸ ਵਿਸ਼ੇ 'ਤੇ ਖੜ੍ਹੇ ਵਿਵਾਦ ਨੂੰ ਇਕ ਸੋਨੇ ਦੇ ਕਲਸ਼ ਵਿਚ ਪਰਚੀਆਂ ਪਾ ਕੇ ਲਾਟਰੀ ਦੇ ਜ਼ਰੀਏ ਨਿਬੇੜਿਆ ਸੀ। ਬਾਅਦ ਵਿਚ 1912 ਵਿਚ ਵਿਦੇਸ਼ੀ ਮੰਚੂ ਸ਼ਾਸਨ ਦੇ ਖ਼ਤਮ ਹੋਣ 'ਤੇ ਚੀਨ ਵਿਚ ਚੀਨੀ ਸ਼ਾਸਨ ਕਾਇਮ ਹੋਇਆ ਜਿਸ ਨੂੰ 1949 ਦੀ ਹਿੰਸਕ ਕਮਿਊਨਿਸਟ ਕ੍ਰਾਂਤੀ ਵਿਚ ਮਾਓ ਨੇ ਪਲਟ ਦਿੱਤਾ। ਸੱਤਾ ਵਿਚ ਆਉਣ ਦੇ ਤੁਰੰਤ ਬਾਅਦ ਮਾਓ ਦੀ ਫ਼ੌਜ ਨੇ ਉਸੇ ਸਾਲ ਪੂਰਬੀ ਤੁਰਕਿਸਤਾਨ (ਸ਼ਿਨਜਿਆਂਗ) ਅਤੇ 1951 ਵਿਚ ਤਿੱਬਤ 'ਤੇ ਕਬਜ਼ਾ ਕਰ ਕੇ ਚੀਨ ਨੂੰ ਵਿਸ਼ਾਲ ਵਿਸਥਾਰ ਦੇ ਦਿੱਤਾ। ਮੌਜੂਦਾ ਦਲਾਈ ਲਾਮਾ ਨੂੰ 1959 ਵਿਚ ਭੱਜ ਕੇ ਭਾਰਤ ਵਿਚ ਸ਼ਰਨ ਲੈਣੀ ਪਈ ਜਦੋਂ ਚੀਨੀ ਕਬਜ਼ੇ ਖ਼ਿਲਾਫ਼ ਤਿੱਬਤੀ ਜਨਤਾ ਦੇ ਜਨ ਉਭਾਰ ਨੂੰ ਚੀਨੀ ਕਮਿਊਨਿਸਟ ਸ਼ਾਸਨ ਨੇ ਬੇਰਹਿਮੀ ਨਾਲ ਕੁਚਲ ਦਿੱਤਾ।

ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਅਨੁਸਾਰ ਇਸ ਮੁਹਿੰਮ ਵਿਚ ਚੀਨੀ ਫ਼ੌਜ ਨੇ ਇਕ ਪੌਂਦਰਵਾੜੇ ਵਿਚ ਹੀ 80 ਹਜ਼ਾਰ ਤੋਂ ਵੱਧ ਤਿੱਬਤੀ ਨਾਗਰਿਕਾਂ ਦੀ ਹੱਤਿਆ ਕਰ ਦਿੱਤੀ ਸੀ। ਸੰਨ 1959 ਤੋਂ ਬਾਅਦ ਚੀਨੀ ਕਮਿਊਨਿਸਟ ਪਾਰਟੀ, ਚੀਨੀ ਫ਼ੌਜ ਅਤੇ ਚੀਨ ਸਰਕਾਰ ਤਿੱਬਤੀ ਜਨਤਾ ਨੂੰ ਆਪਣੇ ਵੱਸ ਵਿਚ ਕਰਨ ਅਤੇ ਦਲਾਈ ਲਾਮਾ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਉੱਥੇ ਹਰ ਤਰ੍ਹਾਂ ਦੇ ਹੱਥਕੰਡੇ ਅਪਣਾ ਚੁੱਕੀ ਹੈ।

ਸੰਨ 1987 ਅਤੇ 1989 ਦੇ ਤਿੱਬਤੀ ਜਨ ਅੰਦੋਲਨ ਵਿਚ ਚੀਨੀ ਸ਼ਾਸਕਾਂ ਨੂੰ ਇਹ ਦੇਖ ਕੇ ਬਹੁਤ ਸਦਮਾ ਲੱਗਾ ਕਿ ਦੋ ਪੀੜ੍ਹੀਆਂ ਦੇ ਬਾਅਦ ਵੀ ਤਿੱਬਤੀ ਨੌਜਵਾਨਾਂ ਵਿਚ ਤਿੱਬਤੀ ਧਰਮ, ਦਲਾਈ ਲਾਮਾ ਅਤੇ ਤਿੱਬਤੀ ਆਜ਼ਾਦੀ ਦੀ ਲਾਲਸਾ ਜਾਰੀ ਹੈ। ਉਸ ਤੋਂ ਬਾਅਦ, ਚੀਨੀ ਆਗੂ ਤਿੱਬਤੀ ਧਰਮ 'ਤੇ ਅੰਦਰੋਂ ਕਬਜ਼ਾ ਕਰਨ ਦੀ ਨੀਤੀ 'ਤੇ ਚੱਲ ਰਹੇ ਹਨ। ਇਸ ਨੀਤੀ ਅਨੁਸਾਰ ਸਾਰੇ ਅਵਤਾਰੀ ਲਾਮਿਆਂ ਦੀ ਭਾਲ ਅਤੇ ਉਨ੍ਹਾਂ ਨੂੰ ਗੱਦੀ 'ਤੇ ਬਿਠਾਉਣ ਦਾ ਪੂਰਾ ਨਿਯੰਤਰਣ ਚੀਨੀ ਕਮਿਊਨਿਸਟ ਪਾਰਟੀ ਦੇ ਕੰਟਰੋਲ ਵਾਲੀਆਂ ਬੋਧ ਕਮੇਟੀਆਂ ਦੇ ਹੱਥ ਵਿਚ ਹੈ। ਸੰਨ 2008 ਵਿਚ ਬੀਜਿੰਗ ਓਲੰਪਿਕ ਦੇ ਸਮੇਂ ਤਿੱਬਤੀ ਜਨਤਾ ਦੇ ਵਿਦਰੋਹ ਵਿਚ ਦਲਾਈ ਲਾਮਾ ਦੀ ਲੋਕਪ੍ਰਿਅਤਾ ਤੋਂ ਬਾਅਦ ਚੀਨ ਸਰਕਾਰ ਦੀ ਇਸ ਮੁਹਿੰਮ ਨੇ ਬਹੁਤ ਰਫ਼ਤਾਰ ਫੜ ਲਈ।

ਇਹੀ ਵਜ੍ਹਾ ਹੈ ਕਿ ਉਹ ਹਰ ਹਾਲਤ ਵਿਚ ਤਿੱਬਤੀਆਂ ਦੀ ਸੋਚ ਚੀਨ ਪੱਖੀ ਬਣਾਉਣ 'ਤੇ ਉਤਾਰੂ ਹੋਈ ਪਈ ਹੈ। ਸੰਨ 2012 ਵਿਚ ਸ਼ੀ ਜਿਨਪਿੰਗ ਦੇ ਸੱਤਾ 'ਤੇ ਕਬਜ਼ਾ ਕਰਨ ਤੋਂ ਬਾਅਦ ਇਸ ਮੁਹਿੰਮ ਨੇ ਤਿੱਬਤ ਵਿਚ ਸੱਭਿਆਚਾਰਕ-ਨਾਸ ਦਾ ਰੂਪ ਲੈ ਲਿਆ। ਦਲਾਈ ਲਾਮਾ ਨਾਲ ਜੁੜੇ ਲੋਕਾਂ ਅਤੇ ਸੰਸਥਾਵਾਂ ਨਾਲ ਫੋਨ ਜਾਂ ਇੰਟਰਨੈੱਟ ਜ਼ਰੀਏ ਸੰਪਰਕ ਬਣਾਉਣ ਅਤੇ ਇੱਥੋਂ ਤੱਕ ਕਿ



ਘਰ ਜਾਂ ਆਪਣੇ ਮੋਬਾਈਲ ਵਿਚ ਦਲਾਈ ਲਾਮਾ ਦੀ ਫੋਟੋ ਰੱਖਣ ਨੂੰ ਵੀ 'ਦੇਸ਼ਧ੍ਰੋਹ' ਮੰਨਿਆ ਜਾਂਦਾ ਹੈ।

ਇਸ ਅਪਰਾਧ ਲਈ ਘੱਟੋ-ਘੱਟ ਸੱਤ ਸਾਲ ਦੀ ਜੇਲ੍ਹ ਦੀ ਸਜ਼ਾ ਦੀ ਵਿਵਸਥਾ ਹੈ। ਤਿੱਬਤੀ ਬੋਧ ਧਰਮ ਨੂੰ ਚੀਨੀ ਕਮਿਊਨਿਸਟ ਪਾਰਟੀ ਪ੍ਰਤੀ ਆਸਥਾਵਾਨ ਬਣਾਉਣ ਦੇ ਸ਼ੀ ਜਿਨਪਿੰਗ ਦੇ ਐਲਾਨ ਤੋਂ ਬਾਅਦ ਬਹੁਤ ਸਾਰੇ ਤਿੱਬਤੀ ਖੇਤਰਾਂ ਤੋਂ ਅਜਿਹੀ ਹਰ ਮੂਰਤੀ ਨੂੰ ਨਸ਼ਟ ਕੀਤਾ ਜਾ ਚੁੱਕਾ ਹੈ ਜੋ ਪਿੰਡਾਂ ਜਾਂ ਸ਼ਹਿਰਾਂ ਦੇ ਘਰਾਂ ਤੋਂ ਉੱਚੀ ਦਿਖਾਈ ਦੇ ਰਹੀ ਸੀ। ਇੰਨੇ ਜ਼ੁਲਮੋ-ਸਿਤਮ ਦੇ ਬਾਵਜੂਦ ਤਿੱਬਤੀ ਚੀਨ ਅੱਗੇ ਮਜ਼ਬੂਤ ਦੀਵਾਰ ਵਾਂਗ ਡਟ ਕੇ ਖੜ੍ਹੇ ਹੋਏ ਹਨ।

ਕਮਿਊਨਿਸਟ ਰਾਸ਼ਟਰਵਾਦ ਦੀ ਨਵੀਂ ਮੁਹਿੰਮ ਤਹਿਤ ਤਿੱਬਤੀ ਪਰਿਵਾਰਾਂ ਤੋਂ ਪੰਜ ਸਾਲ ਤੋਂ ਵੱਡੇ ਲੱਖਾਂ ਬੱਚਿਆਂ ਨੂੰ ਜ਼ਬਰਦਸਤੀ ਅਲੱਗ ਕਰ ਕੇ ਉਨ੍ਹਾਂ ਨੂੰ ਕਮਿਊਨਿਸਟ ਪਾਰਟੀ ਦੇ ਅਜਿਹੇ ਹੋਸਟਲ-ਸਕੂਲਾਂ ਵਿਚ ਪਾ ਦਿੱਤਾ ਗਿਆ ਜਿੱਥੇ ਨਾ ਸਿਰਫ਼ ਤਿੱਬਤੀ ਭਾਸ਼ਾ ਬੋਲਣ-ਪੜ੍ਹਨ 'ਤੇ ਪਾਬੰਦੀ ਹੈ, ਸਗੋਂ ਮਾਤਾ-ਪਿਤਾ ਨਾਲ ਮਿਲਣ ਦੀ ਸੀਮਤ ਆਗਿਆ ਵੀ ਮਹੀਨਿਆਂ ਬਾਅਦ ਮਿਲਦੀ ਹੈ। ਇਸ ਦਮਨਕਾਰੀ ਮੁਹਿੰਮ ਤੋਂ ਚੀਨ ਦੇ ਸ਼ਾਸਕਾਂ ਨੂੰ ਪੂਰੀ ਉਮੀਦ ਹੈ ਕਿ ਤਿੱਬਤੀਆਂ ਦੀ ਅਗਲੀ ਪੀੜ੍ਹੀ ਸਿਰਫ਼ ਸ਼ਕਲ ਤੋਂ ਤਿੱਬਤੀ ਹੋਵੇਗੀ ਪਰ ਦਿਲ ਅਤੇ ਦਿਮਾਗ ਤੋਂ ਪੂਰੀ ਤਰ੍ਹਾਂ ਚੀਨੀ ਹੋਵੇਗੀ।

ਸ਼ੀ ਜਿਨਪਿੰਗ ਦਾ ਅਗਲਾ ਨਿਸ਼ਾਨਾ ਦਲਾਈ ਲਾਮਾ ਦੇ ਅਗਲੇ ਅਵਤਾਰ ਦੀ ਭਾਲ 'ਤੇ ਚੀਨੀ ਕਮਿਊਨਿਸਟ ਪਾਰਟੀ ਦਾ ਨਿਯੰਤਰਣ ਸਥਾਪਤ ਕਰਨਾ ਹੈ ਜਿਸ ਨਾਲ ਤਿੱਬਤੀ ਜਨਤਾ 'ਤੇ ਮੌਜੂਦਾ ਦਲਾਈ ਲਾਮਾ ਦੀ ਮੌਤ ਤੋਂ ਬਾਅਦ ਉਸ ਦੇ ਸਰਕਾਰੀ ਦਲਾਈ ਲਾਮਾ ਦਾ ਨਿਯੰਤਰਣ ਹੋਵੇ ਪਰ ਯੂਰਪੀ ਯੂਨੀਅਨ, ਅਮਰੀਕਾ ਸਰਕਾਰ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਵਿਰੋਧ ਨੇ ਚੀਨ ਦੀ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਹਨ ਤੇ ਉਸ ਦੀਆਂ ਚਿੰਤਾਵਾਂ ਵਿਚ ਬੇਸ਼ੁਮਾਰ ਵਾਧਾ ਕਰ ਦਿੱਤਾ ਹੈ। ਚੀਨ ਦੇ ਅੰਦਰ ਚੀਨੀ ਫੌਜ, ਕਮਿਊਨਿਸਟ ਪਾਰਟੀ ਅਤੇ ਵਪਾਰਕ ਵਰਗ ਵਿਚ ਸ਼ੀ ਜਿਨਪਿੰਗ ਖ਼ਿਲਾਫ਼ ਵਧ ਰਹੇ ਵਿਰੋਧ ਦੀਆਂ ਖ਼ਬਰਾਂ ਨੇ ਪਹਿਲਾਂ ਹੀ ਚੀਨੀ ਰਾਸ਼ਟਰਪਤੀ ਲਈ ਚਿੰਤਾ ਵਧਾ ਦਿੱਤੀ ਹੈ।

ਦਲਾਈ ਲਾਮਾ ਦੇ ਇਸ ਐਲਾਨ ਨੇ ਵੀ ਸ਼ੀ ਜਿਨਪਿੰਗ ਲਈ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ ਕਿ ਉਹ 130 ਸਾਲ ਦੀ ਉਮਰ ਤੱਕ ਜਿਉਂਦੇ ਰਹਿਣਗੇ।

ਹੁਣ ਦੁਨੀਆ ਦੀ ਰੁਚੀ ਇਹ ਦੇਖਣ ਵਿਚ ਹੈ ਕਿ ਪਹਿਲਾਂ ਦਲਾਈ ਲਾਮਾ ਇਸ ਦੁਨੀਆ ਤੋਂ ਜਾਣਗੇ ਜਾਂ ਚੀਨ ਤੋਂ ਕਮਿਊਨਿਸਟ ਸ਼ਾਸਨ ਦੀ ਵਿਦਾਈ ਹੋਵੇਗੀ?




# ਮਾਨਸਿਕ ਰੋਗੀ ਬਣਾ ਦਿੰਦਾ ਫੋਬੀਆ

ਅੱਜ ਦੁਨੀਆ 'ਚ ਮਾਨਸਿਕ ਤੰਦਰੁਸਤੀ ਦਾ ਮੁੱਦਾ ਉੱਠਣ ਲੱਗ ਗਿਆ ਹੈ। ਹੁਣ ਇਸ ਵਿਸ਼ੇ ਦੀ ਗੱਲ ਕਰਨ ਲੱਗਿਆਂ ਕਿਸੇ ਤਰ੍ਹਾਂ ਦੀ ਹਿੱਚਕਚਾਹਟ ਮਹਿਸੂਸ ਨਹੀਂ ਹੋਵੇਗੀ। ਇਸ ਵਿਸ਼ੇ 'ਤੇ ਖੁੱਲ੍ਹ ਕੇ ਗੱਲ ਕੀਤੀ ਜਾ ਸਕੇਗੀ। ਸਮਾਜ 'ਚ ਕਿਸੇ ਵੀ ਵਿਅਕਤੀ, ਸਾਕ-ਸੰਬੰਧੀ ਜਾਂ ਰਿਸ਼ਤੇਦਾਰ ਨੂੰ ਮਾਨਸਿਕ ਤਣਾਅ ਦੀ ਸਥਿਤੀ ਵਿਚ ਮਨੋਵਿਗਿਆਨੀ ਜਾਂ ਕਾਊਂਸਲਰ ਕੋਲ ਜਾਣ ਕਰਕੇ ਮਜ਼ਾਕ ਦਾ ਪਾਤਰ ਨਹੀਂ ਬਣਾਇਆ ਜਾਵੇਗਾ ਸਗੋਂ ਉਸ ਨੂੰ ਉਤਸਾਹਿਤ ਕੀਤਾ ਜਾਵੇਗਾ। ਜੇ ਕੋਈ ਮਾਨਸਿਕ ਤਣਾਅ ਦੀ ਸਥਿਤੀ ਵਿਚ ਘਿਰਿਆ ਹੋਵੇ ਤਾਂ ਉਸ ਨੂੰ ਮਨੋਚਿਕਿਤਸਕ ਕੋਲ ਜਾਣ ਲਈ ਮਾਨਸਿਕ ਤੌਰ 'ਤੇ ਤਿਆਰ ਕਰਨਾ ਜ਼ਰੂਰੀ ਹੈ ਤਾਂ ਜੋ ਅਜਿਹੇ ਵਿਅਕਤੀ ਨੂੰ ਮਾਨਸਿਕ ਤਣਾਅ ਤੋਂ ਮੁਕਤ ਕਰਵਾਇਆ ਜਾ ਸਕੇ।

ਅਸੀਂ ਅਕਸਰ ਦੇਖਦੇ ਹਾਂ ਕਿ ਵਿਅਕਤੀ ਸਰੀਰਕ ਤੌਰ 'ਤੇ ਬਿਮਾਰ ਜਾਂ ਜ਼ਖ਼ਮੀ ਹੋਣ ਦੀ ਹਾਲਤ ਵਿਚ ਤੁਰੰਤ ਡਾਕਟਰ ਕੋਲ ਇਲਾਜ ਲਈ ਜਾਂਦੇ ਹਨ ਪਰ ਮਾਨਸਿਕ ਸਿਹਤ ਠੀਕ ਨਾ ਹੋਣ ਦੀ ਸੂਰਤ 'ਚ ਵਿਅਕਤੀ ਡਾਕਟਰ ਕੋਲ ਜਾਣ ਤੋਂ ਪਰਹੇਜ਼ ਕਰਦਾ ਹੈ ਕਿਉਂਕਿ ਲੋਕ ਜਾਂ ਸਮਾਜ ਉਸ ਨੂੰ ਪਾਗਲ ਨਾ ਸਮਝਣ ਲੱਗ ਜਾਣ। ਇਸ ਡਰ ਦੇ ਮਾਰੇ ਵਿਅਕਤੀ ਦੀ ਮਾਨਸਿਕ ਸਿਹਤ ਦਿਨੋਂ-ਦਿਨ ਹੋਰ ਵਿਗੜ ਜਾਂਦੀ ਹੈ। ਲੋਕਾਂ 'ਚ ਪਾਗਲ ਸ਼ਬਦ ਦਾ ਫੋਬੀਆ ਵਧੇਰੇ ਮਾਨਸਿਕ ਤਣਾਅ ਪੈਦਾ ਕਰਦਾ ਹੈ। ਮਾਨਸਿਕ ਤਣਾਅ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਸਮੇਂ ਹੋ ਸਕਦਾ ਹੈ। ਇਹੋ ਜਿਹੇ ਵਕਤ 'ਤੇ ਵਿਅਕਤੀ ਨੂੰ ਸਮਝਣਾ ਔਖਾ ਹੋ ਜਾਂਦਾ ਹੈ। ਅਸਲ ਵਿਚ ਪਾਗਲ ਸ਼ਬਦ ਸੋਸ਼ਲ ਸਟਿਗਮਾ ਤੇ ਨਾਂਹ-ਪੱਖੀ ਧਾਰਨਾਵਾਂ ਕਰਕੇ ਵਿਅਕਤੀ ਨੂੰ ਭਾਵਨਾਤਮਿਕ ਤੌਰ 'ਤੇ ਹਾਨੀ ਪਹੁੰਚਾਉਂਦਾ ਹੈ। ਇਹੋ ਜਿਹਾ ਵਿਅਕਤੀ ਆਪਣੀ ਮਨੋਦਸ਼ਾ ਨੂੰ ਮੰਨਣ ਲਈ ਤਿਆਰ ਨਹੀਂ ਹੁੰਦਾ ਕਿਉਂਕਿ ਉਸ ਨੂੰ ਪਾਗਲ ਸ਼ਬਦ ਦਾ ਲੇਬਲ ਉਸ ਦੇ ਨਾਂ ਨਾਲ ਲੱਗਣ ਦਾ ਡਰ ਸਤਾਉਂਦਾ ਹੈ। ਮਾਨਸਿਕ ਤਣਾਅ ਤੋਂ ਗ੍ਰਸਤ ਵਿਅਕਤੀ ਕਈ ਤਰ੍ਹਾਂ ਦੇ ਫੋਬੀਆ ਦਾ ਸ਼ਿਕਾਰ ਹੋ ਸਕਦਾ ਹੈ।



**ਸੋਸ਼ਲ ਫੋਬੀਆ:** ਕਈ ਵਾਰ ਵਿਅਕਤੀ ਨੂੰ ਲੋਕਾਂ ਦੀ ਭੀੜ ਜਾਂ ਉਸ 'ਤੇ ਧਿਆਨ ਕੇਂਦਰਿਤ ਹੋਣ ਦਾ ਡਰ ਸਤਾਉਂਦਾ ਹੈ। ਉਹ ਸੋਚਦਾ ਹੈ ਕਿ ਲੋਕ ਉਸ ਨੂੰ ਦੇਖ ਕੇ ਮਜ਼ਾਕ ਉਡਾਉਣਗੇ ਜਾਂ ਉਸ ਨੂੰ ਨੀਵਾਂ ਸਮਝਣਗੇ।

**ਅਪੂਰਨਤਾ ਫੋਬੀਆ:** ਵਿਅਕਤੀ 'ਚ ਇਹ ਡਰ ਪੈਦਾ ਹੋ ਜਾਂਦਾ ਹੈ ਕਿ ਉਸ ਕਿਸੇ ਵੀ ਚੀਜ਼ ਵਿਚ ਸੰਪੂਰਨ ਨਹੀਂ ਹੈ ਤੇ ਲੋਕ ਉਸ ਨੂੰ ਇਸ ਕਮੀ ਕਰਕੇ ਮਜ਼ਾਕ ਦਾ ਪਾਤਰ ਬਣਾਉਣਗੇ।

**ਨੋਜ਼ੋ ਫੋਬੀਆ:** ਜਦੋਂ ਵਿਅਕਤੀ ਮਾਨਸਿਕ ਤਣਾਅ ਵਿਚ ਆ ਜਾਵੇ ਤਾਂ ਉਹ ਹਰ ਵੇਲੇ ਇਹ ਸੋਚਦਾ ਰਹਿੰਦਾ ਹੈ ਕਿ ਉਸ ਨੂੰ ਗੰਭੀਰ ਬਿਮਾਰੀ ਹੋ ਗਈ ਹੈ। ਉਹ ਘੱਟ ਬਿਮਾਰੀ ਨੂੰ ਵੱਡੀ ਬਿਮਾਰੀ ਸਮਝ ਕੇ ਵਧੇਰੇ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਨਾਲ ਉਸ ਦਾ ਮਾਨਸਿਕ ਤਣਾਅ ਹੋਰ ਵੱਧ ਜਾਂਦਾ ਹੈ।

**ਮੌਤ ਦਾ ਫੋਬੀਆ:** ਕਈ ਵਾਰ ਆਪਣੀ ਮੌਤ ਜਾਂ ਆਪਣੇ ਕਿਸੇ ਸਾਕ-ਸੰਬੰਧੀ, ਮਿੱਤਰ ਪਿਆਰੇ ਦੀ ਮੌਤ ਦਾ ਡਰ ਦਾ ਖ਼ਿਆਲ ਮਾਨਸਿਕ ਤਣਾਅ ਨੂੰ ਵਧਾ ਦਿੰਦਾ ਹੈ।

**ਅਗੋਰਾ ਫੋਬੀਆ:** ਕਈ ਵਾਰੀ ਵਿਅਕਤੀ ਨੂੰ ਖੁੱਲ੍ਹੀਆਂ ਥਾਵਾਂ ਜਾਂ ਜੰਗਲ ਵਰਗੀਆਂ ਥਾਵਾਂ ਤੋਂ ਡਰ ਲੱਗਦਾ ਰਹਿੰਦਾ ਹੈ। ਜਿਵੇਂ ਹਨੇਰੇ ਦਾ ਡਰ, ਹਵਾਈ ਸਫ਼ਰ, ਟਰੇਨ ਜਾਂ ਸਮੁੰਦਰੀ ਜਹਾਜ਼ ਆਦਿ। ਇਸ ਤਰ੍ਹਾਂ ਦੇ ਹੋਰ ਅਨੇਕਾਂ ਤਰ੍ਹਾਂ ਦੇ ਡਰ ਵਿਅਕਤੀ ਨੂੰ ਭੈਅ-ਭੀਤ ਕਰਦੇ ਹਨ। ਮਾਨਸਿਕ ਤਣਾਅ ਸਬੰਧੀ ਕੁਝ ਸਰਵੇਖਣਾਂ ਦੇ ਅੰਕੜੇ ਹੈਰਾਨ ਕਰਨ ਵਾਲੇ ਹਨ।

**ਡਾਕਟਰੀ ਸਹਾਇਤਾ ਦੀ ਲੋੜ-** ਨੈਸ਼ਨਲ ਇੰਸੀਚਿਊਟ ਆਫ ਮੈਂਟਲ ਹੈਲਥ ਤੇ ਨਿਊਰੋ ਸਾਇੰਸ ਨੇ 2016 ਵਿਚ ਦੇਸ਼ ਦੇ 12 ਸੂਬਿਆਂ ਵਿਚ ਸਰਵੇਖਣ ਕਰਵਾਇਆ ਗਿਆ ਤੇ ਇਸ ਦੇ ਚਿੰਤਾਜਨਕ ਅੰਕੜੇ ਸਾਹਮਣੇ ਆਏ। ਇਨ੍ਹਾਂ ਅੰਕੜਿਆਂ ਮੁਤਾਬਿਕ ਆਬਾਦੀ ਦਾ 2.7 ਫ਼ੀਸਦੀ ਹਿੱਸਾ ਡਿਪਰੈਸ਼ਨ ਵਰਗੇ ਕਾਮਨ ਮੈਂਟਲ ਡਿਸਆਰਡਰ ਤੋਂ ਪੀੜਤ ਹੈ, ਜਦੋਂਕਿ ਆਬਾਦੀ ਦੇ 5.2 ਫ਼ੀਸਦੀ ਹਿੱਸੇ ਨੇ ਕਦੇ ਨਾ ਕਦੇ ਇਹੋ ਜਿਹੀਆਂ ਸਮੱਸਿਆਵਾਂ ਤੋਂ ਪਰੇਸ਼ਾਨੀ ਝੱਲੀ ਹੈ। ਇਸ ਸਰਵੇਖਣ ਤੋਂ ਇਹ ਵੀ ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤ ਦੇ 15 ਕਰੋੜ ਲੋਕਾਂ ਨੂੰ ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਦੀ ਵਜ੍ਹਾ ਕਰਕੇ ਡਾਕਟਰੀ ਸਹਾਇਤਾ ਦੀ ਲੋੜ ਹੈ। ਇਕ ਸਾਇੰਸ ਮੈਡੀਕਲ ਜਰਨਲ ਲੈਨਸੈਟ ਦੀ 2016 ਦੀ ਰਿਪੋਰਟ ਅਨੁਸਾਰ ਭਾਰਤ ਵਿਚ 10 ਜ਼ਰੂਰਤਮੰਦ ਲੋਕਾਂ ਵਿੱਚੋਂ ਸਿਰਫ਼ ਇਕ ਵਿਅਕਤੀ ਨੂੰ ਡਾਕਟਰੀ ਮਦਦ ਮਿਲਦੀ ਹੈ। ਇਨ੍ਹਾਂ ਅੰਕੜਿਆਂ ਤੋਂ ਅਨੁਮਾਨ ਲਗਾਇਆ ਗਿਆ ਹੈ ਕਿ ਭਾਰਤ 'ਚ ਮਾਨਸਿਕ ਸਮੱਸਿਆਵਾਂ ਪੈਰ ਪਸਾਰ ਰਹੀਆਂ ਹਨ। ਆਉਣ ਵਾਲੇ 10 ਸਾਲਾਂ ਵਿਚ ਮਾਨਸਿਕ ਸਮੱਸਿਆਵਾਂ ਤੋਂ ਪੀੜਤ ਵਿਅਕਤੀਆਂ ਦੀ ਗਿਣਤੀ ਪੂਰੀ ਦੁਨੀਆ ਵਿਚ ਇਕ ਤਿਹਾਈ ਗਿਣਤੀ ਭਾਰਤੀਆਂ ਦੀ ਹੋ ਸਕਦੀ ਹੈ।

**ਖੁੱਲ੍ਹ ਕੇ ਗੱਲ ਕਰਨਾ ਪਸੰਦ ਨਹੀਂ ਕਰਦੇ-** ਦਿੱਲੀ ਦੀ ਸੰਸਥਾ ਇੰਸੀਚਿਊਟ ਆਫ਼ ਹਿਊਮਨ ਬਹੇਵੀਅਰ ਐਂਡ ਇਲਾਇਡ ਸਾਇੰਸਜ਼ ਦੇ ਨਿਰਦੇਸ਼ਕ ਡਾ। ਨਿਮੀਸ਼ ਦੇਸਾਈ ਦਾ ਕਥਨ ਹੈ ਕਿ ਭਾਰਤ ਵਿਚ ਪਰਿਵਾਰਾਂ ਦਾ ਟੁੱਟਣਾ, ਨਿੱਜਤਾ 'ਤੇ ਜ਼ੋਰ ਅਤੇ ਤਕਨਾਲੋਜੀ ਵਰਗੇ ਮੁੱਦੇ ਲੋਕਾਂ ਨੂੰ ਡਿਪਰੈਸ਼ਨ ਵੱਲ ਧੱਕ ਰਹੇ ਹਨ। ਉਹ ਇਹ ਵੀ ਮੰਨਦੇ ਹਨ ਕਿ ਲੋਕਾਂ 'ਚ ਮੈਂਟਲ ਹੈਲਥ ਦੀ ਜਾਗਰੂਕਤਾ ਆਉਣੀ ਸ਼ੁਰੂ ਹੋ ਗਈ ਹੈ ਪਰ ਉਹ ਇਸ ਗੱਲੋਂ ਵੀ ਚਿੰਤਤ ਹਨ ਕਿ ਲੋਕ ਖੁੱਲ੍ਹ ਕੇ ਗੱਲ ਕਰਨਾ ਪਸੰਦ ਨਹੀਂ ਕਰਦੇ, ਜੋ ਉਹ ਉਸ ਨੂੰ ਇੱਕ 'ਟੈਬੂ' ਦੇ ਤੌਰ 'ਤੇ ਲੈਂਦੇ ਹਨ।

**ਸਮੇਂ ਦੀ ਮੰਗ-** ਸੋ ਅੱਜ ਸਮੇਂ ਦੀ ਮੰਗ ਹੈ ਕਿ ਜੇ ਕੋਈ ਵਿਅਕਤੀ ਕਿਸੇ ਵੀ ਤਰ੍ਹਾਂ ਦੀ ਮਾਨਸਿਕ ਬਿਮਾਰੀ ਤੋਂ ਪੀੜਤ ਹੈ ਤਾਂ ਉਸ ਵਿਅਕਤੀ ਨੂੰ ਇਸ ਦਲਦਲ ਵਿੱਚੋਂ ਕੱਢਣ ਲਈ ਹਰ ਸਫਲ ਯਤਨ ਕਰਨੇ ਚਾਹੀਦੇ ਹਨ। ਉਸ ਦੇ ਦਿਲੋ-ਦਿਮਾਗ਼ ਵਿੱਚੋਂ ਪਾਗਲ ਸ਼ਬਦ ਪ੍ਰਤੀ ਜੋ ਫੋਬੀਆ ਹੈ, ਉਸ ਤੋਂ ਮੁਕਤ ਕਰਵਾਉਣਾ ਜ਼ਰੂਰੀ ਹੈ, ਤਾਂ ਜੋ ਉਸ ਨਾਲ ਜੋ ਵਾਪਰ ਰਿਹਾ ਹੈ, ਉਹ ਉਸ ਨੂੰ ਖੁੱਲ੍ਹ ਕੇ ਦੱਸ ਸਕੇ। ਜੇ ਉਹ ਕਿਸੇ ਤਰ੍ਹਾਂ ਦੇ ਤਣਾਅ ਨਾਲ ਅੰਦਰੋਂ-ਅੰਦਰੀ ਘੁਲ ਰਿਹਾ ਹੈ ਤਾਂ ਉਸ ਦੀ ਸਥਿਤੀ ਦਿਨੋਂ-ਦਿਨ ਹੋਰ ਵੀ ਗੰਭੀਰ ਹੁੰਦੀ ਜਾਵੇਗੀ, ਜੋ ਉਸ ਦੀ ਮਨੋਦਸ਼ਾ ਲਈ ਬਹੁਤ ਹਾਨੀਕਾਰਕ ਹੁੰਦੀ ਹੈ।


ਇਹੋ ਜਿਹੀ ਹਾਲਤ ਵਿਚ ਪੀੜਤ ਵਿਅਕਤੀ ਦੇ ਦੋਸਤ-ਮਿੱਤਰ ਜ਼ਿਆਦਾ ਕਾਰਗਰ ਸਾਬਤ ਹੋ ਸਕਦੇ ਹਨ ਕਿਉਂਕਿ ਦੋਸਤ-ਮਿੱਤਰ ਉਸ ਵਿਅਕਤੀ ਨਾਲ ਗੱਲਬਾਤ ਕਰ ਕੇ ਮਾਨਸਿਕ ਦਬਾਅ ਦੇ ਪ੍ਰੈਸ਼ਰ ਨੂੰ ਘਟਾਉਣ ਵਿਚ ਕਾਫ਼ੀ ਮਦਦਗਾਰ ਹੁੰਦੇ ਹਨ। ਪੀੜਤ ਵਿਅਕਤੀ ਨੂੰ ਡਾਕਟਰੀ ਸਲਾਹ ਲੈ ਕੇ ਉਸ ਦਾ ਢੁੱਕਵਾਂ ਇਲਾਜ ਕਰਵਾ ਕੇ ਮਾਨਸਿਕ ਦਬਾਅ ਤੋਂ ਮੁਕਤ ਕਰਵਾਇਆ ਜਾ ਸਕਦਾ ਹੈ।

**- ਡਾ. ਕੁਲਦੀਪ ਸਿੰਘ ਬਨੂੜ**

# ਫੂਡ ਪਾਈਪ 'ਚ ਸੋਜ਼ਿਸ਼ ਪ੍ਰਤੀ ਰਹੋ ਸਾਵਧਾਨ

ਕੀ ਤੁਹਾਨੂੰ ਖਾਣਾ ਨਿਗਲਣ ਸਮੇਂ ਪਰੇਸ਼ਾਨੀ ਆਉਂਦੀ ਹੈ? ਕੀ ਕਦੇ-ਕਦੇ ਇਹ ਮਹਿਸੂਸ ਹੁੰਦਾ ਹੈ ਕਿ ਤੁਹਾਡਾ ਖਾਣਾ ਗਲੇ 'ਚ ਫਸ ਗਿਆ ਹੈ? ਜੇ ਹਾਂ, ਤਾਂ ਸਾਵਧਾਨ ਰਹੋ! ਇਹ ਤੁਹਾਡੀ ਫੂਡ ਪਾਈਪ 'ਚ ਸੋਜ਼ਿਸ਼ ਦਾ ਸੰਕੇਤ ਹੋ ਸਕਦਾ ਹੈ, ਜਿਸਨੂੰ ਮੈਡੀਕਲ ਭਾਸ਼ਾ 'ਚ ਐਸੋਫੈਗਿਟਿਸ ਕਿਹਾ ਜਾਂਦਾ ਹੈ।

ਡਾਕਟਰ ਸੌਰਭ ਸੇਠੀ ਚਿਤਾਵਨੀ ਦਿੰਦੇ ਹਨ ਕਿ ਇਸਨੂੰ ਨਜ਼ਰਅੰਦਾਜ਼ ਕਰਨਾ ਗੰਭੀਰ ਸਮੱਸਿਆਵਾਂ ਨੂੰ ਜਨਮ ਦੇ ਸਕਦਾ ਹੈ। ਆਓ ਜਾਣੀਏ ਉਹ 3 ਮੁੱਖ ਲੱਛਣ, ਜਿਨ੍ਹਾਂ ਨੂੰ ਪਛਾਣ ਕੇ ਤੁਸੀਂ ਸਮੇਂ ਸਿਰ ਆਪਣੀ ਫੂਡ ਪਾਈਪ ਦੀ ਸੋਜਿਸ਼ ਦਾ ਪਤਾ ਲਗਾ ਸਕਦੇ ਹੋ।



**ਖਾਣਾ ਨਿਗਲਣ 'ਚ ਪਰੇਸ਼ਾਨੀ ਮਹਿਸੂਸ ਹੋਣਾ-** ਇਹ ਸਭ ਤੋਂ ਆਮ ਤੇ ਪਰੇਸ਼ਾਨ ਕਰਨ ਵਾਲਾ ਲੱਛਣ ਹੈ। ਜੇ ਤੁਹਾਨੂੰ ਖਾਣਾ ਨਿਗਲਣ ਤੋਂ ਬਾਅਦ ਇਹ ਮਹਿਸੂਸ ਹੁੰਦਾ ਹੈ ਕਿ ਉਹ ਛਾਤੀ ਜਾਂ ਗਲੇ 'ਚ ਕਿਤੇ ਫਸ ਗਿਆ ਹੈ, ਤਾਂ ਇਹ ਫੂਡ ਪਾਈਪ ਦੀ ਸੋਜਿਸ਼ ਦਾ ਸਾਫ਼ ਸੰਕੇਤ ਹੋ ਸਕਦਾ ਹੈ। ਇਹ ਮੁਸ਼ਕਲ ਜ਼ਿਆਦਾਤਰ ਠੋਸ ਖਾਣੇ ਨਾਲ ਜ਼ਿਆਦਾ ਹੁੰਦੀ ਹੈ, ਪਰ ਕੁਝ ਮਾਮਲਿਆਂ 'ਚ ਪਾਣੀ ਜਾਂ ਹੋਰ ਤਰਲ ਪਦਾਰਥ ਨਿਗਲਣ 'ਚ ਵੀ ਦਿੱਕਤ ਆ ਸਕਦੀ ਹੈ।

**ਜ਼ਿਆਦਾ ਦੇਰ ਤਕ ਖਾਣਾ ਚਬਾਉਣਾ-** ਕੀ ਤੁਸੀਂ ਕਦੇ ਧਿਆਨ ਦਿੱਤਾ ਹੈ ਕਿ ਤੁਸੀਂ ਹੋਰਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਦੇਰ ਤਕ ਖਾਣਾ ਚਬਾਉਂਦੇ ਹੋ? ਜੇ ਤੁਸੀਂ ਅਣਜਾਣੇ 'ਚ ਅਜਿਹਾ ਕਰ ਰਹੇ ਹੋ, ਤਾਂ ਇਸ ਦਾ ਕਾਰਨ ਫੂਡ ਪਾਈਪ ਦੀ ਸਮੱਸਿਆ ਹੋ ਸਕਦੀ ਹੈ। ਖਾਣ ਪੀਣ ਦੀ ਨਲੀ 'ਚ ਸੋਜਿਸ਼ ਹੋਣ 'ਤੇ ਸਰੀਰ ਆਪਣੇ ਆਪ ਨੂੰ ਬਚਾਉਣ ਲਈ ਜ਼ਿਆਦਾ ਚਬਾਉਣ ਦੀ ਆਦਤ ਪਾ ਲੈਂਦਾ ਹੈ ਤਾਂ ਜੋ ਖਾਣੇ ਦਾ ਟੁਕੜਾ ਛੋਟਾ ਹੋ ਜਾਵੇ ਤੇ ਉਸਨੂੰ ਨਿਗਲਣ 'ਚ ਆਸਾਨੀ ਹੋਵੇ। ਇਹ ਸਰੀਰ ਦਾ ਆਪਣੀ ਸੁਰੱਖਿਆ ਕਰਨ ਦਾ ਇਕ ਤਰੀਕਾ ਹੈ।

**ਬੇਵਜ੍ਹਾ ਕੁਝ ਚੀਜ਼ਾਂ ਤੋਂ ਪਰਹੇਜ਼-** ਹੋ ਸਕਦਾ ਹੈ ਤੁਹਾਨੂੰ ਪਤਾ ਵੀ ਨਾ ਹੋਵੇ ਕਿ ਤੁਸੀਂ ਅਜਿਹਾ ਕਰ ਰਹੇ ਹੋ, ਪਰ ਜੇ ਤੁਸੀਂ ਕੁਝ ਖਾਸ ਫੂਡ ਆਇਟਮਜ਼, ਖਾਸ ਕਰਕੇ ਸੁੱਕੀਆਂ ਜਾਂ ਬਹੁਤ ਠੋਸ ਚੀਜ਼ਾਂ (ਜਿਵੇਂ ਕਿ ਬ੍ਰੈਡ, ਮੀਟ ਜਾਂ ਕੁਝ ਸਬਜ਼ੀਆਂ) ਨੂੰ ਖਾਣ ਤੋਂ ਬਚਦੇ ਹੋ, ਕਿਉਂਕਿ ਤੁਹਾਨੂੰ ਉਨ੍ਹਾਂ ਨੂੰ ਨਿਗਲਣ 'ਚ ਅਸੁਵਿਧਾ ਮਹਿਸੂਸ ਹੁੰਦੀ ਹੈ, ਤਾਂ ਇਹ ਫੂਡ ਪਾਈਪ 'ਚ ਸੋਜਿਸ਼ ਦਾ ਸੰਕੇਤ ਹੋ ਸਕਦਾ ਹੈ। ਤੁਹਾਡਾ ਸਰੀਰ ਉਨ੍ਹਾਂ ਚੀਜ਼ਾਂ ਨੂੰ ਖਾਣ ਤੋਂ ਬਚਦਾ ਹੈ ਜਿਨ੍ਹਾਂ ਨਾਲ ਉਸਨੂੰ ਤਕਲੀਫ਼ ਹੁੰਦੀ ਹੈ।

**ਲਾਪਰਵਾਹੀ ਪੈ ਸਕਦੀ ਹੈ ਭਾਰੀ-** ਡਾਕਟਰ ਸੇਠੀ ਅਨੁਸਾਰ, ਫੂਡ ਪਾਈਪ ਦੀ ਸੋਜਿਸ਼ ਨੂੰ ਨਜ਼ਰਅੰਦਾਜ਼ ਕਰਨਾ ਠੀਕ ਨਹੀਂ। ਜੇ ਇਸ ਦਾ ਸਮੇਂ 'ਤੇ ਇਲਾਜ ਨਾ ਕੀਤਾ ਜਾਵੇ ਤਾਂ ਇਹ ਸਮੱਸਿਆ ਵਧ ਸਕਦੀ ਹੈ ਤੇ ਕਈ ਹੋਰ ਸਮੱਸਿਆਵਾਂ ਨੂੰ ਜਨਮ ਦੇ ਸਕਦੀ ਹੈ, ਜਿਵੇਂ ਕਿ ਅਲਸਰ, ਖੂਨ ਆਉਣਾ ਜਾਂ ਨਿਗਲਣ 'ਚ ਮੁਸ਼ਕਲ। ਕੁਝ ਗੰਭੀਰ ਮਾਮਲਿਆਂ 'ਚ ਇਹ ਫੂਡ ਪਾਈਪ ਦੇ ਸੁੰਗੜਨ ਦਾ ਕਾਰਨ ਵੀ ਬਣ ਸਕਦਾ ਹੈ। ਜੇ ਤੁਸੀਂ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਮਹਿਸੂਸ ਕਰ ਰਹੇ ਹੋ, ਤਾਂ ਤੁਰੰਤ ਕਿਸੇ ਗੈਸਟ੍ਰੋਐਂਟਰੋਲੋਜਿਸਟ ਨਾਲ ਸੰਪਰਕ ਕਰੋ। ਉਹ ਸਹੀ ਡਾਇਗਨੋਜ਼ ਤੇ ਸਹੀ ਇਲਾਜ 'ਚ ਤੁਹਾਡੀ ਮਦਦ ਕਰ ਸਕਦੇ ਹਨ।

# ਦੰਦਾਂ ਦੀ ਝਰਨਾਹਟ ਦੂਰ ਕਰਨਗੇ ਦਾਦੀ-ਨਾਨੀ ਦੇ ਘਰੇਲੂ ਨੁਸਖੇ

ਕੀ ਤੁਹਾਨੂੰ ਠੰਢਾ-ਗਰਮ ਖਾਣ ਜਾਂ ਪੀਣ 'ਤੇ ਦੰਦਾਂ 'ਚ ਤੇਜ਼ ਝਰਨਾਹਟ ਮਹਿਸੂਸ ਹੁੰਦੀ ਹੈ? ਜੇ ਹਾਂ, ਤਾਂ ਇਹ ਸਮੱਸਿਆ ਅੱਜਕੱਲ੍ਹ ਕਾਫੀ ਆਮ ਹੈ ਅਤੇ ਇਸਨੂੰ ਅਕਸਰ ਦੰਦਾਂ ਦੀ ਸੰਵੇਦਨਸ਼ੀਲਤਾ ਕਿਹਾ ਜਾਂਦਾ ਹੈ। ਜਦੋਂ ਦੰਦਾਂ ਦੀ ਬਾਹਰੀ ਪਰਤ ਘਸ ਜਾਂਦੀ ਹੈ ਜਾਂ ਮਸੂੜੇ ਪਿੱਛੇ ਹਟਣ ਲੱਗਦੇ ਹਨ ਤਾਂ ਦੰਦਾਂ ਦੇ ਅੰਦਰੂਨੀ ਹਿੱਸੇ ਤਕ ਤਾਪਮਾਨ ਦਾ ਸਿੱਧਾ ਅਸਰ ਹੁੰਦਾ ਹੈ ਜਿਸ ਨਾਲ ਦਰਦ ਜਾਂ ਝਰਨਾਹਟ ਹੁੰਦੀ ਹੈ।

ਇਹ ਜਾਣਨਾ ਜ਼ਰੂਰੀ ਹੈ ਕਿ ਕੁਝ ਘਰੇਲੂ ਨੁਸਖੇ (Home Remeides For Senisitve Teeth) ਵੀ ਹਨ ਜੋ ਸਾਡੇ ਦਾਦੀ-ਨਾਨੀ ਦੇ ਸਮੇਂ ਤੋਂ ਚੱਲਦੇ ਆ ਰਹੇ ਹਨ ਅਤੇ ਦੰਦਾਂ ਦੀ ਝਰਨਾਹਟ ਘਟਾਉਣ 'ਚ ਮਦਦਗਾਰ ਸਾਬਿਤ ਹੋ ਸਕਦੇ ਹਨ। ਆਓ ਜਾਣੀਏ ਅਜਿਹੇ ਹੀ 5 ਅਸਰਦਾਰ ਘਰੇਲੂ ਉਪਾਵਾਂ ਬਾਰੇ

**ਲੌਂਗ ਦਾ ਤੇਲ-** ਲੌਂਗ ਦਾ ਤੇਲ ਦੰਦਾਂ ਦੇ ਦਰਦ ਤੇ ਸੰਵੇਦਨਸ਼ੀਲਤਾ ਲਈ ਸਦੀਆਂ ਤੋਂ ਵਰਤਿਆ ਜਾ ਰਿਹਾ ਹੈ। ਇਸ ਵਿਚ ਮੌਜੂਦ ਯੁਜੇਨੌਲ ਨਾਂ ਦਾ ਤੱਤ ਇਕ ਕੁਦਰਤੀ ਐਨੇਸਥੈਟਿਕ ਅਤੇ ਐਂਟੀ-ਇਨਫਲੇਮੇਟਰੀ ਗੁਣ ਰੱਖਦਾ ਹੈ।

ਕਿਵੇਂ ਇਸਤੇਮਾਲ ਕਰੀਏ ?

* ਇਕ ਰੂੰ ਦੇ ਛੋਟੇ ਟੁਕੜੇ 'ਤੇ ਲੌਂਗ ਦੇ ਤੇਲ ਦੀਆਂ ਕੁਝ ਬੂੰਦਾਂ ਪਾਓ।
* ਇਸਨੂੰ ਸਿੱਧਾ ਉਸ ਦੰਦ 'ਤੇ ਲਗਾਓ ਜਿੱਥੇ ਝਰਨਾਹਟ ਮਹਿਸੂਸ ਹੋ ਰਹੀ ਹੈ।
* ਕੁਝ ਮਿੰਟਾਂ ਲਈ ਲੱਗਾ ਰਹਿਣ ਦਿਓ। ਤੁਸੀਂ ਦਿਨ ਵਿਚ 2-3 ਵਾਰੀ ਇਸਨੂੰ ਦੁਹਰਾ ਸਕਦੇ ਹੋ।
* ਤੁਸੀਂ ਇਕ ਕੱਪ ਗਰਮ ਪਾਣੀ 'ਚ 2-3 ਬੂੰਦਾਂ ਲੌਂਗ ਦਾ ਤੇਲ ਪਾ ਕੇ ਚੂਲੀ ਵੀ ਕਰ ਸਕਦੇ ਹੋ।

**ਨਮਕ ਦਾ ਪਾਣੀ-** ਨਮਕ ਦਾ ਪਾਣੀ ਮੂੰਹ ਦੇ ਬੈਕਟੀਰੀਆ ਨੂੰ ਘਟਾਉਣ ਤੇ ਸੋਜਿਸ਼ ਨੂੰ ਸ਼ਾਂਤ ਕਰਨ 'ਚ ਮਦਦ ਕਰਦਾ ਹੈ। ਇਹ ਸੰਵੇਦਨਸ਼ੀਲਤਾ ਨੂੰ ਘਟਾਉਣ 'ਚ ਵੀ ਮਦਦਗਾਰ ਹੈ।

**ਕਿਵੇਂ ਇਸਤੇਮਾਲ ਕਰੀਏ?**

* ਇਕ ਗਲਾਸ ਕੋਸੇ ਪਾਣੀ 'ਚ ਅੱਧਾ ਚਮਚ ਨਮਕ ਮਿਲਾਓ।
* ਇਸ ਪਾਣੀ ਨਾਲ ਦਿਨ ਵਿਚ 2-3 ਵਾਰੀ ਕੁੱਲਾ ਕਰੋ, ਖਾਸ ਕਰਕੇ ਖਾਣੇ ਤੋਂ ਬਾਅਦ।
* ਇਸਨੂੰ ਘੱਟੋ-ਘੱਟ 30 ਸਕਿੰਟ ਤਕ ਮੂੰਹ 'ਚ ਰੱਖੋ ਅਤੇ ਫਿਰ ਥੁੱਕ ਦਿਉ।

**ਲਸਣ-** ਲਸਣ ਆਪਣੇ ਸ਼ਕਤੀਸ਼ਾਲੀ ਐਂਟੀਬਾਇਓਟਿਕ ਤੇ ਦਰਦ ਨਿਵਾਰਕ ਗੁਣਾਂ ਲਈ ਜਾਣਿਆ ਜਾਂਦਾ ਹੈ। ਇਹ ਦੰਦਾਂ ਦੀ ਝਰਨਾਹਟ ਪੈਦਾ ਕਰਨ ਵਾਲੇ ਬੈਕਟੀਰੀਆ ਨਾਲ ਲੜਨ ਵਿਚ ਮਦਦ ਕਰ ਸਕਦਾ ਹੈ।

**ਕਿਵੇਂ ਇਸਤੇਮਾਲ ਕਰੀਏ?-** * ਲਸਣ ਦੀ ਇਕ ਕਲੀ ਨੂੰ ਪੀਸ ਕੇ ਇਸ ਵਿਚ ਥੋੜ੍ਹਾ ਨਮਕ ਜਾਂ ਪਾਣੀ ਮਿਲਾ ਕੇ ਪੇਸਟ ਬਣਾਓ।

* ਇਸ ਪੇਸਟ ਨੂੰ ਸਿੱਧਾ ਦੰਦਾਂ 'ਤੇ ਲਗਾਓ।
* ਕੁਝ ਮਿੰਟਾਂ ਲਈ ਲੱਗਾ ਰਹਿਣ ਦਿਉ ਤੇ ਫਿਰ ਕੋਸੇ ਪਾਣੀ ਨਾਲ ਕੁੱਲਾ ਕਰ ਲਓ।
* ਇਸਨੂੰ ਦਿਨ ਵਿਚ ਇਕ ਜਾਂ ਦੋ ਵਾਰੀ ਕਰੋ।

**ਅਮਰੂਦ ਦੇ ਪੱਤੇ-** ਅਮਰੂਦ ਦੇ ਪੱਤੇ ਆਪਣੇ ਐਂਟੀ-ਇੰਫਲਾਮੇਟਰੀ ਅਤੇ ਦਰਦ ਨਿਵਾਰਕ ਗੁਣਾਂ ਲਈ ਜਾਣੇ ਜਾਂਦੇ ਹਨ। ਇਹ ਦੰਦਾਂ ਅਤੇ ਮਸੂੜਿਆਂ ਦੀ ਸੋਜਿਸ਼ ਘਟਾਉਣ 'ਚ ਮਦਦ ਕਰਦੇ ਹਨ, ਜਿਸ ਨਾਲ ਝਰਨਾਹਟ ਤੋਂ ਰਾਹਤ ਮਿਲ ਸਕਦੀ ਹੈ।



**ਕਿਵੇਂ ਇਸਤੇਮਾਲ ਕਰੀਏ**

* ਕੁਝ ਤਾਜ਼ਾ ਅਮਰੂਦ ਦੇ ਪੱਤੇ ਲੈ ਕੇ ਉਨ੍ਹਾਂ ਨੂੰ ਧੋ ਲਓ।
* ਪੱਤਿਆਂ ਨੂੰ ਕੁਝ ਮਿੰਟ ਚਬਾਓ ਤਾਂ ਜੋ ਉਸ ਦਾ ਰਸ ਪ੍ਰਭਾਵਿਤ ਜਗ੍ਹਾ ਤਕ ਪਹੁੰਚ ਜਾਵੇ।
* ਤੁਸੀਂ ਪੱਤਿਆਂ ਨੂੰ ਪਾਣੀ 'ਚ ਉਬਾਲ ਕੇ ਵੀ ਕੁੱਲਾ ਕਰ ਸਕਦੇ ਹੋ। ਪਾਣੀ ਠੰਢਾ ਹੋਣ 'ਤੇ ਇਸ ਨਾਲ ਕੁੱਲਾ ਕਰੋ।

**ਸਰ੍ਹੋਂ ਦਾ ਤੇਲ ਤੇ ਸੇਂਧਾ ਨਮਕ**

ਸਰ੍ਹੋਂ ਦਾ ਤੇਲ ਤੇ ਸੇਂਧਾ ਨਮਕ ਦਾ ਮਿਸ਼ਰਨ ਮਸੂੜਿਆਂ ਨੂੰ ਮਜ਼ਬੂਤ ਕਰਨ ਤੇ ਦੰਦਾਂ ਦੀਆਂ ਜੜ੍ਹਾਂ ਨੂੰ ਸਹਾਰਾ ਦੇਣ 'ਚ ਮਦਦ ਕਰਦਾ ਹੈ ਜਿਸ ਨਾਲ ਸੰਵੇਦਨਸ਼ੀਲਤਾ ਦੀ ਸਮੱਸਿਆ ਘਟਦੀ ਹੈ।

**ਕਿਵੇਂ ਇਸਤੇਮਾਲ ਕਰੀਏ?**

* ਇਕ ਚਮਚ ਸਰ੍ਹੋਂ ਦੇ ਤੇਲ 'ਚ ਅੱਧਾ ਚਮਚ ਸੇਂਧਾ ਨਮਕ ਮਿਲਾਓ।
* ਇਸ ਮਿਸ਼ਰਨ ਨਾਲ ਆਪਣੀ ਉਂਗਲ ਦੀ ਮਦਦ ਨਾਲ ਹੌਲੀ-ਹੌਲੀ ਮਸੂੜਿਆਂ ਤੇ ਦੰਦਾਂ ਦੀ ਮਾਲਿਸ਼ ਕਰੋ।
* ਕੁਝ ਮਿੰਟ ਮਾਲਿਸ਼ ਕਰਨ ਤੋਂ ਬਾਅਦ ਕੋਸੇ ਪਾਣੀ ਨਾਲ ਕੁੱਲਾ ਕਰ ਲਓ।
* ਇਹ ਨੁਸਖਾ ਦਿਨ ਵਿਚ ਇਕ ਵਾਰੀ ਇਸਤੇਮਾਲ ਕੀਤਾ ਜਾ ਸਕਦਾ ਹੈ।

ਇਹ ਘਰੇਲੂ ਨੁਸਖੇ ਦੰਦਾਂ ਦੀ ਝਨਝਨਾਹਟ ਤੋਂ ਤੁਰੰਤ ਰਾਹਤ ਦੇਣ 'ਚ ਮਦਦ ਕਰ ਸਕਦੇ ਹਨ, ਪਰ ਜੇਕਰ ਸਮੱਸਿਆ ਜਾਰੀ ਰਹਿੰਦੀ ਹੈ ਜਾਂ ਗੰਭੀਰ ਹੈ ਤਾਂ ਡੈਂਟਿਸਟ ਨਾਲ ਸਲਾਹ-ਮਸ਼ਵਰਾ ਕਰਨਾ ਬਹੁਤ ਜ਼ਰੂਰੀ ਹੈ।



ASSOCIATION OF INDO AMERICANS
Consulate General of India
CITY OF SAN JOSE CAPITAL OF SILICON VALLEY
SAN JOSE DOWNTOWN ASSOCIATION
BOLLY 92.3FM
ASSOCIATION OF INDO AMERICANS
BOLLY 92.3FM
Invite You To
Independence Day Celebrations
Flag Hoisting & Largest Flag Walk
Free Historic India Parade in Downtown San jose
Swades
CELEBRATE INDIA
UNDER THE STARS
NIGHT MARKET
Vijay Bharath
Night Bazaar 100+ Vendor Booths
Fashion Show for Kids & Youth
DJ Night
Bollywood Open Air Concert
Saturday August 9th, 2025
1:00pm to 10:30pm
Discovery Meadow, San Jose
180 Woz Way, San Jose 95110
WWW.AIAEVENTS.ORG
Grand Sponsor
Sanjiv Gupta certified public accountant
Platinum Sponsor
LAVANYA DUVVI REALTOR & LOAN AGENT
Powered By
Nagaraj Annaiah
Travel Partner
Travelopod Flights Lower Than Online
in association with
SUPERVISOR DAVID HAUBERT DISTRICT 1
Streaming Partner
Z5
Silver Sponsors
InstaService
mypursu
Azad
Vachi Silks
CHAAT BHAVAN
PAKKA LOCAL
Cakes & Bakes
RajaRani
/aiaevents.org
/aia.events
/AIA_Events
/@aia.events
Paid by Raj Bhanot